ਛੱਬੀਵਾਂ ਸਾਲ

# ਵਰਿਆਮ

ਦਸੰਬਰ, ੨੦੦੦




Sri Satguru Jagjit Singh Ji eLibrary NamdhariElibrary@gmail.com



ਪ੍ਰਸਿੱਧ ਸੰਗੀਤਕਾਰ ਉਸਤਾਦ ਹਰਭਜਨ ਸਿੰਘ
ਅਤੇ ਬੀਬੀ ਸੁਰਿੰਦਰ ਕੌਰ ਦੀ ਸਪੁੱਤਰੀ

# ਪਵਨਜੀਤ ਕੌਰ

ਅਤੇ

# ਕੁਲਦੀਪ ਸਿੰਘ ਉਭੀ

ਸਪੁੱਤਰ ਸ. ਕੁਲਵੰਤ ਸਿੰਘ ਉਭੀ ਅਤੇ ਸ੍ਰੀਮਤੀ ਰਾਜਿੰਦਰ ਕੌਰ
ਬਰਮਿੰਘਮ,ਇੰਗਲੈਂਡ ਨਿਵਾਸੀ
ਦਾ ਸ਼ੁਭ ਅਨੰਦ ਕਾਰਜ ਮਿਤੀ 16 ਅਕਤੂਬਰ, 2000
ਨੂੰ ਸ੍ਰੀ ਭੈਣੀ ਸਾਹਿਬ ਜੱਪ ਪਰਯੋਗ ਮੇਲੇ ਸਮੇਂ ਸ਼੍ਰੀ ਸਤਿਗੁਰੂ
ਜਗਜੀਤ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਹੋਇਆ

Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਵਰਿਆਮ

ਦਸੰਬਰ ੨੦੦੦
ਜਿਲਦ-੨੯
ਅੰਕ ੨

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'

ਦਫਤਰ ਦਾ ਪਤਾ:
ਮਾਸਿਕ ਵਰਿਆਮ
ਲਾਡੋਵਾਲੀ ਰੋਡ
ਸਾਹਮਣੇ ਸੈਂਟਰਲ ਟਾਊਨ
ਜਲੰਧਰ- ੧੪੪੦੦੧

ਫੋਨ-ਦਫਤਰ : ੨੨੨੫੪੩
ਘਰ : ੫੬੨੮੯

Office Address :
Monthly WARIAM
(Punjabi)
Ladowali Road.
Opp. Central Town,
Jalandhar-144001
Ph.:222543 (O)
56289 (R)

## ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੦-੦੦ ਰੁਪਏ |
| ਸਾਲਾਨਾ ਚੰਦਾ | ੧੦੦-੦੦ ਰੁਪਏ |
| ਤਿੰਨ ਸਾਲ ਵਾਸਤੇ | ੨੫੦-੦੦ ਰੁਪਏ |
| ਪੰਜ ਸਾਲ ਵਾਸਤੇ | ੪੦੦-੦੦ ਰੁਪਏ |
| ਜੀਵਨ ਮੈਂਬਰ | ੧੦੦੦-੦੦ ਰੁਪਏ |

ਵਿਦੇਸ਼ ਹਵਾਈ ਡਾਕ (ਇਕ ਸਾਲ) ੨੦ ਪੌਂਡ, ੩੦ ਡਾਲਰ
ਚੈਕ ਡਰਾਫਟ Monthly Wariam ਦੇ ਨਾਂਅ ਤੇ ਹੀ ਭੇਜੇ ਜਾਣ।

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ

ਸੰਪਾਦਕੀ-*ਜਗਦੀਸ਼ ਸਿੰਘ* ---------------- ੨
ਤੇਰੇ ਝੋਨੇ ਦੇ ਦਾਣਿਆਂ ਤੇ ਦਾਗ ਨੇ-*ਸੁਰਜੀਤ ਪਾਤਰ* -- ੩
ਵਾਤਾਵਰਣ ਤੇ ਸਿਹਤ—*ਡਾ. ਨਿਰਮਲ ਸਿੰਘ* --- ੫
ਪੰਜਾਬੀ ਕਿਸਾਨ ਦੀ ਵੇਦਨਾ—*ਜਾਵੇਦ ਕਿਰਦਾਰ* - ੮
ਦਰਦ ਨਾ ਜਾਣੈ ਕੋਇ (ਕਹਾਣੀ)-*ਤਰਲੋਕ ਮਨਸੂਰ* - ੯
ਲੋੜ ਹੈ ਅੱਜ ਸਿੱਖੀ ਕਿਰਦਾਰ ਦੀ-*ਡਾ. ਅਜੀਤ ਸਿੰਘ* - ੧੩
ਸਮੱਸਿਆਵਾਂ ਖੜੀਆਂ ਕਿਸ ਤੋਂ ਕੌਣ ਕਰੇ ਸਮਾਧਾਨ -*ਕ੍ਰਿਸ਼ਨ ਲਾਲ ਪਰਵਾਨਾ* -- ੧੯
ਚਾਰ ਟੁਕੜੀਆਂ (ਕਵਿਤਾਵਾਂ)-*ਨੀਲਮ ਸੰਜੀਵ* -- ੨੧
ਦੋ ਗ਼ਜ਼ਲਾਂ-*ਮਹਾਂਬੀਰ ਸਿੰਘ ਦਰਦੀ* --------- ੨੨
ਦੋ ਗ਼ਜ਼ਲਾਂ -*ਕਰਤਾਰ ਸਿੰਘ ਕਾਲੜਾ* -------- ੨੨
ਗ਼ਜ਼ਲ -*ਮਲਕੀਤ ਮੀਤ* ---------------- ੨੩
ਮਾਂ - *ਚਰਨ ਸੀਚੇਵਾਲਵੀ* --------------- ੨੩
ਪ੍ਰੀਤਮ ਸਿੰਘ ਕਵੀ ਮਾਣ ਪੱਤਰ ---------------- ੨੪
ਪ੍ਰੀਤਮ ਸਿੰਘ ਕਵੀ -*ਅਜੀਤ ਸਿੰਘ ਲਾਇਲ* --- ੨੫
ਪ੍ਰਿੰਸੀਪਲ ਬੇਅੰਤ ਕੌਰ ਦੇ ਰਚਨਾ ਸੰਸਾਰ ਤੇ
ਇਕ ਪੰਛੀ ਝਾਤ - *ਸੁਵਰਨ ਸਿੰਘ ਵਿਰਕ* ----- ੨੭
ਦਖਣੀ ਅਫ਼ਰੀਕਾ ਦੀ ਯਾਤਰਾ-*ਜਗਦੀਸ਼ ਸਿੰਘ* - ੩੭
ਖ਼ਬਰਨਾਮਾ -------------------------------- ੪੧
ਪ੍ਰਤਿਕਿਰਿਆ ------------------------------ ੪੫

## ਮੁਖ ਪੰਨੇ ਦਾ ਚਿੱਤਰ

ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸੰਗਤਾਂ ਦਾ ਦ੍ਰਿਸ਼ ਸੁਖਵੰਤ ਸਿੰਘ ਆਰਟਿਸਟ ਦਾ ਡੀਜ਼ਾਈਨ ਕੀਤਾ ਹੈ। ਤਸਵੀਰਾਂ ਐਸ. ਐਚ. ਆਰ ਸਿੰਘ ਵਲੋਂ ਪ੍ਰਾਪਤ ਹੋਈਆਂ ਹਨ।



Sri Satguru Jagjit Singh Ji eLibrary NamdhariElibrary@gmail.com

https://archive.org/details/namdhari

## ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ ਨੋਟ

ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਹਾਨ ਉਪਕਾਰੀ ਸ਼ਖਸੀਅਤ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਵਾਸਤੇ ਇਕ ਅੱਰਬ ਦੇ ਖਰਚੇ ਵਾਲਾ ਇਕ ਹਸਪਤਾਲ ਅਪੋਲੋ ਵਾਲਿਆਂ ਦੀ ਮਿਲਵਰਤਨ ਨਾਲ ਲੁਧਿਆਣਾ ਵਿਚ ਬਣ ਰਿਹਾ ਹੈ। ਨਾਮਧਾਰੀ ਸ਼ਰਧਾਲੂਆਂ ਦੇ ਮਾਇਕ ਉੱਦਮ ਨਾਲ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਛੱਤਰ ਛਾਇਆ ਹੇਠ ਐਸ. ਜੇ. ਐਸ ਹੋਲਡਿੰਗ ਨਾਮੀ ਸੰਸਥਾ ਦੇ ਬੈਨਰ ਹੇਠ ਇਸ ਦੇਸ਼ ਦੇ ਅਤਿ ਉਤਮ ਹਸਪਤਾਲ ਦਾ ਨੀਂਹ ਪੱਥਰ ਰਖਿਆ ਜਾ ਚੁੱਕਾ ਹੈ। ਇਸ ਅਵਸਰ ਵਾਸਤੇ ਇਕ ਵਿਸ਼ਾਲ ਸਮਾਗਮ ਲੁਧਿਆਣਾ ਸ਼ਹਿਰ ਵਿਚ ਹੋਇਆ ਹੈ। ਨੀਂਹ ਪੱਥਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਾਵਨ ਕਰ ਕਮਲਾਂ ਦੁਆਰਾ ਰਖਿਆ ਗਿਆ ਅਤੇ ਸਮਾਗਮ ਦੀ ਪ੍ਰਧਾਨਗੀ ਕੀਤੀ ਪੰਜਾਬ ਦੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਨੇ। ਮੁਖ ਮਹਿਮਾਨ ਸਨ ਭਾਰਤ ਸਰਕਾਰ ਦੇ ਗ੍ਰਹਿ ਮੰਤਰੀ ਸ੍ਰੀ ਲਾਲ ਕ੍ਰਿਸ਼ਨ ਐਡਵਾਨੀ ਜੀ ਅਤੇ ਵਿਸ਼ੇਸ਼ ਪ੍ਰਾਹੁਣੇ ਸਨ ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਡਾ. ਫਾਰੂਖ ਅਬਦੁਲਾ।

ਅਸੀਂ ਸਮਝਦੇ ਹਾਂ ਕਿ ਸਤਿਗੁਰੂ ਜਗਜੀਤ ਸਿੰਘ ਜੀ ਦੇ ਰਾਜ ਕਾਲ ਵਿਚ ਜਿਥੇ ਵਿਕਾਸ ਸਰਗਰਮੀਆਂ ਦਾ ਹੜ, ਆਇਆ ਹੋਇਆ ਹੈ ਉਥੇ ਇਸ ਹਸਪਤਾਲ ਦੀ ਸਥਾਪਤੀ ਇਕ ਚਾਨਣ ਮੁਨਾਰੇ ਵਾਂਗ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਨੂੰ ਤਾਂ ਇਹ ਹਸਪਤਾਲ ਚਿਰ ਸਥਾਈ ਬਣਾਏਗਾ ਹੀ ਨਾਲ ਪੰਜਾਬ ਅਤੇ ਆਲੇ ਦੁਆਲੇ ਦੇ ਲੋਕਾਂ ਦੀ ਸਿਹਤ ਦੀਆਂ ਲੋੜਾਂ ਵੀ ਪੂਰਾ ਕਰੇਗਾ। ਆਸ ਕਰਨੀ ਚਾਹੀਦੀ ਹੈ ਕਿ ਜਿਥੇ ਡਾਕਟਰੀ ਇਲਾਜ ਬਹੁਤ ਖਰਚੀਲੇ ਹੋ ਗਏ ਹਨ, ਗਰੀਬ ਲੋਕਾਂ ਦੇ ਇਲਾਜ ਵਾਸਤੇ ਵੀ ਇਥੇ ਸਹੂਲਤ ਹੋਵੇਗੀ।

## ਕਿਸਾਨਾਂ ਦੀਆਂ ਮੁਸ਼ਕਲਾ

ਦੇਸ਼ ਵਿਚ ਕਿਰਸਾਨੀ ਮਸਲਿਆਂ ਨੂੰ ਲੈ ਕੇ ਬਹੁਤ ਬੇਚੈਨੀ ਹੈ। ਪਾਰਲੀਮੈਂਟ ਵਿਚ ਵੀ ਕੰਮ ਰੋਕੂ ਮਤੇ ਪੇਸ਼ ਹੋ ਰਹੇ ਹਨ। ਉਂਝ ਅਫਸੋਸ ਦੀ ਗਲ ਹੈ ਕਿ ਇਸ ਮਸਲੇ ਤੇ ਵੀ ਸਿਆਸਤ ਨੂੰ ਹੀ ਮੁਖ ਰਖਿਆ ਜਾ ਰਿਹਾ ਹੈ। ਇਹ ਇਸ ਮਸਲੇ ਬਾਰੇ ਸਿਆਸਤਦਾਨੀ ਪਹੁੰਚ ਦਾ ਸਿੱਟਾ ਹੈ। ਪੰਜਾਬ ਕਿਰਸਾਨੀ ਸੂਬਾ ਹੈ। ਬਹੁਤ ਮਿਹਨਤ ਕਰਕੇ ਪੰਜਾਬ ਦੇ ਖੇਤੀ ਕਾਮਿਆਂ ਨੇ ਇਥੇ ਹਰਾ ਇਨਕਲਾਬ ਲਿਆਂਦਾ ਅਤੇ ਪੰਜਾਬ ਨੇ ਏਨਾ ਅਨਾਜ ਪੈਦਾ ਕੀਤਾ ਕਿ ਸਾਰੇ ਦੇਸ਼ ਦਾ ਢਿਡ ਭਰਨ ਲਗਾ। ਪੰਜਾਬ ਖੇਤੀ ਬਾੜੀ ਯੂਨੀਵਰਸਿਟੀ ਲੁਧਿਆਣਾ ਨੇ ਇਸ ਕਾਰਜ ਵਿਚ ਬਹੁਤ ਅਗਵਾਈ ਕੀਤੀ। ਹੁਣ ਇਹ ਇਨਕਲਾਬ ਹੀ ਕਿਸਾਨ ਦੀ ਜਾਨ ਦਾ ਖਓ ਬਣ ਗਿਆ ਹੈ। ਕਿਸਾਨ ਦੇ ਝੋਨੇ ਨੂੰ ਦਾਗਦਾਰ ਗਰਦਾਨਿਆ ਗਿਆ ਹੈ ਅਤੇ ਸਰਕਾਰੀ ਏਜੰਸੀਆਂ ਲੈ ਤੋਂ ਇਨਕਾਰੀ ਹਨ। ਕਿਸਾਨ ਖੁਦਕਸ਼ੀਆਂ ਕਰਨ ਲਈ ਮਜਬੂਰ ਹਨ। ਭਾਵੇਂ ਮੁਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਕੇਂਦਰ ਸਰਕਾਰ ਤੋਂ ਕੁਝ ਰਾਹਤ ਲੈਣ ਵਿਚ ਕਾਮਯਾਬ ਹੋ ਗਏ ਹਨ ਪਰ ਇਹ ਤਾਂ ਕਿਸਾਨ ਦੀ ਖੁਦਕਾਰੀ ਉਤੇ ਸੱਟ ਹੈ। ਬਣਦਾ ਹੱਕ ਨਾ ਦੇ ਕੇ ਭੀਖ ਦੇਣੀ। ਨਾਲੇ ਅਗੋਂ ਕੀ ਹੋਵੇਗਾ ਪੰਜਾਬ ਦੇ ਵਾਧੂ ਅੰਨ ਨਾਲ। ਇਹ ਬਹੁਤ ਪੇਚੀਦਾ ਮਸਲਾ ਬਣ ਗਿਆ ਹੈ। "ਪੰਜ ਦਰਿਆ" ਰਸਾਲੇ ਵਿਚ ਪੰਜਾਬ ਦੇ ਪਰਸਿਧ ਸ਼ਾਇਰ ਸੁਰਜੀਤ ਪਾਤਰ ਦੀ ਇਕ ਕਵਿਤਾ ਛੱਪੀ ਹੈ ਜੋ ਥੋਹੜੇ ਸ਼ਬਦਾਂ ਵਿਚ ਬੁਹਤੀ ਗਲ ਕਰਦੀ ਹੈ। ਅਸੀਂ ਵਰਿਆਮ ਦੇ ਕਾਲਮਾ ਵਿਚ ਦੁਬਾਰਾ ਛਾਪੀ ਹੈ ਜੋ ਇਸ ਵੇਲੇ ਕਿਸਾਨ ਦੀ ਵੇਦਨਾ ਨੂੰ ਪ੍ਰਗਟ ਕਰਦੀ ਹੈ। ਦੇਸ਼ ਵਾਸਤੇ ਰੋਟੀ ਪੈਦਾ ਕਰਨ ਵਾਲੇ ਦਾ ਏਨਾ ਮਾੜਾ ਹਾਲ ਹੋਵੇ ਤਾਂ ਉਸ ਦੇਸ਼ ਦਾ ਕੀ ਬਣੇਗਾ।

## ਮੇਲਾ ਗਦਰੀ ਬਾਬਿਆਂ ਦਾ

ਪੰਜਾਬ ਵਿਚ ਨਿਤ ਲਗਦੇ ਸਭਿਆਚਾਰਕ ਮੇਲਿਆਂ ਦੀ ਭੀੜ ਤੋਂ ਇਵੇਂ ਪ੍ਰਤੀਤ ਹੁੰਦਾ ਹੈ ਕਿ ਪੰਜਾਬ ਵਿਚ ਬਹਾਰਾਂ ਹੀ ਬਹਾਰਾਂ ਹਨ ਕੋਈ ਸਮੱਸਿਆ ਨਹੀਂ ਗਾਓ ਨੱਚੋ ਅਤੇ ਮੌਜਮੇਲਾ ਕਰੋ। ਸਭਿਆਚਾਰਕ ਇਨਕਲਾਬ ਬਹੁਤ ਵਡੇ ਵਪਾਰ ਦਾ ਰੂਪ ਧਾਰਨ ਕਰ ਚੁੱਕਾ ਹੈ। ਅਜਿਹੇ ਮਾਹੌਲ ਵਿਚ ਦੇਸ਼ ਭਗਤ ਯਾਦਗਾਰ ਕੰਪਲੈਕਸ ਵਿਚ ਹੋਣ ਵਾਲਾ ਗਦਰੀ ਬਾਬਿਆਂ ਦਾ ਮੇਲਾ ਪਰਦੂਸ਼ਤ ਮਾਹੌਲ ਵਿਚ ਇਕ ਤਾਜ਼ੀ ਹਵਾ ਦੇ ਬੁਲੇ ਵਾਂਗ ਹੈ। ਇਸ ਵਾਰ ਸ਼ਹੀਦ ਭਗਤ ਸਿੰਘ ਨੂੰ ਸਮਰਪਿਤ ਇਸ ਮੇਲੇ ਵਿਚ ਸੈਮੀਨਾਰ ਹੋਏ, ਨੌਜਵਾਨਾਂ ਦੇ ਗਾਇਣ ਮੁਕਾਬਲੇ ਵੀ ਹੋਏ, ਪੇਂਟਿੰਗ, ਕੁਇਜ਼, ਕਵੀ ਦਰਬਾਰ ਗੀਤ ਸੰਗੀਤ ਡਰਾਮਿਆਂ ਤੋਂ ਇਲਾਵਾਂ ਬਾਬਿਆਂ ਦੀਆਂ ਦਿਲ ਟੁੰਬਾਊ ਤਕਰੀਰਾਂ ਵੀ ਹੋਈਆਂ। ਸਾਫ ਸੁਥਰੀ ਗਾਇਕੀ, ਮਨਮੋਹਣਾ ਸੰਗੀਤ (ਕਲਾਸਕੀ ਵੀ, ਲੋਕ ਸੰਗੀਤ ਵੀ ਅਤੇ ਦੇਸ਼ ਭਗਤੀ ਨਾਲ ਲਬਾਲਬ ਵੀ) ਸੁਣ ਕੇ ਸ੍ਰੋਤੇ ਆਪਣੇ ਵਿਚ ਕੁਝ ਨਵਾਂ ਨਰੋਆ ਆਇਆ ਮਹਿਸੂਸ ਕਰਦੇ ਸਨ। ਡਰਾਮਿਆਂ ਵਿਚ ਆਈ ਰਿਕਾਰਡ ਤੋੜ ਭੀੜ ਇਹ ਸਾਬਤ ਕਰਦੀ ਸੀ ਕਿ ਪੰਜਾਬੀਆਂ ਦਾ ਅਜੇ ਵੀ ਸਰੋਕਾਰ ਸਾਰਥਕ ਕਲਾ ਨਾਲ ਹੈ। ਗਦਰੀ ਬਾਬਿਆਂ ਦੇ ਮੇਲੇ ਨੇ ਪੰਜਾਬ ਦੇ ਲੋਕਾਂ ਨੂੰ ਐਸ਼ ਵਿਚ ਰੁੜ ਜਾਣ ਦੇ ਰੁਝਾਣ ਨੂੰ ਠੇਲ ਪਾਈ ਹੈ।

—ਜਗਜੀਤ ਸਿੰਘ



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਤੇਰੇ ਝੋਨੇ ਦੇ ਦਾਣਿਆਂ ਤੇ ਦਾਗ ਨੇ

—ਸੁਰਜੀਤ ਪਾਤਰ

ਦੇਸ਼ ਦੇ ਅੰਨਦਾਤੇ ਵਜੋਂ ਜਾਣੇ ਜਾਂਦੇ ਪੰਜਾਬ ਦੇ ਕਿਸਾਨ ਦੀ ਅੱਖ ਉਦਾਸ ਹੈ। ਉਹਦੇ ਪਸੀਨੇ ਦੀਆਂ ਬੂੰਦਾਂ ਦੀ ਸੁੱਚਮਤਾ ਤੇ ਸ਼ੱਕ ਕੀਤਾ ਜਾ ਰਿਹਾ ਹੈ। ਐਫ.ਸੀ.ਆਈ. ਦਾ ਚੇਅਰਮੈਨ ਭੂਰੇ ਲਾ.. ਆਖ ਰਿਹਾ ਹੈ ਕਿ ਪੰਜਾਬ ਦਾ ਝੋਨਾ ਖਾਣ ਦੇ ਕਾਬਲ ਹੀ ਨਹੀਂ ਹੈ। ਪੰਜਾਬ ਦੇ ਝੋਨੇ ਵਿਚ ਡਿਸਕਲਰ ਅਤੇ ਨਮੀ ਦੀ ਮਿਕਦਾਰ ਦੱਸੀਆਂ ਸਪੈਸੀਫਿਕੇਸ਼ਨਜ਼ ਨਾਲੋਂ ਕਾਫੀ ਵੱਧ ਹਨ। ਕਿਸਾਨਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੁਆਰਾ ਸਿਫਾਰਿਸ਼ ਕੀਤੀ ਪੀ.ਆਰ. ੧੧੪ ਕਿਸਮ ਹੀ ਬੀਜੀ ਸੀ ਅਤੇ ਯੂਨੀਵਰਸਿਟੀ ਦੁਆਰਾ ਸਿਫਾਰਿਸ਼ ਕੀਤੇ ਸ਼ਡਿਊਲ ਮੁਤਾਬਕ ਹੀ ਪਾਣੀ ਦੁਆਈਆਂ ਦੀ ਵਰਤੋਂ ਕੀਤੀ ਹੈ। ਫੇਰ ਜੇ ਝੋਨੇ ਵਿਚ ਡਿਸਕਲਰਿੰਗ ਆਉਂਦੀ ਹੈ ਤਾਂ ਇਸ ਵਿਚ ਉਨ੍ਹਾਂ ਦਾ ਕੀ ਕਸੂਰ ਹੈ। ਪੰਜਾਬ ਦੇ ਮਕਬੂਲ ਸ਼ਾਇਰ ਸੁਰਜੀਤ ਪਾਤਰ ਨੇ ਕਿਸਾਨਾਂ ਦੀਆਂ ਇਨ੍ਹਾਂ ਭਾਵਨਾਵਾਂ ਨੂੰ ਬਹੁਤ ਹੀ ਖ਼ੂਬਸੂਰਤ ਢੰਗ ਨਾਲ ਇਸ ਕਵਿਤਾ ਵਿਚ ਬਿਆਨ ਕੀਤਾ ਹੈ-

ਭੂਰੇ ਲਾਲ ਆਖਦਾ ਏ :
ਤੇਰੇ ਝੋਨੇ ਦੇ ਦਾਣਿਆਂ 'ਤੇ ਦਾਗ਼ ਨੇ

ਹਾਂ ਭੂਰੇ ਲਾਲ
ਹਰੇ ਕੇਸਰੀ ਚਿੱਟੇ ਪੀਲੇ
ਲੀਡਰ, ਅਫ਼ਸਰ, ਸਾਇੰਸਦਾਨ, ਮਾਹਿਰ
ਤੁਸੀਂ ਸਭ ਬੇਦਾਗ਼ ਹੋ

ਤੁਹਾਡੇ ਗੈਟ ਸਮਝੌਤੇ, ਸਿਫ਼ਾਰਿਸ਼ਾਂ,
ਖ਼ਾਦਾਂ, ਬੀਜ, ਕੀਟ ਨਾਸ਼ਕ
ਸਭ ਬੇਦਾਗ਼ ਨੇ

ਸਿਰਫ਼ ਮੇਰੇ ਹੀ ਝੋਨੇ ਦੇ ਦਾਣਿਆਂ ਉੱਤੇ
ਦਾਗ ਨੇ

ਸਿਫ਼ਾਰਿਸ਼ਾਂ ਮਾਹਿਰਾਂ ਦੀਆਂ
ਬੀਜ ਸਰਕਾਰ ਦੇ
ਮੌਸਮ ਰੱਬ ਦਾ
ਦਾਗ਼ ਮੇਰੇ

ਲਗਦਾ ਹੈ ਹੁਣ ਮੈਂ
ਖੇਤਾਂ ਵ੍ਹਿਚ ਜੋ ਵੀ ਉਗਾਇਆ ਕਰਾਂਗਾ
ਉਸ ਉਤੇ ਦਾਗ਼ ਹੋਇਆ ਕਰਨਗੇ

ਕਿਉਂਕਿ ਜੇ ਇਹ ਦਾਗ਼ ਨਾ ਹੋਏ
ਤਾਂ ਤੁਸੀਂ ਬੇਦਾਗ਼ ਕਿਵੇਂ ਸਾਬਤ ਹੋਵੋਂਗੇ।



Sri Satguru Jagjit Singh Ji eLibrary NamdhariElibrary@gmail.com

https://archive.org/details/namdhari


੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਬੀ.ਬੀ.ਐਲ ਫੂਡਜ਼ ਪ੍ਰਾਈਵੇਟ ਲਿਮਟਡ

ਸੰਤੋਸ਼ ਨਗਰ 'X' ਰੋਡਜ਼, ਹੈਦਰਾਬਾਦ-500 059

- ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ਵੈਫਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ

ਹਿੰਦੋਸਤਾਨ ਦੀ ਪਹਿਲੀ ਕੰਪਨੀ

BBL

FOODS PVT. LTD.

*Pinoneer Manufacturer in India of*

- *Automatic machines for producing Biscuits*
- *Automatic machines for producing Wafers*

*and*

*Makers of High quality Biscuits*

## *BBL Foods Pvt. LTD.*

*Santosh nagar (X) Roads, Hyderabad-500 059 India*

**Ph.:— +91-40-4530680, 82,84** **Fax:— +91-40-4530475**

***E-mail: amber @hd1. vsnl. net. in***

**Balvinder Pal Singh**
*Manging Director*

**Lakhbir Singh Muchhal** *Director*
**Bakhshish Singh Muchhal** *Director*




Sri Satguru Jagjit Singh Ji eLibrary NamdhariElibrary@gmail.com

# ਵਾਤਾਵਰਣ ਤੇ ਸਿਹਤ

—ਡਾ. ਨਿਰਮਲ ਸਿੰਘ

ਵਾਤਾਵਰਣ ਦੇ ਲਫ਼ਜ਼ੀ ਅਰਥ ਹੁੰਦੇ ਨੇ— ਆਲਾ ਦੁਆਲਾ, ਚੌਗਿਰਦਾ, ਮਾਹੌਲ—ਅਰਥਾਤ ਜਿੱਥੇ ਕਿਧਰੇ ਵੀ ਜੀਵ ਜੰਤੂ ਰਹਿੰਦੇ ਨੇ ਉੱਥੋਂ ਦਾ ਪੌਣ-ਪਾਣੀ, ਰੁੱਖ, ਜੰਗਲ, ਭੋਂਏ, ਉਪਜ, ਸਨਅਤ ਤੇ ਹੋਰ ਜੋ ਵੀ ਜਾਨਦਾਰਾਂ ਖਾਸ ਕਰਕੇ ਅਤਿ ਵਿਕਸਤ ਜੀਵ ਮਨੁੱਖ ਨੇ ਸਿਰਜਿਆ ਏ ਉਹ ਸਾਰਾ ਕੁੱਝ ਵਾਤਾਵਰਣ ਜਾਂ ਚੌਗਿਰਦਾ ਅਖਵਾਉਂਦਾ ਏ। ਭਾਵੇਂ ਅਸੀਂ ਗੱਲ ਮਨੁੱਖੀ ਸਿਹਤ ਦੀ ਕਰਨੀ ਹੈ ਪਰ ਤੰਦਰੁਸਤੀ, ਰਿਸ਼ਟ-ਪੁਸ਼ਟ ਜਿਸਮ ਦਾ ਮੁੱਦਾ ਸਾਡੇ ਆਲੇ ਦੁਆਲੇ ਦੇ ਹਾਲਾਤ ਨਾਲ ਘਿਓ ਖਿੱਚੜੀ ਵਾਂਗ ਜੁੜਿਆ ਹੋਇਆ ਹੈ। ਵਿਦਵਾਨਾਂ, ਸਿਆਣਿਆਂ ਨੇ ਸਿਹਤ ਦੀ ਪਰਿਭਾਸ਼ਾ ਦੇ ਵੀ ਜਿਹੜੇ ਪੰਜ ਪਸਾਰ ਗਿਣੇ ਨੇ ਉਹਨਾਂ ਵਿਚ ਵਾਤਾਵਰਣ ਦੀ ਅਹਿਮੀਅਤ ਦੂਜੇ ਸਾਰਿਆਂ ਨਾਲੋਂ ਜ਼ਿਆਦਾ ਹੈ। ਕੋਈ ਬੰਦਾ ਭਾਵੇਂ ਕਿੰਨਾ ਵੀ ਹੱਟਾ—ਕੱਟਾ ਹੋਵੇ ਜੇਕਰ ਉਹ ਪਲੀਤ ਮਾਹੌਲ ਵਿਚ ਰਹਿ ਰਿਹਾ ਹੈ ਤਾਂ ਉਹਦੀ ਸਿਹਤ ਨੇ ਆਖਰਕਾਰ ਪ੍ਰਭਾਵਿਤ ਹੋਣਾ ਈ ਹੋਣਾ ਏ। ਵਿਗਿਆਨੀਆਂ ਦੀ ਸੋਚ ਹੈ ਕਿ ਤੰਦਰੁਸਤੀ ਦੇ ਅਰਥ ਸਿਰਫ਼ ਬਿਮਾਰੀਆਂ ਦੀ ਅਣਹੋਂਦ ਜਾਂ ਰਿਸ਼ਟ-ਪੁਸ਼ਟ ਹੋਣਾ ਈ ਨਹੀਂ ਸਗੋਂ ਇਹਦੇ ਮਾਅਨੇ ਨੇ ਜਿਸਮਾਨੀ, ਸਮਾਜੀ, ਮਾਨਸਿਕ, ਰੂਹਾਨੀ ਤੇ ਚੌਗਿਰਦੇ ਵਾਲੇ ਸਾਰੇ ਪੱਖਾਂ ਤੋਂ ਜਾਗਰੂਕ, ਚੇਤੰਨ ਜ਼ਿੰਮੇਵਾਰ ਤੇ ਫ਼ਰਜ਼ ਸ਼ਨਾਸ਼ ਹੋਣਾ। ਜੇ ਤੁਸੀਂ ਖੁਦ ਬਿਮਾਰ ਜਾਂ ਰੋਗੀ ਨਹੀਂ ਵੀ ਪਰ ਆਪਣੇ ਘਰ ਦਾ ਗੰਦਾ ਪਾਣੀ ਸੜਕਾਂ ਗਲੀਆਂ ਵਿਚ ਡੋਲ੍ਹਦੇ ਹੋ ਤੇ ਆਪਣਾ ਕੂੜਾ ਕਰਕਟ ਨਾਲ ਪਏ ਗਵਾਂਢੀਆਂ ਦੇ ਖਾਲੀ ਪਲਾਟ ਵਿਚ ਸੁੱਟਦੇ ਹੋ ਤਾਂ ਤੁਸੀਂ ਕਤਈ ਸਿਹਤਮੰਦ ਨਹੀਂ ਹੋ। ਤੁਸੀਂ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਤੋਂ ਕੰਨੀ ਕਤਰਾਉਂਦੇ ਹੋ, ਹਮੇਸ਼ਾ ਢਹਿੰਦੀਆਂ ਕਲਾਂ ਵਿਚ ਰਹਿੰਦੇ ਹੋ, ਆਸ਼ਾਵਾਦੀ ਨਹੀਂ, ਭਲੇ ਬੁਰੇ ਤੇ ਖਰੇ-ਖੋਟੇ ਦੀ ਤਮੀਜ਼ ਨਹੀਂ ਰੱਖਦੇ, ਹਵਾ ਪਾਣੀ ਤੇ ਮਾਂ ਧਰਤੀ ਦੀ ਕਦਰ ਨਹੀਂ ਕਰਦੇ ਤਾਂ ਵੀ ਤੁਸੀਂ ਸਿਹਤਮੰਦ ਅਖਵਾਉਣ ਦੇ ਹੱਕਦਾਰ ਨਹੀਂ! ਅੱਜ ਨਹੀਂ ਤਾਂ ਕੱਲ੍ਹ ਤੁਸੀਂ ਖੁਦ ਤੇ ਤੁਹਾਡੇ ਅੰਗ ਸਾਕ ਲਾਜ਼ਮੀ ਤੌਰ 'ਤੇ ਕਿਸੇ ਨਾ ਕਿਸੇ ਖਤਰਨਾਕ ਮਾਰੂ ਰੋਗ ਦੇ ਸ਼ਿਕਾਰ ਹੋ ਸਕਦੇ ਹੋ।

ਬੇਸ਼ਕ ਵਾਤਾਵਰਣ ਵਿਚ ਸਮੁੱਚੀ ਕਾਇਨਾਤ ਈ ਆ ਜਾਂਦੀ ਹੈ ਪਰ ਅਸੀਂ ਏਨਾਂ ਖਲਾਰਾ ਪਾ ਕੇ ਸਮੇਟ ਨਹੀਂ ਸਕਦੇ। ਸੋ ਅਸੀਂ ਗੱਲ ਸਿਰਫ਼ ਆਪਣੀਆਂ ਰਹਿਣ ਥਾਵਾਂ ਤੀਕਰ ਈ ਮਹਿਦੂਦ ਰੱਖਾਂਗੇ। ਇਨਸਾਨੀ ਜੀਵਨ ਦਾ ਅਧਾਰ ਹੀ ਵਾਤਾਵਰਣ ਹੈ। ਲੱਖਾਂ ਕਰੋੜਾਂ ਸਾਲਾਂ ਦੇ ਬ੍ਰਹਿਮੰਡੀ ਇਤਿਹਾਸ ਵਿਚ ਮਨੁੱਖ ਤੇ ਉਸ ਤੋਂ ਪਹਿਲਾਂ ਏਥੇ ਵਿਚਰਦੇ ਜੀਵਾਂ ਦੀ ਹੋਂਦ ਤਾਂ ਈ ਸੰਭਵ ਹੋ ਸਕੀ ਜਦੋਂ ਵਾਤਾਵਰਣ ਦੀਆਂ ਹਾਲਤਾਂ ਜੀਣ ਲਈ ਅਨੁਕੂਲ ਹੋਈਆਂ। ਜਿਵੇਂ ਹਵਾ ਵਿਚ ਆਕਸੀਜਨ ਦੀ ਮਿਕਦਾਰ, ਸੂਰਜ ਦੀਆਂ ਜ਼ਹਿਰੀਲੀਆਂ ਕਿਰਨਾਂ ਦੀ ਰੋਕਥਾਮ, ਜੀਵਨ ਦਾ ਮੂਲ ਸ੍ਰੋਤ ਪਾਣੀ, ਰੁੱਖਾਂ-ਜੰਗਲਾਂ ਦੀ ਹਰਿਆਵਲ, ਕੁਦਰਤੀ ਆਫ਼ਤਾਂ ਤੋਂ ਬਚਣ ਦੇ ਢੰਗ, ਅੱਗ ਦੀ ਵਰਤੋਂ ਤੇ ਖਾਣ ਪੀਣ ਦੀ ਸੂਝ ਬੂਝ ਜਦੋਂ ਅਸਾਂ ਸਿੱਖ ਲਈ। ਇਹ ਸਾਰਾ ਗਿਆਨ ਸਾਡੀਆਂ ਸਿਹੱਤਾਂ ਲਈ ਲਾਹੇਵੰਦਾ ਸਾਬਤ ਹੋ ਕੇ ਲੱਖਾਂ-ਹਜ਼ਾਰਾਂ ਵਰ੍ਹਿਆਂ ਤੀਕਰ ਸਾਨੂੰ ਤੰਦਰੁਸਤ ਰੱਖਣ ਤੇ ਕੁਦਰਤ ਨਾਲ ਇਕਸੁਰ ਹੋ ਕੇ, ਤਾਲਮੇਲ ਬਿਠਾ ਕੇ ਕੁਦਰਤ ਦਾ ਸਤਿਕਾਰ ਕਰਦਿਆਂ ਭਰਪੂਰ ਜ਼ਿੰਦਗੀਆਂ ਜੀਣ ਦਾ ਆਧਾਰ ਬਣਿਆ।

ਕਹਿੰਦੇ ਨੇ ਵਿਕਾਸ ਤੇ ਵਿਨਾਸ਼ ਦਾ ਆਪਸੀ ਰਿਸ਼ਤਾ ਬੜਾ ਗੂੜ੍ਹਾ ਏ। ਸਾਡੇ ਵਡੇਰੇ ਜਿਓਂ ਜਿਓਂ ਅਖੌਤੀ ਵਿਕਾਸ ਦੀਆਂ ਪੌੜੀਆਂ ਚੜ੍ਹਦੇ ਗਏ ਸਾਡੀ ਜਿਸਮਾਨੀ ਸਿਹਤ ਦਾ ਵਿਨਾਸ਼, ਬੀਮਾਰੀਆਂ, ਮਹਾਂਮਾਰੀਆਂ, ਕੁਦਰਤੀ ਆਫ਼ਤਾਂ, ਦੁਰਘਟਨਾਵਾਂ ਹੋਰ ਵੀ ਵੱਧ ਜ਼ੋਰ ਸ਼ੋਰ ਤੇ ਸ਼ਿਦੱਤ ਨਾਲ ਵਾਪਰਦੀਆਂ ਰਹੀਆਂ। ਅਸਲ ਵਿਚ ਜਦੋਂ ਵੀ ਵਿਕਾਸ ਆਪ- ਹੁਦਰੇ ਢੰਗਾਂ, ਤਰੀਕਿਆਂ ਨਾਲ ਅੱਗੇ ਵਧਿਆ ਤਾਂ ਹਸ਼ਰ-ਅਜ਼ਾਬ ਦਾ ਦਰ ਅਜਿਹਾ ਖੁੱਲ੍ਹਿਆ ਕਿ ਲੱਖਾਂ ਜਾਨਾਂ ਏਸ ਅਖੌਤੀ ਵਿਕਾਸ ਦੀ ਭੇਟ ਚੜ੍ਹ ਗਈਆਂ। ਮਨੁੱਖ ਨੇ ਜਦੋਂ ਜੰਗਲ, ਰੁੱਖ ਕੱਟ ਕੇ ਵਾਹੀ ਬੀਜੀ ਸ਼ੁਰੂ ਕੀਤੀ ਤਾਂ ਕਦੀ ਡੋਬਿਆਂ ਤੇ ਕਦੀ ਸੋਕਿਆਂ ਨੇ ਉਹਨੂੰ ਆ ਘੇਰਿਆ। ਜਦੋਂ ਦਰਿਆਵਾਂ ਕੰਢੇ ਬੜੇ ਵੱਡੇ ਵੱਡੇ ਸ਼ਹਿਰ ਗਿਰਾਂ ਵੱਸ ਗਏ ਤਾਂ ਹੈਜ਼ਾ, ਦਸਤ, ਮਰੋੜ ਤੇ ਪਲੇਗ ਵਰਗੀਆਂ ਬੀਮਾਰੀਆਂ ਨੇ ਉਹਨੂੰ ਆਪਣੀ ਜਕੜ ਵਿਚ ਲੈ ਲਿਆ। ਵਗਦੇ ਪਾਣੀਆਂ ਨੂੰ ਜਦੋਂ ਵੀ ਥੇਲੋੜੇ ਬੰਨ੍ਹ ਮਾਰ ਕੇ ਠੱਲ੍ਹਣ ਦੀ ਕੋਸ਼ਿਸ਼ ਕੀਤੀ ਗਈ ਤਾਂ ਮਲੇਰੀਏ ਤੇ ਪੀਲੀਏ ਵਰਗੇ ਮਾਰੂ ਰੋਗ ਹੱਥ ਧੋ ਕੇ ਪਿੱਛੇ ਪੈ ਗਏ। ਖਾਧ ਖੁਰਾਕ ਦੀ ਘਾਟ, ਵੱਸੋਂ ਦੇ ਵਾਧੇ ਕਾਰਨ, ਸਾਧਨਾਂ ਸੋਮਿਆਂ ਦੀ ਕਾਣੀ ਵੰਡ ਅਤੇ ਵਿਉਂਤਬੰਦੀ ਦੀ ਘਾਟ ਕਾਰਨ ਜੰਗਾਂ-ਯੁੱਧਾਂ ਤੇ ਉਜਾੜਿਆਂ ਦੇ ਰੂਪ ਵਿਚ ਸਾਨੂੰ ਸਿਹਤ ਦੇ ਪੱਖੋਂ ਮਾਰਾਂ ਪੈਂਦੀਆਂ ਰਹੀਆਂ। ਪਾਣੀ, ਹਵਾ, ਭੋਂਇੰ ਦੇ ਮੂਲ ਸੋਮਿਆਂ ਨੂੰ ਜਦੋਂ ਅਸੀਂ ਸਿਰਫ਼ ਆਪਣੇ ਵਾਸਤੇ ਹੀ ਰਾਖਵੇਂ ਕਰ ਲਿਆ ਤਾਂ ਕੁਦਰਤ ਦਾ ਸਮਤੋਲ, ਤਵਾਜ਼ਨ ਵਿਗੜ ਗਿਆ ਖੁਰਾਕੀ ਸੰਗਲੀ ਦੀਆਂ ਕੜੀਆਂ ਟੁੱਟ-ਭੱਜ



Sri Satguru Jagjit Singh Ji eLibrary NamdhariElibrary@gmail.com

ਗਈਆਂ ਤਾਂ ਸਿੱਟੇ ਭਿਆਨਕ ਅਤੇ ਮਾਰੂ ਨਿਕਲੇ। ਦੁਨੀਆ ਦੇ ਇਤਿਹਾਸ ਵਿਚ ਜਿੰਨੀਆਂ ਵੀ ਪਲੇਗਾਂ, ਹੈਜ਼ਾ, ਤਪਦਿਕ, ਪੀਲੀਆ, ਫਲੂ, ਲਿੰਗਕ ਰੋਗ ਤੇ ਚਮੜੀ ਦੀਆਂ ਬੀਮਾਰੀਆਂ ਦਾ ਵੱਡੀ ਪੱਧਰ ਤੇ ਫੈਲਣ ਦਾ ਜ਼ਿਕਰ ਮਿਲਦਾ ਏ ਉਹਦੇ ਪਿਛੋਕੜ ਵਿਚ ਮਨੁੱਖ ਵੱਲੋਂ ਕੁਦਰਤ ਦੀਆਂ ਨੇਹਮਤਾਂ ਦੀ ਕੁਵਰਤੋਂ ਤੇ ਦੁਰਵਰਤੋਂ ਤੋਂ ਸਿਵਾ ਹੋਰ ਕੁਝ ਵੀ ਨਹੀਂ।

ਬਹੁਤੇ ਪੁਰਾਣੇ ਵੇਲਿਆਂ ਵੱਲੋਂ ਮੁੜ ਅਸੀਂ ਆਪਣੇ ਨੇੜਲੇ ਇਤਿਹਾਸ ਉੱਤੇ ਈ ਜੇਕਰ ਝਾਤੀ ਮਾਰੀਏ ਤੇ ਗਰਾਫ਼ ਬਣਾ ਕੇ ਜ਼ਰਾ ਗਹੁ ਨਾਲ ਵਾਚੀਏ ਤਾਂ ਸਪਸ਼ਟ ਹੋ ਜਾਵੇਗਾ ਕਿ ਪਹਿਲੇ ਵੇਲਿਆਂ ਵਿਚ ਸਾਡੀ ਅਣਗਹਿਲੀ ਮਹਾਂਮਾਰੀਆਂ ਦੇ ਰੂਪ ਵਿਚ ਸਾਨੂੰ ਮੌਤ ਤੇ ਰੋਗਾਂ ਦਾ ਖਾਜਾ ਬਣਾਉਂਦੀ ਰਹੀ ਏ ਤੇ ਹੁਣ ਦੇ ਦੌਰਾਂ ਵਿਚ ਅਸੀਂ ਰਿਚ ਰਿਚ ਕੇ, ਦੁਖੀ ਹੋ ਕੇ, ਅੰਤਾਂ ਦੀਆਂ ਪੀੜਾਂ, ਤਕਲੀਫ਼ਾਂ ਸਹਿੰਦੇ ਹੋਏ ਪੁਰਜਾ-ਪੁਰਜਾ ਹੋ ਕੇ, ਤਿਲ-ਤਿਲ ਕੱਟ ਕੇ ਮੌਤ ਰਾਣੀ ਦੀਆਂ ਬਾਹਾਂ ਵੱਲ ਦੌੜੇ ਜਾ ਰਹੇ ਹਾਂ। ਪਿਛਲੇ ਡੇਢ ਕੁ ਸਾਲ ਤੋਂ ਜਿਸਨੂੰ ਅਸੀਂ 'ਆਧੁਨਿਕ ਯੁੱਗ' ਆਖਦੇ ਹੋਏ ਫੁੱਲੇ ਨਹੀਂ ਸਮਾਉਂਦੇ, ਸਿਰਫ਼ ਤੇ ਸਿਰਫ਼ ਵਾਤਾਵਰਣ ਦੇ ਵਿਗਾੜਾਂ ਕਾਰਨ ਅਸੀਂ ਅਨੇਕਾਂ ਮਰਜ਼ਾਂ ਦੇ ਸ਼ਿਕਾਰ ਹੋ ਗਏ ਹਾਂ। ਪਹਿਲੀ ਵੱਡੀ ਜੰਗ ਜਾਂ ਵੀਹਵੀਂ ਸਦੀ ਦੇ ਸ਼ੁਰੂ ਨੂੰ ਆਧਾਰ ਮੰਨ ਕੇ ਗੱਲ ਕਰਨੀ ਹੋਵੇ ਤਾਂ ਵੀ ਸਿੱਟੇ ਬੜੇ ਦੁੱਖਦਾਈ ਹੀ ਨਿਕਲਦੇ ਹਨ। ਏਸ ਵਕਤ ਤੋਂ ਪਹਿਲਾਂ ਲਾਗ, ਛੂਤ ਜਾਂ ਡਾਕਟਰੀ ਸ਼ਬਦਾਂ ਵਿਚ ਇਨਫ਼ੈਕਸ਼ੀਅਸ ਬਿਮਾਰੀਆਂ ਦੀ ਭਰਮਾਰ ਸੀ। ਫੇਰ ਵਿਗਿਆਨੀਆਂ ਵੱਲੋਂ ਜੀਵਾਣੂੰ ਨਾਸ਼ਕ ਜਾਂ ਐਂਟੀਬਾਓਟਿਕਸ ਨਾਲ ਇਹਨਾਂ ਰੋਗਾਂ ਨੂੰ ਭਾਵੇਂ ਕੁਝ ਵਕਤੀ ਠੱਲ੍ਹ ਪੈ ਗਈ ਪਰ ਗਲ ਸੜ ਕੇ ਮਰਨ ਜਾਂ ਡੀਜੈਨਰੇਟਿਵ ਰੋਗਾਂ ਦੀ ਤੇ ਜਿਵੇਂ ਕਾਂਗ ਈ ਆ ਚੜ੍ਹੀ ਹੋਵੇ। ੧੯੫੦ ਤੋਂ ਪਹਿਲਾਂ ਪੰਜਾਬ ਵਿਚ ਸ਼ੂਗਰ (ਸ਼ਕਰ ਰੋਗ), ਖ਼ੂਨ ਦਾ ਦਬਾਓ ਵਧਣਾ (ਹਾਈਪਰਟੈਂਸ਼ਨ), ਪੀਲੀਆ, ਗੁਰਦੇ ਖਰਾਬ ਹੋਣੇ, ਦਮਾ, ਦਿਲ ਫੇਲ੍ਹ ਹੋਣਾ, ਚਮੜੀ ਰੋਗ ਖਾਸ ਕਰ ਅਲਰਜੀ, ਵਾਇਰਸ ਰੋਗ, ਹੱਡੀਆਂ 'ਚੋਂ ਚੂਨਾ ਘੱਟ ਜਾਣਾ, ਅਧਰੰਗ, ਪੱਠਿਆਂ ਦਾ ਸੁੰਗੜ ਜਾਣਾ, ਏਡਜ਼, ਵੀਰਜ ਵਿਚ ਸ਼ੁਕਰਾਣੂਆਂ ਦੀ ਕਮੀ, ਔਰਤਾਂ ਵਿਚ ਬਾਂਝਪਣ ਤੇ ਸਭ ਤੋਂ ਵੱਧ ਖਤਰਨਾਕ ਹਰ ਕਿਸਮ ਦੇ ਕੈਂਸਰ ਵਰਗੇ ਰੋਗਾਂ ਦੀ ਫੀ ਹਜ਼ਾਰ ਅਬਾਦੀ ਵਿਚ ਦਰ ਬਿਲਕੁੱਲ ਈ ਨਿਗੂਣੀ ਸੀ। ਅਬਾਦੀ ਦਾ ਵਾਧਾ, ਵਾਤਾਵਰਣ ਦਾ ਗੰਧਲਾਪਣ, ਸ਼ਹਿਰੀਕਰਣ, ਸਮੁੱਚੀ ਸੋਚ ਦਾ ਵਪਾਰੀਕਰਣ, ਬਾਜ਼ਾਰੂ ਦ੍ਰਿਸ਼ਟੀਕੋਣ, ਖਪਤਵਾਦ ਤੇ ਭੋਗਵਾਦ ਦੀ ਅੰਨ੍ਹੀ ਦੌੜ, ਤਰੱਕੀ ਉੱਨਤੀ ਦੀ ਮੂਲੋਂ ਈ ਅਣਵਿਗਿਆਨਕ ਸਮਝ, ਕਠਮੁੱਲੇ, ਜਨੂੰਨੀ ਤੇ ਦਰੁਸਤਵਾਦ ਵਰਗੇ ਫਲਸਫ਼ਿਆਂ ਦੀ ਚੜ੍ਹਤ ਇਹਨਾਂ ਸਾਰੀਆਂ ਵਬਾਵਾਂ ਦੇ ਵਾਧੇ ਲਈ ਪੂਰਣ ਰੂਪ ਵਿਚ ਜ਼ਿੰਮੇਵਾਰ ਨੇ। ਜਦੋਂ ਅਸੀਂ ਇਹ ਮਿੱਥ ਲਿਆ ਕਿ ਮਨੁੱਖ ਕੁਦਰਤ ਦਾ ਇਕ ਨਿਗੂਣਾ ਜਿਹਾ ਭਾਗ ਨਹੀਂ ਉਹਦਾ ਮਾਲਕ ਏ, ਉਹਨੂੰ ਆਪਣੀ ਲੋੜ ਤੇ ਮਰਜ਼ੀ ਮੁਤਾਬਕ ਜਿਵੇਂ ਜੀਅ ਚਾਹੇ ਇਸਤੇਮਾਲ ਕਰ ਸਕਦਾ ਹੈ ਤੇ ਏਸ ਕੁਲਿਹਣੀ ਸੋਚ ਨੂੰ ਵਿਗਿਆਨ ਦੀਆਂ ਲੱਭਤਾਂ ਦੀ ਪੁੱਠ ਚਾੜ੍ਹ ਕੇ ਆਧੁਨਿਕ ਰੰਗਤ ਦੇ ਦਿੱਤੀ, ਤਾਂ ਅਸੀਂ ਲੀਹੋਂ ਲੱਥ ਕੁਰਾਹੇ ਪੈ ਕੇ ਅੱਕੀ-ਪਲਾਹੀਂ ਹੱਥ ਪੈਰ ਮਾਰਨ ਲੱਗੇ। ਖਪਤਵਾਦ ਨੇ ਸਨਅਤਕਾਰੀ ਨੂੰ ਵਧਾਇਆ, ਸਨਅਤਾਂ ਨੇ ਪੁਰਾਣੇ ਕੰਮਾਂ-ਧੰਦਿਆਂ ਨੂੰ ਸੱਟ ਮਾਰੀ, ਅਸੀਂ ਦੁਨੀਆਂ ਨੂੰ, ਲੋਕਾਈ ਨੂੰ ਆਪਣੀ ਕਮਅਕਲੀ ਦਾ ਉਪਦੇਸ਼ ਦੇਣ ਲਈ ਲੱਕ ਬੰਨ੍ਹ ਲਏ। ਕਬਾਇਲੀ, ਦਰਿਆਵਾਂ ਕੰਢੇ ਰਹਿਣ ਵਾਲੇ ਤੇ ਜਾਂਗਲੀ ਲੋਕਾਂ ਨੂੰ ਸਭਿਅਕ ਕਰਨ ਦੇ ਨਾਂ ਹੇਠ ਅਸਾਂ ਉਹਨਾਂ ਨੂੰ ਆਤਸ਼ਕ, ਹੈਜ਼ਾ, ਟੀ. ਬੀ. ਤੇ ਪੀਲੀਏ ਦਾ ਪ੍ਰਸ਼ਾਦ ਵਰਤਾਇਆ। ਉਹਨਾ ਦੀ ਕੁਦਰਤ ਨਾਲ ਇਕ ਮਿਕ ਹੋ ਕੇ ਜੀਣ ਦੀ ਜਾਚ ਨੂੰ ਖੋਹ ਲਿਆ ਤੇ ਆਪਣੀ ਸੌੜੀ ਸੋਚ ਉਹਨਾਂ 'ਤੇ ਠੋਸਣ ਤੇ ਅਪਨਾਉਣ ਲਈ ਉਹਨਾਂ ਨੂੰ ਮਜਬੂਰ ਕੀਤਾ। ਜਿਸ ਦੇ ਨਤੀਜੇ ਸਾਡੇ ਸਾਹਮਣੇ ਨੇ।

ਵਾਤਾਵਰਣ ਸਿੱਧੇ ਅਤੇ ਅਸਿੱਧੇ ਤੌਰ 'ਤੇ ਮਨੁੱਖੀ ਸਿਹਤ 'ਤੇ ਅਸਰ ਪਾਉਂਦਾ ਰਹਿੰਦਾ ਏ। ਤੇਜ਼ ਗਰਮੀ, ਕੜਾਕੇਦਾਰ ਠੰਢ, ਬੇਹੱਦ ਸਿੱਲ੍ਹਾ ਮੌਸਮ, ਔੜ ਤੇ ਸੋਕਾ, ਹੜ੍ਹ, ਝੱਖੜ, ਹਨੇਰੀਆਂ ਦੇ ਸਿਹਤ ਉੱਤੇ ਪੈਣ ਵਾਲੇ ਪ੍ਰਭਾਵਾਂ ਤੋਂ ਅਸੀਂ ਸਾਰੇ ਜਾਣੂ ਹਾਂ। ਰੁੱਖਾਂ-ਜੰਗਲਾਂ ਦੀ ਅਣਹੋਂਦ, ਧੂੰਆਂ, ਘੱਟਾ-ਮਿੱਟੀ, ਜ਼ਹਿਰੀਲੀਆਂ ਗੈਸਾਂ, ਕਾਰਖਾਨਿਆਂ ਵਿਚੋਂ ਰਿਸਦੇ ਰਸਾਇਣਕ ਪਦਾਰਥ ਸਾਡੀ ਤੰਦਰੁਸਤੀ ਦਾ ਮਲੀਆਮੇਟ ਕਰ ਰਹੇ ਹਨ। ਘਰਾਂ, ਹਸਪਤਾਲਾਂ, ਸਕੂਲਾਂ, ਦਫ਼ਤਰਾਂ, ਦੁਕਾਨਾਂ, ਵਪਾਰਕ ਅਦਾਰਿਆਂ ਤੇ ਸਨਅਤੀ ਇਲਾਕਿਆਂ ਦਾ ਆਪੋ-ਆਪਣਾ ਅੱਡੋ-ਅੱਡ ਵਾਤਾਵਰਣ ਹੁੰਦਾ ਏ। ਉਹਦੇ ਪਲੀਤ ਹੋਣ ਨਾਲ ਮਨੁੱਖੀ ਸਿਹਤ ਵਿਚ ਅਨੇਕਾਂ ਵਿਗਾੜ ਪੈ ਸਕਦੇ ਨੇ। ਖੇਤੀਬਾੜੀ, ਪਸ਼ੂਪਾਲਣ, ਖੇਤੀ ਨਾਲ ਸਬੰਧਤ ਹੋਰ ਧੰਦੇ ਵੀ ਸਿਹਤ ਤੇ ਅਸਰ ਅੰਦਾਜ਼ ਹੁੰਦੇ ਨੇ। ਫ਼ਿਕਰ ਚਿੰਤਾ, ਡਰ, ਭੱਜ-ਦੌੜ ਵਾਲਾ ਤੇ ਹਿੰਸਕ ਮਾਹੌਲ ਵੀ ਸਾਨੂੰ ਮਾਨਸਿਕ ਤੌਰ 'ਤੇ ਬਿਮਾਰ ਕਰ ਸਕਦਾ ਏ।

ਅਖਾਉਤੀ ਹਰੇ ਇਨਕਲਾਬ ਤੋਂ ਬਾਅਦ ਪੰਜਾਬੀਆਂ ਦੀ ਸਿਹਤ ਉੱਤੇ ਪਏ ਪ੍ਰਤੱਖ ਅਸਰ ਸਾਹਮਣੇ ਆਏ ਨੇ ਜਿਹਨਾਂ ਦਾ ਸਿੱਧਾ ਸਬੰਧ ਵਾਤਾਵਰਣ ਦੀ ਪਲੀਤੀ ਨਾਲ ਜੁੜਿਆ ਹੋਇਆ ਏ। ਕੀੜੇਮਾਰ ਦਵਾਈਆਂ, ਰਸਾਇਣਕ ਖਾਦਾਂ, ਦੋਗਲੇ ਬੀਜਾਂ ਦੀ ਵਰਤੋਂ ਵੱਡੀ ਪੱਧਰ ਉੱਤੇ ੧੯੭੦ ਤੋਂ ਬਾਅਦ ਸ਼ੁਰੂ ਹੋਈ। ਇਹ ਅਸਲ ਵਿਚ ਰਸਾਇਣਕ ਜ਼ਹਿਰਾਂ ਹਨ ਜਿਹੜੀਆਂ ਕੁਝ ਉੱਡ ਕੇ ਹਵਾ ਵਿਚ ਰਲ ਜਾਂਦੀਆਂ



Sri Satguru Jagjit Singh Ji eLibrary NamdhariElibrary@gmail.com

ਨੇ, ਕੁਝ ਹਿੱਸਾ ਪੌਦਿਆਂ ਦੀਆਂ ਜੜ੍ਹਾਂ-ਪੱਤਿਆਂ ਰਾਹੀਂ ਬੂਟਿਆਂ ਦੇ ਫਲਾਂ, ਅਨਾਜਾਂ, ਸਬਜ਼ੀਆਂ, ਦਾਲਾਂ ਦੇ ਦਾਣਿਆਂ ਵਿਚ ਚਲਾ ਜਾਂਦਾ ਹੈ। ਬਚਦਾ ਜ਼ਮੀਨ ਵਿਚ ਜੀਰ ਕੇ, ਜਜ਼ਬ ਹੋ ਕੇ ਧਰਤੀ ਹੇਠਲੇ ਪਾਣੀ ਤੀਕਰ ਪਹੁੰਚ ਜਾਂਦਾ ਹੈ। ਏਸ ਪਾਣੀ ਤੱਕ ਪੁੱਜਣ ਲਈ ੨੦-੨੫ ਸਾਲ ਦਾ ਸਮਾਂ ਦਰਕਾਰ ਹੁੰਦਾ ਏ। ਇਹਨਾਂ ਰਸਾਇਣਕ ਜ਼ਹਿਰਾਂ ਦੀ ਮਿਕਦਾਰ ਮਨੁੱਖੀ ਸਰੀਰਾਂ ਲਈ ਨੁਕਸਾਨਦੇਹ ਸਾਬਤ ਹੋ ਸਕਦੀ ਏ। ਅਨਾਜ, ਫਲ, ਸਬਜ਼ੀਆਂ, ਸਾਗ ਤੇ ਚਾਰੇ ਉੱਤੇ ਸਿੱਧੇ ਰੂਪ ਵਿਚ ਅਸਰ ਕਰਦੀਆਂ ਨੇ। ਪਸ਼ੂਆਂ ਦੇ ਚਾਰੇ ਤੇ ਵੰਡ ਦੇ ਵਿਚ ਰਚੀਆਂ ਇਹ ਜ਼ਹਿਰਾਂ ਦੁੱਧ ਵਿਚ ਅੱਪੜ ਜਾਂਦੀਆਂ ਨੇ। ਇਵੇਂ ਈ ਮੁਰਗੀਆਂ ਦੀ ਖ਼ੁਰਾਕ ਵਿਚਲੇ ਰਸਾਇਣਕ ਜ਼ਹਿਰੀਲੇ ਪਦਾਰਥ ਆਂਡਿਆਂ ਅਤੇ ਮੀਟ ਵਿਚ ਚਲੇ ਜਾਂਦੇ ਨੇ। ਏਥੋਂ ਤੀਕਰ ਕਿ ਪੰਜਾਬਣ ਮਾਵਾਂ ਦੇ ਦੁੱਧ ਵਿਚ ਵੀ ਰਸਾਇਣਕ ਪਦਾਰਥਾਂ ਦੀ ਮਿਕਦਾਰ ਹੱਦ ਨਾਲੋਂ ੫੦ ਗੁਣਾ ਤੀਕਰ ਵੱਧ ਗਈ ਏ। ਜਿਹੜੀਆਂ ਗੋਲੀਆਂ ਦਾਲਾਂ-ਅਨਾਜ ਨੂੰ ਸੁੱਸਰੀ ਢੋਰੇ ਤੋਂ ਬਚਾਉਣ ਲਈ ਡਰੰਮਾਂ ਵਿਚ ਰੱਖੀਆਂ ਜਾਂਦੀਆਂ ਨੇ ਉਹ ਵੀ ਸਾਡੀ ਖ਼ੁਰਾਕੀ ਕੜੀ ਵਿਚ ਦਾਖਲ ਹੋ ਜਾਂਦੀਆਂ ਨੇ। ਸਾਡੀਆਂ ਸਬਜ਼ੀਆਂ, ਦੁੱਧ, ਦਹੀਂ, ਖੋਆ, ਪਨੀਰ, ਮੀਟ, ਫਲ, ਅਨਾਜ, ਮਠਿਆਈਆਂ, ਗੱਲ ਕੀ ਸਾਰੇ ਦੇ ਸਾਰੇ ਖਾਣ ਵਾਲੇ ਪਦਾਰਥ ਪ੍ਰਦੂਸ਼ਣ ਦੀ ਮਾਰ ਹੇਠ ਆ ਕੇ ਸਿਹਤਾਂ ਖਰਾਬ ਕਰਨ ਲਈ ਜ਼ਿੰਮੇਵਾਰ ਨੇ।

ਹਵਾ ਜਿਸ ਵਿਚ ਸਾਡੇ ਕੁਦਰਤ ਦੀ ਅਨਮੋਲ ਦਾਤ 'ਆਕਸੀਜਨ' ਜੀਵਨ ਦੀ ਮੁੱਢਲੀ ਲੋੜ ਹੈ ਜੋ ਦੂਸ਼ਿਤ ਹੋਣ ਕਾਰਨ ਜ਼ਹਿਰੀਲੀ ਹੋ ਚੁੱਕੀ ਏ। ਨਾਈਟਰੋਜਨ ਤੇ ਸਲਫਰ ਦੀਆਂ ਜ਼ਹਿਰੀਲੀਆਂ ਗੈਸਾਂ ਜਿੰਨ੍ਹਾਂ ਦਾ ਸ੍ਰੋਤ ਮੋਟਰ-ਗੱਡੀਆਂ, ਕਾਰਖਾਨੇ, ਖਾਦਾਂ ਤੇ ਕੀਟਨਾਸ਼ਕ ਆਦਿ ਹਨ ਕਾਰਨ-ਸਾਡੇ ਫੇਫੜੇ, ਅੱਖਾਂ, ਜਿਗਰ ਤੇ ਦਿਲ ਉੱਤੇ ਅਸਰ ਪਾ ਰਹੀਆਂ ਨੇ। ਪਿਛਲੇ ਸਮੇਂ ਵਿਚ ਚਮੜੀ ਰੋਗਾਂ ਅਤੇ ਅਲਰਜੀ ਵਾਲੀਆਂ ਬੀਮਾਰੀਆਂ ਦੇ ਵਾਧੇ ਦਾ ਇੱਕ ਵੱਡਾ ਕਾਰਨ ਪ੍ਰਦੂਸ਼ਤ ਹਵਾ ਹੈ। ਪ੍ਰਦੂਸ਼ਣ ਤੇ ਵਾਤਾਵਰਣ ਦਾ ਗੰਧਲਾਪਣ, ਵਿਗਿਆਨਕ ਵਸਤਾਂ ਦੀ ਅਣਵਿਗਿਆਨਕ ਵਰਤੋਂ ਕਾਰਨ ਧਰਤੀ ਨੂੰ ਬੰਜਰ ਈ ਨਹੀਂ ਕਰ ਰਿਹਾ ਸਗੋਂ ਰਸਾਇਣਕ ਕਾਰਨਾਂ ਕਰਕੇ ਮਿੱਟੀ ਦੀ ਤਾਸੀਰ ਈ ਬਦਲੀ ਜਾ ਰਿਹਾ ਹੈ। ਸਾਨੂੰ ਚੀਚ-ਵਹੁਟੀਆਂ, ਗੰਡੋਏ, ਡੱਡੂ ਤੇ ਅਨੇਕਾਂ ਜੀਵ-ਜੰਤੂਆਂ ਦੀ ਅਲੋਪ ਹੋਣ ਦੀ ਦਰ ਤੋਂ ਚੌਕੰਨੇ ਹੋ ਜਾਣਾ ਚਾਹੀਦਾ ਏ-ਕਿਧਰੇ ਆਦਮ ਦੀ ਜਾਤ ਦਾ ਹਸ਼ਰ ਵੀ ਉਹਨਾਂ ਵਾਲਾ ਈ ਹੋਣ ਵਾਲਾ ਤੇ ਨਹੀਂ!

ਨਿੱਘ, ਗਰਮੀ ਤੇ ਜੀਵਨ ਦਾ ਇਕ ਹੋਰ ਸੋਮਾ ਧੁੱਪ ਵੀ ਵਾਤਾਵਰਣ ਦੇ ਪਲੀਤੇ ਹੋਣ ਕਾਰਨ ਸਾਡੇ ਜਿਸਮਾਂ ਲਈ ਖਤਰਨਾਕ ਬਣਦੀ ਜਾ ਰਹੀ ਏ। ਜ਼ਹਿਰੀਲੀਆਂ ਗੈਸਾਂ ਕਾਰਨ ਹਵਾ ਦੀ ਬਣਤਰ ਬਦਲ ਰਹੀ ਹੈ ਤੇ ਸੂਰਜ ਦੀਆਂ ਜ਼ਹਿਰੀ ਕਿਰਨਾਂ ਤੋਂ ਬਚਾਉਣ ਵਾਲੀ ਓਜ਼ੋਨ ਛਤਰੀ ਵਿਚ ਸਾਡੀ ਖ਼ੁਦਗਰਜ਼ ਨਸਲ ਨੇ ਮਘੋਰੇ ਕਰਕੇ ਚਮੜੀ ਦੇ ਕੈਂਸਰ, ਅੱਖਾਂ ਤੇ ਖ਼ੂਨ ਦੀਆਂ ਬੀਮਾਰੀਆਂ ਨੂੰ ਨਿਓਂਦਾ ਦੇ ਦਿੱਤਾ ਏ। ਇਨਫਰਾ ਰੈਡ ਤੇ ਅਲਟਰਾ ਵਾਇਓਲਿਟ ਕਿਰਨਾਂ ਬਿਨਾ ਕਿਸੇ ਰੋਕ-ਟੋਕ ਤੋਂ ਸਾਡੀਆਂ ਸਿਹਤਾਂ ਨੂੰ ਵਿਗਾੜ ਰਹੀਆਂ ਨੇ।

ਪੰਜਾਬ ਵਿਚ ਈ ਜੇਕਰ ਪਿਛਲੇ ਸਿਰਫ ਤੀਹ ਕੁ ਸਾਲਾਂ ਦੇ ਸਮੇਂ 'ਤੇ ਈ ਝਾਤੀ ਮਾਰੀਏ ਤਾਂ ਵਾਤਾਵਰਣ ਦੇ ਪ੍ਰਦੂਸ਼ਿਤ ਹੋਣ ਕਾਰਨ ਸ਼ੂਗਰ, ਹਰ ਕਿਸਮ ਦੇ ਕੈਂਸਰ, ਪੀਲੀਏ, ਗੁਰਦੇ ਦੀਆਂ ਬੀਮਾਰੀਆਂ, ਚਮੜੀ ਰੋਗ, ਸਾਹ ਵਾਲੀਆਂ ਬੀਮਾਰੀਆਂ, ਅਲਰਜੀ, ਦਮਾ, ਬਲੱਡ ਪ੍ਰੈਸ਼ਰ, ਅੱਖਾਂ, ਕੰਨਾਂ ਤੇ ਗਲ ਦੇ ਰੋਗਾਂ ਦਾ ਜਿਵੇਂ ਹੜ੍ਹ ਈ ਆ ਗਿਆ ਹੋਵੇ। ਸ਼ੋਰ ਜਾਂ ਰੌਲੇ-ਰੱਪੇ ਨੇ ਸਿਰਫ ਕੰਨਾਂ 'ਤੇ ਈ ਅਸਰ ਨਹੀਂ ਪਾਇਆ ਸਗੋਂ ਅਸੀਂ ਉੱਚੀ ਬੋਲਣ ਦੇ ਆਦੀ ਹੋ ਕੇ ਆਪਣੇ ਗਲੇ ਵੀ ਖਰਾਬ ਕਰ ਰਹੇ ਹਾਂ। ਮਾਨਸਿਕ ਤੌਰ ਉੱਤੇ ਡੌਰ-ਭੌਰ ਹੋ ਕੇ ਆਪਣੀ ਸੋਚਣ ਸ਼ਕਤੀ ਵੀ ਗਵਾ ਰਹੇ ਹਾਂ। ਦਿਮਾਗੀ ਬਿਮਾਰੀਆਂ ਵਿਚ ਵੀ ਬੇਹੱਦ ਵਾਧਾ ਹੋ ਰਿਹਾ ਹੈ।

ਵਾਤਾਵਰਣ ਦੇ ਗੰਧਲੇ ਹੋਣ ਦਾ ਕਾਰਨ ਭਾਵੇਂ ਸਾਡੀਆਂ ਭੋਗਵਾਦੀ ਰੁਚੀਆਂ ਨੂੰ ਈ ਮੰਨਿਆ ਜਾ ਰਿਹਾ ਹੈ ਪਰ ਅਸਲ ਵਿਚ ਧਨਵਾਨ ਮੁਲਕਾਂ, ਵੱਡੀਆਂ-ਵੱਡੀਆਂ ਕੌਮਾਂਤਰੀ ਵਪਾਰਕ ਕਾਰਪੋਰੇਸ਼ਨਾਂ, ਖੋਹ ਖਿੰਝ ਆਏ ਨਿਜ਼ਾਮ ਤੇ ਸਾਇੰਸ ਦੀ ਕੁਵਰਤੋਂ ਇਹਦਾ ਪਿਛੋਕੜ ਏ। ਮਨੁੱਖ ਸਿਰਫ ਆਪਣੇ ਆਪ ਤੋਂ ਅਗਾਂਹ ਵੇਖਣ ਤੋਂ ਮੁਨਕਰ ਹੋ ਕੇ ਸਮੁੱਚੇ ਮਨੁੱਖੀ ਭਾਈਚਾਰੇ, ਜੀਵ-ਜੰਤੂਆਂ ਦੀ ਦੁਨੀਆਂ ਤੇ ਕਾਇਨਾਤ ਦਾ ਮੁੱਲਵਾਨ ਤੇ ਸੂਝ-ਸਮਝ ਵਾਲਾ ਹਿੱਸਾ ਬਣਨ ਦੀ ਥਾਂ ਉਹਦੇ ਉੱਤੇ ਆਪਣੀ ਸਿੱਕਦਾਰੀ ਕਾਇਮ ਕਰਨ ਦੇ ਆਹਰ ਵਿਚ ਲੀਹੋਂ ਲੱਥ ਗਿਆ ਏ। ਉਹ ਆਪਣੀ ਸਿਹਤ ਦੀ ਬੇਹਤਰੀ ਤੇ ਵਿਕਾਸ ਨੂੰ ਭੁੱਲ ਕੇ ਤਬਾਹੀ ਵਾਲੇ ਰਾਹੇ ਤੁਰ ਪਿਆ ਹੈ।

ਸਿਹਤ ਸੰਭਾਲ ਲਈ ਗੱਲ ਮਨ ਵਿਚ ਵਸਾ ਲੈਣੀ ਅਤਿਅੰਤ ਜ਼ਰੂਰੀ ਹੈ ਕਿ ਜਿਓਂ ਜਿਓਂ ਅਸੀਂ ਕੁਦਰਤ ਤੋਂ ਦੂਰ ਹੁੰਦੇ ਚਲੇ ਜਾਵਾਂਗੇ, ਮਿੱਟੀ ਨਾਲੋਂ, ਹਵਾ ਨਾਲੋਂ, ਧੁੱਪ ਨਾਲੋਂ ਸਾਕਾਦਾਰੀ ਤੋੜਦੇ ਰਵ੍ਹਾਂਗੇ ਸਾਨੂੰ ਰੋਗਾਂ, ਜ਼ਹਿਮਤਾਂ, ਬਿਮਾਰੀਆਂ ਦੀਆਂ ਡੂੰਘੀਆਂ ਖਾਈਆਂ ਵਿਚ ਡਿੱਗਣ ਤੋਂ ਕੋਈ ਰੋਕ ਨਹੀਂ ਸਕਦਾ। ਵਾਤਾਵਰਣ ਨੂੰ ਗੰਧਲਾ ਕਰਕੇ, ਕੁਦਰਤ ਨਾਲ ਛੇੜਛਾੜ ਕਰਕੇ, ਅਸੀਂ ਓਹੋ ਈ ਟਾਹਣ ਵੱਢ ਰਹੇ ਆਂ ਜਿੱਥੇ ਸਾਡਾ ਆਲ੍ਹਣਾ ਏ। ਆਪਣੀ ਸਿਹਤ ਦੀ ਬੇਹਤਰੀ ਲਈ ਸਾਨੂੰ ਗੱਲਾਂ ਨਾਲੋਂ ਵੱਧ ਅਮਲੀ ਤੌਰ 'ਤੇ ਮੈਦਾਨ ਵਿਚ ਨਿਤਰਨਾ ਪੈਣਾ ਏ। ਰੁੱਖਾਂ, ਜੰਗਲਾਂ ਹੇਠ ਰਕਬੇ



Sri Satguru Jagjit Singh Ji eLibrary NamdhariElibrary@gmail.com

ਦਾ ਵਾਧਾ ਭਾਵੇਂ ਸਾਡੀ ਲੋੜ ਏ, ਪਰ ਬਿਰਛਾਂ ਨਾਲ ਰਿਸ਼ਤੇਦਾਰੀ ਪੁਨਰ ਜੀਵਤ ਕਰਕੇ ਆਪਣੀ ਧਰਤੀ ਨੂੰ ਈ ਹਰਿਆ ਭਰਿਆ ਨਹੀਂ ਕਰਾਂਗੇ ਸਗੋਂ ਜਾਨਵਰਾਂ ਦੀਆਂ ਰਿਹਾਇਸ਼ ਗਾਹਵਾਂ, ਦਰਿਆਵਾਂ, ਨਾਲਿਆਂ, ਪਹਾੜਾਂ, ਮੈਦਾਨਾਂ ਨੂੰ ਵੀ ਸਿਹਤਮੰਦ ਰੱਖ ਰਹੇ ਹੋਵਾਂਗੇ। ਸਾਡੇ ਬਾਬੇ ਆਖ ਗਏ ਨੇ—

**ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤ ਮਹੁਤ।**
**ਦਿਵਸ ਰਾਤ ਦੋਇ ਦਾਈ ਦਾਇਆ ਖੇਲੈ ਸਗਲ ਜਗਤੁ॥**

ਇਹਨਾਂ ਸ਼ਬਦਾਂ ਵਿਚ ਵਿਗਿਆਨਕ ਅਰਥ ਲੁਕੇ ਹੋਏ ਨੇ-

ਧਰਤੀ ਨੂੰ ਪੂਰਬੀ ਫਲਸਫਿਆਂ ਵਿਚ ਮਾਂ ਜਾਂ ਇਸਤ੍ਰੀ ਨਾਲ ਤੁਲਨਾ ਦਿੱਤੀ ਗਈ ਏ ਤੇ ਪਾਣੀ ਸਵਾਤੀ ਬੂੰਦ, ਮਰਦ ਦੇ ਵੀਰਜ ਦੀ ਸੰਗਿਆ ਏ। ਜਦੋਂ ਇਹ ਦੋਵੇਂ ਮਿਲਦੇ ਨੇ ਤਾਂ ਇਹਨਾਂ ਵਿਚ ਗਿਆਨ, ਸੋਝੀ, ਪਵਨ ਆਕਸੀਜਨ ਰਾਹੀਂ ਆਉਂਦੀ ਏ। ਇਹਨਾਂ ਸਾਰੇ ਤੱਤਾਂ ਨੂੰ ਅਨੁਕੂਲ ਹਾਲਾਤ, ਨਿੱਘ, ਠੰਢਕ, ਸੂਰਜੀ ਚੱਕਰ, ਦਿਵਸ ਰਾਤ ਬਖਸ਼ਦੇ ਨੇ। ਫਿਰ ਈ ਸੰਭਵ ਏ ਸਿਹਤਮੰਦ ਜਗਤ ਦਾ ਵਿਕਾਸ। ਅਸਾਂ ਏਸ ਸਿੱਖਿਆ ਨੂੰ ਸਾਹਮਣੇ ਰੱਖਦੇ ਹੋਏ ਤੁਰਨਾ ਏ। ਜੇ ਅਵੇਸਲੇ ਹੋ ਗਏ, ਘੇਸਲ ਵੱਟ ਛੱਡੀ ਫੇਰ ਸਿਆਣਿਆਂ ਦਾ ਮੱਤ ਏ ਕਿ ਸਿਰਫ ਅਗਲੇ ਪੰਜਾਹਾਂ ਕੁ ਸਾਲਾਂ ਵਿਚ ਈ ਪਰਲੋ ਆਉਣ ਵਾਲੀ ਏ ਜਦੋਂ ਸਭ ਕੁੱਝ ਤਹਿਸ-ਨਹਿਸ ਹੋ ਜਾਵੇਗਾ। ਏਹਦੇ ਲਈ ਐਟਮੀ ਧਮਾਕਿਆਂ, ਜੰਗਾਂ-ਯੁੱਧਾਂ, ਤੋਪਾਂ-ਬੰਦੂਕਾਂ, ਰਾਜ ਪਲਟਿਆਂ, ਇਨਕਲਾਬਾਂ ਦੀ ਕੋਈ ਜ਼ਰੂਰਤ ਨਹੀਂ। ਵਾਤਾਵਰਣ ਵਿਚ ਵਾਪਰ ਰਹੀਆਂ ਤਬਦੀਲੀਆਂ ਸਾਨੂੰ ਏਡਜ਼, ਵਾਇਰਸ ਰੋਗ, ਹੈਪਾਟਾਈਟਸ, ਕੈਂਸਰ, ਤਪਦਿਕ ਵਰਗੇ ਅਤਿ ਭਿਆਨਕ ਰੋਗਾਂ ਵੱਲ ਬੜੇ ਜੋਰ ਸ਼ੋਰ ਨਾਲ ਧੱਕ ਰਹੀਆਂ ਨੇ।

ਅਸਾਂ ਆਪ ਈ ਜੀਣਾ ਤੇ ਸਿਹਤਮੰਦ ਨਹੀਂ ਰਹਿਣਾ, ਨਾਲੋ-ਨਾਲ ਸਮੁੱਚੇ ਜਲ-ਥਲ ਦੇ ਜੀਵਾਂ, ਪਸ਼ੂ-ਪੰਛੀਆਂ, ਡੱਡੂਆਂ-ਮੱਛੀਆਂ ਨੂੰ ਜੀਣ ਦੇਣਾ ਹੈ। ਇਹ ਤਾਂ ਈ ਸੰਭਵ ਹੋ ਸਕੇਗਾ ਜੇ ਅਸਾਂ ਮਾਂ ਧਰਤੀ ਦਾ ਆਦਰ-ਸਤਿਕਾਰ ਕਰਦਿਆਂ ਹੋਇਆਂ, ਆਪਣੀਆਂ ਭੋਗਵਾਦੀ ਰੁੱਚੀਆਂ ਨੂੰ ਲਗਾਮ ਦੇ ਕੇ ਰੱਖਦਿਆਂ ਹੋਇਆ ਏਸ ਸੁਹਾਵੀ ਧਰਤ ਨੂੰ ਸਰਬਤ ਦੇ ਭਲੇ ਲਈ ਤੇ ਸਿਹਤਮੰਦ ਵਸੇਬੇ ਲਈ ਸਾਂਭ ਕੇ ਰੱਖਾਂਗੇ।

**—ਮਾਲਵਾ ਹਸਪਤਾਲ ਲਾਂਬੜਾ**

## ਪੰਜਾਬੀ ਕਿਸਾਨ ਦੀ ਵੇਦਨਾ

**-ਜਾਵੇਦ ਕਿਰਦਾਰ**

ਮੈਂ ਤੁਹਾਨੂੰ ਚਾਵਲ ਦਿੰਦਾਂ ਹਾਂ
ਦੁੱਧ-ਰੰਗੇ
ਤੁਸੀਂ ਮੈਨੂੰ ਜ਼ਹਿਰ ਦਿੰਦੇ ਹੋ
ਰੰਗ ਬਰੰਗੀ

ਸ਼ਾਇਦ ਤੁਸੀਂ ਭੁੱਲ ਗਏ ਹੋ
ਉਹ ਦਿਨ
ਜਦੋਂ ਭਾਰਤ ਦਾ ਨਕਸ਼ਾ
ਭਿਖਿਆ ਦੇ ਠੂਠੇ ਵਰਗਾ
ਹੋ ਗਿਆ ਸੀ

ਉਦੋਂ ਤੁਸੀਂ ਇਕ-ਇਕ ਦਾਣੇ ਨੂੰ
ਤਰਸਦੇ ਸੀ
ਅੱਜ ਤੁਸੀਂ ਖ਼ੁਰਦਬੀਨਾ ਹੇਠ ਰੱਖ ਕੇ
ਮੇਰੇ ਦੁਧੀਆ ਦਾਣਿਆਂ ਤੋਂ
ਦਾਗ ਲੱਭਣ ਨੂੰ ਤਰਸਦੇ ਹੋ
ਤਾਂ ਜੋ ਆਪਣੀ ਸਿਰ ਆਉਂਦੀ
ਹਰੇਕ ਤੁਹਮਤ ਨੂੰ
ਉਨ੍ਹਾਂ ਦਾਗਾਂ ਹੇਠ ਲੁਕਾ ਸਕੋਂ

ਪਰ ਮੈਂ ਕਿੱਥੇ ਲੁਕ ਜਾਂਵਾਂ
ਮੈਂ ਤਾਂ ਤੁਹਾਡੇ ਗੁਦਾਮ ਤੇ
ਤਜੋਰੀਆ ਭਰਦਿਆਂ
ਤੁਹਾਡੀਆਂ ਅਪੀਲਾਂ ਤੇ
ਸਿਫ਼ਾਰਿਸ਼ਾਂ ਉੱਤੇ ਅਮਲ ਕਰਦਿਆਂ
ਆਪਣੀ ਖੁਸ਼ਹਾਲੀ ਦੀ
ਮਿਰਗ ਤ੍ਰਿਸ਼ਨਾਂ ਪਿੱਛੇ ਭਜਦਿਆਂ
ਆਪਣੀ ਧਰਤੀ ਨੂੰ
ਖਾਦਾਂ ਤੇ ਕੀਟ-ਨਾਸ਼ਕ ਦਵਾਈਆਂ ਦੀ
ਜ਼ਹਿਰ ਨਾਲ ਭਰ ਲਿਆ
ਮਿੱਟੀ ਨੂੰ ਸਾਹ-ਸਤ ਹੀਣ
ਪਾਣੀ ਤੇ ਹਵਾ ਨੂੰ
ਜ਼ਹਿਰਵਾਨ ਕਰ ਲਿਆ

ਹੁਣ ਮੈਂ ਏਥੇ ਕੀ ਉਗਾਵਾਂ
ਜਿਸ ਦੀ ਛਾਵੇਂ ਬੈਠ ਜਾਵਾਂ

ਹੁਣ ਕਿਸੇ ਕੋਲ ਕੁਝ ਨਹੀਂ
ਮੈਨੂੰ ਦੱਸਣ ਨੂੰ, ਕਹਿਣ ਨੂੰ

ਅਸਲੀਅਤ ਤਾਂ ਕੀ
ਮੇਰੇ ਕੋਲ ਤਾਂ ਕੋਈ ਸੁਪਨਾ ਵੀ ਨਹੀਂ
ਛਾਂਵੇਂ ਬਹਿਣ ਨੂੰ

**ਪੰਜ ਦਰਿਆ ਤੋਂ ਧੰਨਵਾਦ ਸਹਿਤ**



Sri Satguru Jagjit Singh Ji eLibrary NamdhariElibrary@gmail.com

https://archive.org/details/namdhari



# "ਦਰਦ ਨਾ ਜਾਣੈ ਕੋਇ"

—ਤਰਲੋਕ ਮਨਸੂਰ

ਰੈੱਡ ਕਰਾਸ ਬਿਰਧ ਆਸ਼ਰਮ ਦਾ ਮਾਹੌਲ ਅੱਜ ਸਵੇਰੇ ਤੋਂ ਹੀ ਡਾਹਢਾ ਸੋਗਵਾਰ ਹੈ। ਏਥੋਂ ਦੇ ਚਾਲੀ ਦੇ ਚਾਲੀ ਵਸਨੀਕ ਇਕ ਤਰ੍ਹਾਂ ਦੀ ਉਪਰਾਮਤਾ ਵਿਚ ਡੁਬੇ ਤੇ ਬੇ-ਰਹਿਮ ਮੌਤ ਦੇ ਬੇ-ਨਕਸ਼ ਭੈਅ ਨਾਲ ਸਹਿਮੇਂ ਆਪੋ-ਆਪਣੇ ਕਮਰਿਆਂ ਵਿਚ ਦੁਬਕੇ ਬੈਠੇ ਹਨ। ਇਨ੍ਹਾਂ ਸਾਰਿਆਂ ਦਾ ਚਹੇਤਾ, ਤੇ ਆਸ਼ਰਮ ਵਿਚ ਸਭ ਤੋਂ ਪਹਿਲਾਂ ਦਾਖਿਲ ਹੋਣ ਵਾਲਿਆਂ ਵਿਚੋਂ ਇਕ ਸਾਥੀ ਜਸਵੰਤ ਰਾਏ ਰਾਤ ਪੂਰਾ ਹੋ ਗਿਆ ਹੈ।

ਆਸ਼ਰਮ ਵੱਲੋਂ ਬਜ਼ੁਰਗਾਂ ਲਈ ਰਖਿਆ ਗਿਆ ਸੇਵਾਦਾਰ ਮੁੰਡਾ ਮੁਰਲੀ ਹਰ ਰੋਜ਼ ਸਵੇਰੇ ਬੈੱਡ-ਟੀ ਲੈ ਕੇ ਆਉਂਦਾ ਹੈ। ਹਰ ਬੂਹੇ ਤੇ ਹੌਲੀ ਜਿਹੀ ਥਾਪ ਦੇਂਦਾ ਹੈ ਤੇ ਆਖਦਾ ਹੈ- "ਬਾਬਾ ਜੀ ਚਾਹ। ਮਾਤਾ ਜੀ ਦਿਨ ਚੜ੍ਹ ਗਿਆ।" ਬਜ਼ੁਰਗ ਬਿਸਤਰਿਆਂ 'ਚੋਂ ਉੱਠ ਜਾਂਦੇ ਹਨ। ਆਪੋ-ਆਪਣੇ ਗਲਾਸਾਂ/ਕੱਪਾਂ ਵਿਚ ਚਾਹ ਪੁਆ ਲੈਂਦੇ ਹਨ। ਚੁਸਕੀਆਂ ਭਰਦਿਆਂ ਹੋਇਆਂ ਅਤੀਤ ਨਾਲ ਜੁੜੀਆਂ ਯਾਦਾਂ ਦੀ ਲੜੀ ਸ਼ੁਰੂ ਹੋ ਜਾਂਦੀ ਹੈ। ਜੋ ਅਕਸਰ ਮਾਨਸਕ ਤਣਾਅ ਦਾ ਕਾਰਨ ਬਣਦੀ ਹੈ। ਇਹਨਾਂ ਯਾਦਾਂ ਨੂੰ ਭੁਚਲਾਉਣ ਲਈ ਤੇ ਇਨ੍ਹਾਂ ਤੋਂ ਪੱਲਾ ਛੁਡਾਉਣ ਲਈ ਉਹ ਨਹਾ ਧੋ ਕੇ ਗੁਰਦੁਆਰੇ ਮੱਥਾ ਟੇਕਣ ਵੀ ਜਾਂਦੇ ਹਨ। ਪਾਠ ਵੀ ਸੁਣਦੇ ਹਨ ਤੇ ਮਾਲਾ ਵੀ ਫੇਰਦੇ ਹਨ, ਤਾਂ ਵੀ ਅਤੀਤ ਇਹਨਾਂ ਦੇ ਅਹਿਸਾਸ ਨਾਲ ਪੁੱਠ-ਕੰਡੇ ਵਾਂਗ ਚਿਬੜਿਆ ਹੋਇਆ ਹੈ, ਜੋ ਥੋੜ੍ਹੀ ਕੀਤਿਆਂ ਲਹਿਣ ਦਾ ਨਾਂਅ ਨਹੀਂ ਲੈਂਦਾ।

ਅੱਜ ਸਵੇਰੇ ਵੀ ਮੁਰਲੀ ਬੈੱਡ-ਟੀ ਲੈ ਕੇ ਆਇਆ ਸੀ। ਚਾਹ ਵਰਤਾਂਦਿਆਂ ਜਦ ਉਸ ਕਮਰਾ ਨੰਬਰ ਅਠਾਰਾਂ ਦਾ ਦਰਵਾਜ਼ਾ ਥਪਥਪਾਇਆ ਤਾਂ ਅੰਦਰ ਕੋਈ ਹਿਲ-ਜੁਲ ਨਹੀਂ ਸੀ ਹੋਈ। ਉਹ ਥੋੜ੍ਹੀ ਉੱਚੀ ਸੁਰ ਵਿਚ ਵੀ ਪੁਕਾਰਿਆ ਸੀ- "ਬਾਬਾ ਜੀ, ਏ ਬਾਬਾ ਜੀ।"

ਅੰਦਰੋਂ ਕੋਈ ਉੱਤਰ ਨਾ ਆਉਣ ਤੇ, ਉਸ ਧੱਕਾ ਦੇ ਕੇ ਭਿੱਤ ਖੋਲ੍ਹ ਲਿਆ ਸੀ। 'ਬਾਬਾ ਜੀ ਚਾਹ।'

ਜਦ ਬਾਬਾ ਜਸਵੰਤ ਰਾਏ ਫਿਰ ਵੀ ਨਾਂ ਹਿੱਲਿਆ ਤਾਂ ਉਸ ਹੱਥ ਲਾ ਕੇ ਵੇਖਿਆ। ਬਾਬੇ ਦਾ ਸਰੀਰ ਆਕੜਿਆ ਪਿਆ ਸੀ। ਘਬਰਾਇਆ ਤੇ ਡਰਿਆ ਮੁਰਲੀ ਇਕ ਦਮ ਕਮਰਿਉਂ ਬਾਹਰ ਨਿਕਲ ਆਇਆ, ਤੇ ਇਹ ਖਬਰ ਦੇਣ ਲਈ ਸਿੱਧਾ ਮੈਨੇਜਰ ਦੇ ਕਮਰੇ ਵਲ ਭੱਜ ਗਿਆ ਸੀ।

ਫਿਰ ਚਾਹ ਵੰਡਦਿਆਂ ਇਹ ਖਬਰ ਉਸ ਨੇ ਹਰ ਕਮਰੇ ਵਿਚ ਪੁਚਾ ਦਿੱਤੀ ਸੀ। ਪਲਾਂ ਵਿਚ ਹੀ ਸਾਰੇ ਬਜ਼ੁਰਗ ਬਾਬੇ ਜਸਵੰਤ ਰਾਏ ਦੇ ਕਮਰਾ ਨੰਬਰ ਅਠਾਰਾਂ ਵਿਚ ਇਕੱਠੇ ਹੋਣੇ ਸ਼ੁਰੂ ਹੋ ਗਏ ਸਨ। ਜੋ ਵੀ ਮ੍ਰਿਤਕ ਦੇਹ ਨੂੰ ਵੇਖਦਾ, ਕੰਬ ਜਾਂਦਾ। ਲੱਗਦਾ-ਮੌਤ ਅਜੇ ਏਥੇ ਹੀ ਕਿਸੇ ਨੁਕਰੇ ਛੁਪੀ ਬੈਠੀ ਹੈ, ਤੇ ਹੁਣੇ ਸ਼ਾਇਦ ਉਸ ਦੀ ਬਾਂਹ ਆ ਫੜੇਗੀ। ਸਹਿਮਿਆਂ ਮੰਨ ਕਿਸੇ ਹੋਰ ਪਾਸੇ ਪਾਣ ਲਈ ਉਹ ਬੋਲ ਪੈਂਦਾ- "ਆਹ ਜੇ ਅੰਤ ਬੰਦੇ ਦਾ, ਬਹੁਤਿਆਂ ਰਿਸ਼ਤਿਆਂ ਵਾਲਿਆਂ ਤੇਰਾ ਕੋਈ ਨਾ ਬੇਲੀ, ਵਿਚਾਰਾ, ਅੱਛਾ ਵਾਹਿਗੁਰੂ ਜਿਵੇਂ ਤੇਰੀ ਰਜ਼ਾ।"

ਪ੍ਰਬੰਧਕਾਂ ਨੂੰ ਖਬਰ ਕੀਤੀ ਗਈ। ਉਹਨਾਂ ਦੀਆਂ ਹਦਾਇਤਾਂ ਅਨੁਸਾਰ ਮੈਨੇਜਰ ਨੇ ਜਸਵੰਤ ਰਾਏ ਦੇ ਦੂਹਾਂ ਪੁਤਰਾਂ ਨਾਲ ਟੈਲੀਫੋਨ ਰਾਹੀਂ ਸੰਪਰਕ ਕੀਤਾ। ਉੱਤਰ ਮਿਲਿਆ, ਉਹ ਪਿਉ ਦੀ ਮ੍ਰਿਤਕ ਦੇਹ ਲੈਣ ਲਈ ਆ ਰਹੇ ਹਨ।

ਹੁਣ ਉਹਦੇ ਪੁੱਤਰਾਂ ਦੀ ਉਡੀਕ ਕੀਤੀ ਜਾ ਰਹੀ ਹੈ, ਜਿਨ੍ਹਾਂ ਦੇ ਹੋਰ ਘੰਟੇ ਅੱਧੇ ਤੱਕ ਪੁੱਜ ਜਾਣਾ ਦੀ ਸੰਭਾਵਨਾ ਹੈ। ਉਹ ਦੇਹ ਨੂੰ ਪਿੰਡ ਲੈ ਜਾਣਗੇ, ਘਰ ਵਿਚ ਕੁਰਲਾਟ ਮੱਚ ਜਾਵੇਗਾ। ਵੈਣ, ਕੀਰਨੇ, ਹੌਕੇ ਸਭ ਕੁਝ ਫਿਰ ਮ੍ਰਿਤਕ ਦੇਹ ਨੂੰ ਮਲ-ਮਲ ਨੁਹਾਇਆ ਜਾਵੇਗਾ। ਚਿੱਟੀ ਚਾਦਰ ਵਿਚ ਵਲ੍ਹੇਟ ਕੇ ਮੂੰਹ ਵਿਚ ਮੱਖਣ ਧਰਿਆ ਜਾਵੇਗਾ। ਗੁਲਾਬ ਜੱਲ ਦਾ ਛਿੜਕਾਅ ਹੋਵੇਗਾ। ਬਿਬਾਨ ਸਜੇਗਾ। ਬਿਬਾਨ ਨਾਲ ਝੰਡੀਆਂ ਤੇ ਹਵਾ ਭਰੇ ਭੁਕਾਨੇ ਬਨ੍ਹੇ ਜਾਣਗੇ। ਗਿਰੀ, ਛੁਹਾਰੇ ਤੇ ਮਖਾਣਿਆਂ ਦੀ ਸੋਟ ਹੋਵੇਗੀ। ਅਰਥੀ ਦੇ ਅੱਗੇ-ਅੱਗੇ ਬੈਂਡ ਵਜੇਗਾ ਤੇ ਫਿਰ ਪੂਰੀਆਂ ਰਸਮਾਂ ਨਾਲ ਦੇਹ ਦਾ ਸਸਕਾਰ ਕੀਤਾ ਜਾਵੇਗਾ।

ਬੰਦੇ ਵਿਚ ਜਿਥੇ ਸੌ ਗੁਣ ਹੁੰਦੇ ਹਨ ਉਥੇ ਇਕ ਅੱਧਾ ਔਗਣ ਵੀ ਹੁੰਦਾ ਹੈ। ਜਸਵੰਤ ਰਾਏ ਦੀ ਕਮਜ਼ੋਰੀ ਇਹ ਗਿਣੀ ਜਾਂਦੀ ਸੀ ਕਿ ਉਹ ਗਲਾਧੜੀ ਬਹੁਤ ਸੀ। ਬੋਲਣ ਲਗਦਾ ਤਾਂ ਫਿਰ ਬੋਲੀ ਜਾਂਦਾ।

ਪਿਛਲੀ ਉਮਰੇ ਬੰਦਾ ਜਿਉਂ-ਜਿਉਂ ਮੌਤ-ਮੰਜ਼ਿਲ ਦੇ ਨੇੜੇ ਹੋਈ ਜਾਂਦਾ ਹੈ, ਤਿਉਂ-ਤਿਉਂ ਹੀ ਦੁਨੀਆ ਵੱਲੋਂ ਉਸ ਦਾ ਮੋਹ ਭੰਗ ਹੋਈ ਜਾਂਦਾ ਹੈ, ਤੇ ਉਹ ਆਪਣੇ ਆਪ ਵਿਚ ਹੀ ਸੁੰਗੜਨਾ ਸ਼ੁਰੂ ਹੋ ਜਾਂਦਾ ਹੈ। ਇਹੀ ਵਜ੍ਹਾ ਹੈ ਕਿ ਬਹੁਤੇ



Sri Satguru Jagjit Singh Ji eLibrary NamdhariElibrary@gmail.com

ਬਿਰਧ ਏਕਾਂਤ ਪਸੰਦ ਹੋ ਜਾਂਦੇ ਹਨ ਤੇ ਚੁੱਪ ਧਾਰ ਲੈਂਦੇ ਹਨ। ਪਰ ਜਸਵੰਤ ਰਾਏ ਦਾ ਅਸਤਿਤਵ ਤਲੀ ਤੇ ਧਰੇ ਪਾਰੇ ਦੇ ਕਤਰੇ ਵਾਂਗ ਸੀ-ਅਸਥਿਰ ਤੇ ਬੇ-ਚੈਨ। ਜਿਸ ਕੋਲ ਵੀ ਬਹਿੰਦਾ ਆਪਣੀ ਹੀ ਰਾਮ ਕਹਾਣੀ ਛੇੜ ਬਹਿੰਦਾ। ਪਰਤ-ਪਰਤ ਉਹੀ ਕਿੱਸੇ ਤੇ ਉਹੀ ਪੁੱਤਰਾਂ ਦੀ ਬੇ-ਵਫਾਈ ਦਾ ਰੋਣਾ-ਧੋਣਾ। ਕਰੀਬ-ਕਰੀਬ ਸਾਰੇ ਹੀ ਉਸ ਕੋਲ ਬਹਿਣ ਤੋਂ ਕੰਨੀਂ ਕਤਰਾਂਦੇ ਸਨ। ਇਸ ਲਈ ਜਦ ਵੀ ਕੋਈ ਨਵਾਂ ਬਿਰਧ ਇਸ ਆਸ਼ਰਮ ਵਿਚ ਦਾਖਲ ਹੁੰਦਾ, ਜਸਵੰਤ ਰਾਏ ਉਸ ਦੇ ਕਮਰੇ ਵਿਚ ਜਾ ਹਾਜ਼ਰ ਹੁੰਦਾ। "ਜੀ ਆਇਆਂ ਨੂੰ।" ਆਖਦਾ ਹੋਇਆ ਹੱਥ ਮਿਲਾਂਦਾ। ਹਾਲਚਾਲ ਪੁੱਛਦਾ। ਕਿਥੋਂ ਆਏ ਹੋ? ਕਿੰਨੇ ਪੁੱਤਰ ਜੇ? ਕਿੰਨੀਆਂ ਧੀਆਂ? ਜੀਵਨ ਸਾਥਣ? ਕੀ ਕਾਰੋਬਾਰ ਕਰਦੇ ਨੇ ਬੱਚੇ?

ਤੇ ਇੰਜ ਉਹ ਅਗਲੇ ਨਾਲ ਹਮਦਰਦੀ ਜਤਾ ਕੇ, ਉਸ ਦਾ ਮਨ ਮੋਹ ਕੇ ਉਹ ਆਪਣੀ ਰਮਾਇਣ ਖੋਲ੍ਹਦਾ। ਆਖਦਾ-ਭਾਈ ਸਾਹਬ ਸ਼ੁਕਰ ਕਰੋ ਪਰਮਾਤਮਾ ਦਾ, ਠੀਕ ਥਾਂ ਤੇ ਆ ਗਏ ਓ। ਏਥੇ ਸਾਡੀ ਹਰ ਤਰ੍ਹਾਂ ਦੇਖ-ਭਾਲ ਹੁੰਦੀ ਏ। ਭੁਲ ਜਾਉ ਪਿਛਲੀਆਂ ਨੂੰ। ਕਾਹਦੇ ਰਿਸ਼ਤੇ? ਕਾਹਦੇ ਨਾਤੇ? ਅੱਜ ਕੌਣ ਜੇ ਕਿਸੇ ਦਾ? ਸਭ ਬਕਵਾਸ ਹੈ ਨਿਰਾ ਪੂਰਾ ਅਡੰਬਰ। ਕੋਈ ਕਿਸੇ ਦਾ ਨਹੀਂ ਜੇ। ਮੈਂ ਤੁਹਾਨੂੰ ਆਪਣੀ ਹੀ ਕਹਾਣੀ ਦੱਸਦਾ ਹਾਂ। ਤੇ ਉਹ ਸ਼ੁਰੂ ਹੋ ਜਾਂਦਾ-

ਮੈਂ ਦਸ ਕਰ ਕੇ ਪਟਵਾਰੀ ਲੱਗ ਗਿਆ ਸਾਂ। ਚਹੁੰ ਪੰਜਾਂ ਪਿੰਡਾਂ ਤੇ ਮੇਰੀ ਕਲਮ ਚਲਦੀ ਸੀ। ਸਰਕਾਰੀ ਮਸ਼ੀਨਰੀ ਵਿਚ ਲੱਗਾ ਭਾਵੇਂ ਮੈਂ ਇਕ ਨਿਕਾ ਜਿਹਾ ਪੁਰਜ਼ਾ ਹੀ ਸਾਂ ਤਾਂ ਵੀ ਜੱਟ ਮੇਰਾ ਪਾਣੀ ਭਰਦੇ ਸਨ। ਕੋਈ ਮੇਰੇ ਘਰ ਬੱਧੀ ਮੱਝ ਲਈ ਪਠਿਆਂ ਦੀ ਪੰਡ ਸੁੱਟ ਜਾਂਦਾ ਤੇ ਕੋਈ ਘਿਉ ਦਾ ਡੱਬਾ ਫੜਾ ਜਾਂਦਾ। ਭੋਏਂ ਦੀ ਨਿਸ਼ਾਨ-ਦਹੀ ਕਰਵਾਈ ਤੇ ਖਸਰਾ ਖਤੌਣੀ ਦੀ ਨਕਲ ਆਦਿ ਲੈਣੀ ਜਹੇ ਕੰਮ ਅਕਸਰ ਉਹਨਾਂ ਨੂੰ ਮੇਰੇ ਗੋਚਰੇ ਪਏ ਰਹਿੰਦੇ ਸਨ।

ਗੁਜ਼ਾਰਾ ਵਾਹਵਾ ਹੋਈ ਜਾ ਰਿਹਾ ਸੀ। ਵਿਆਹ ਤੇ ਨੌਕਰੀ ਲੱਗਣ ਤੋਂ ਪਹਿਲਾਂ ਹੀ ਹੋ ਗਿਆ ਹੋਇਆ ਸੀ, ਵਕਤ ਪਾ ਕੇ ਦੋ ਪੁੱਤਰ ਤੇ ਇਕ ਧੀ ਵੀ ਹੋ ਗਏ। ਪਿਤਾ ਜੀ ਵਿਛੋੜਾ ਦੇ ਗਏ ਸਨ। ਮਾਤਾ ਮੇਰੀ, ਮੇਰੀ ਸੰਭਾਲ ਤੋਂ ਵੀ ਪਹਿਲਾਂ ਦੀ ਪਰਲੋਕ ਸਿਧਾਰ ਗਈ ਹੋਈ ਸੀ। ਮੈਂ ਆਪਣੇ ਟੱਬਰ ਵਿਚ ਸੁਖ ਦੇ ਦਿਨ ਬਤੀਤ ਕਰ ਰਿਹਾ ਸਾਂ। ਪਰ ਭਾਈ ਸਾਹਬ ਸੁਖ ਹਮੇਸ਼ਾ ਨਹੀਂ ਟਿਕਦਾ ਹੁੰਦਾ। ਦੁਖ ਦੇ ਦਿਨ ਲੰਮੇਂ ਹੁੰਦੇ ਹਨ, ਸੁਖ ਦੇ ਛੋਟੇ। ਤੇ ਇਹ ਛੋਟੇ ਵੀ ਛੇਤੀ ਬੀਤ ਜਾਂਦੇ ਹਨ।

ਸਾਡੀ ਪਟਵਾਰ ਯੂਨੀਅਨ ਨੇ ਕੁਝ ਮੰਗਾਂ ਨੂੰ ਲੈ ਕੇ ਹੜਤਾਲ ਕਰ ਦਿੱਤੀ ਸੀ। ਇਹ ਹੜਤਾਲ ਲੰਮੀਂ ਹੁੰਦੀ ਗਈ। ਉਹਨੀਂ ਦਿਨੀਂ ਸ੍. ਪ੍ਰਤਾਪ ਸਿੰਘ ਕੈਰੋਂ ਪੰਜਾਬ ਦੇ ਮੁੱਖ ਮੰਤਰੀ ਸਨ। ਆਈ ਤੇ ਆਇਆ ਹੋਇਆ ਜੱਟ। ਬੜਾ ਖਰਾਂਟ ਬੰਦਾ ਸੀ। ਉਸ ਸਾਰੇ ਦੇ ਸਾਰੇ ਪਟਵਾਰੀ ਨੌਕਰੀ ਤੋਂ ਕਢ ਦਿੱਤੇ ਤੇ ਨਵੇਂ ਮੁੰਡੇ ਰਾਤੋ-ਰਾਤ ਭਰਤੀ ਕਰ ਲਏ।

ਭਾਈ ਸਾਹਬ ਪਤਾ ਨਾ ਲਗੇ ਪਈ ਹੁਣ ਕਿਧਰ ਜਾਵਾਂ। ਨੌਕਰੀ ਲਈ ਏਧਰ-ਉਧਰ ਬਥੇਰੇ ਹੱਥ ਮਾਰੇ, ਪਰ ਕਿਤੇ ਵੀ ਸਫਲਤਾ ਹੱਥ ਨਾ ਲੱਗੀ। ਅਖੀਰ ਹਾਰ ਕੇ ਪਿੰਡ ਵਿੱਚ ਹੀ ਕਰਿਆਨੇ ਦੀ ਹੱਟੀ ਪਾ ਲਈ। ਲੋਕਾਂ ਨਾਲ ਚੰਗੀ ਬੇਈਮਾਨੀ ਕੀਤੀ। ਬੱਚਿਆਂ ਨੂੰ ਲਿਖਾਇਆ ਪੜ੍ਹਾਇਆ, ਪਾਲਿਆ ਪੋਸਿਆ, ਵਿਆਹਿਆ ਤੇ ਰੋਜ਼ਗਾਰ ਤੇ ਲਵਾਇਆ, ਵੱਡਾ ਮੁੰਡਾ ਸਰਦਾਰੀ ਲਾਲ ਜੇ.ਬੀ.ਟੀ. ਕਰਕੇ ਪ੍ਰਾਇਮਰੀ ਸਕੂਲ ਵਿਚ ਟੀਚਰ ਲੱਗ ਗਿਆ। ਨਿੱਕੇ ਗਿਰਧਾਰੀ ਨੇ ਦਸ ਕੀਤੀਆਂ। ਟਾਈਪ ਸਿਖੀ ਤੇ ਸਿਵਿਲ ਸਪਲਾਈ ਮਹਿਕਮੇ ਵਿਚ ਕਲਰਕ ਬਣ ਗਿਆ। ਧੀ ਕ੍ਰਿਸ਼ਨਾ ਦੇ ਹੱਥ ਪੀਲੇ ਕੀਤੇ। ਆਪਣੀ ਵੱਲੋਂ ਚੰਗੇ ਥਾਂ ਹੀ ਵਿਆਹੀ, ਪਰ ਕਿਸਮਤ ਹੁੰਦੀ ਏ ਭਾਈ ਸਾਹਬ ਆਪੋ-ਆਪਣੀ। ਜੁਆਈ ਸ਼ਰਾਬੀ ਕਬਾਬੀ ਨਿਕਲ ਆਇਆ। ਧੀ ਵੱਲੋਂ ਜਦ ਵੀ ਕੋਈ ਖਬਰ ਆਉਂਦੀ ਤੱਤੀ ਹਵਾ ਦੇ ਬੁਲ੍ਹੇ ਜਹੀ ਹੀ ਆਉਂਦੀ। ਕ੍ਰਿਸ਼ਨਾਂ ਦੀ ਮਾਂ ਝੁਰਦੀ-ਝੁਰਦੀ ਅਖੀਰ ਧੀ ਦੇ ਗ਼ਮ ਵਿਚ ਹੀ ਰੱਬ ਦੇ ਦਵਾਰੇ ਜਾ ਬੈਠੀ।

ਇਕ ਗਲ ਭਾਈ ਸਾਹਬ ਮੈਂ ਤੁਹਾਨੂੰ ਦਸਣੀਂ ਭੁੱਲ ਗਿਆ। ਭਲੇ ਦਿਨਾਂ ਵਿਚ ਕੁਝ ਉਮਰ ਭਰ ਦੀ ਕਮਾਈ ਤੇ ਕੁਝ ਕ੍ਰਿਸ਼ਨ ਦੀ ਮਾਂ ਦਾ ਛਾਪ ਛੱਲਾ ਵੇਚ ਕੇ ਮੈਂ ਆਪਣਾ ਮਕਾਨ ਪਾ ਲਿਆ ਸੀ। ਇਕਸੇ ਲੈਣ ਵਿਚ ਚਾਰ ਕਮਰੇ, ਅੱਗੇ ਬਰਾਂਡਾਂ, ਬਰਾਂਡੇ ਦੇ ਦੂਹਾਂ ਸਿਰਿਆਂ ਤੇ ਦੋ ਰਸੋਈਆਂ। ਇਹ ਸਾਰਾ ਕੰਮ ਭਾਵੇਂ ਕਿਸ਼ਤਾਂ ਵਿਚ ਈ ਹੋਇਆ ਸੀ, ਤਾਂ ਵੀ ਮੈਂ ਆਪਣੀ ਜ਼ਿੰਦਗੀ ਦੀ ਇਕ ਰੀਝ ਤਾਂ ਪੂਰੀ ਕਰ ਹੀ ਲਈ ਸੀ। ਮੈਂ ਇਕ ਮਕਾਨ ਦਾ ਮਾਲਕ ਹੋ ਗਿਆ ਸਾਂ। ਕਿਹੁ ਜਹੀ ਖੁਸ਼ੀ ਸੀ? ਮੇਰਾ ਆਪਣਾ ਮਕਾਨ? ਤੇ ਭਾਈ ਸਾਹਬ ਵਕਤ ਦਾ ਪਹੀਆ ਘੁੰਮਦਾ ਰਿਹਾ। ਬਚਿਆਂ ਦੇ ਅੱਗੋਂ ਬੱਚੇ ਹ ਗਏ। ਮੈਂ ਬੁੱਢਾ ਹੋ ਗਿਆ। ਦੁਕਾਨ ਸਮੇਟ ਦਿੱਤੀ ਗਈ।

ਪਹਿਲਾਂ-ਪਹਿਲ ਟੱਬਰ ਸਾਂਝਾ ਸੀ। ਅਸੀਂ ਪੋਤੇ ਪੋਤੀਆਂ ਨਾਲ ਮੋਹ ਪਾ ਲਿਆ ਹੋਇਆ ਸੀ। ਦਿਨ ਸੁਖ-ਸੁਖਾਂ ਦੇ ਲੰਘ ਰਹੇ ਸਨ। ਪਰ ਭਾਈ ਸਾਹਬ ਤੁਸੀਂ ਜਾਣਦੇ ਈ ਓ ਦਿਨ ਸਦਾ ਇਕੋ ਜਹੇ ਨਹੀਂ ਰਹਿੰਦੇ। ਹੌਲੀ-ਹੌਲੀ ਭਰਾਵਾਂ



Sri Satguru Jagjit Singh Ji eLibrary NamdhariElibrary@gmail.com

ਵਿਚ ਖਹਿਬੜ-ਬਾਜ਼ੀ ਸ਼ੁਰੂ ਹੋ ਗਈ। ਜੋ ਵਧਦੀ-ਵਧਦੀ ਹਰ ਵੇਲੇ ਦਾ ਕਲੇਸ਼ ਬਣ ਗਈ। ਅਖੀਰ ਬਟਵਾਰਾ ਹੋਇਆ। ਦੋ ਕਮਰੇ ਤੇ ਇਕ ਰਸੋਈ ਵੱਡੇ ਨੇ ਸਾਂਭ ਲਏ। ਦੋ ਕਮਰੇ ਤੇ ਰਸੋਈ ਨਿੱਕੇ ਦੇ ਹੱਥ ਆਏ। ਵੱਡੇ ਨੇ ਮੈਨੂੰ ਆਪਣੇ ਨਾਲ ਰੱਖ ਲਿਆ ਤੇ ਮਾਂ ਨਿੱਕੇ ਦੇ ਹਿੱਸੇ ਆਈ। ਬਟਵਾਰਾ ਐਸਾ ਬੁਰਾ ਵਰਤਾਰਾ ਹੈ ਭਾਈ ਸਾਹਬ, ਵੇਖ ਲੌ ਸਾਨੂੰ ਦੁਹਾਂ ਨੂੰ ਵੀ ਹੋਰ ਮੰਜਿਆਂ ਬਿਸਤਰਿਆਂ ਵਾਂਗ ਵੰਡ ਲਿਆ ਗਿਆ। ਅਸੀਂ ਜੋ ਪਿਛਲੇ ਪੰਜਤਾਲੀ ਸਾਲਾਂ ਤੋਂ ਇਕ ਦੂਜੇ ਦੇ ਜੀਵਨ-ਸਾਥੀ ਸਾਂ, ਇਸ ਬਟਵਾਰੇ ਦੀ ਭੇਟ ਚੜ੍ਹ ਗਏ।

ਪਹਿਲਾਂ ਬਰਾਂਡਾ ਸਾਂਝਾ ਸੀ। ਫਿਰ ਇਸ ਵਿਚ ਵੀ ਕੰਧ ਕਢੀ ਗਈ। ਵੇਹੜੇ ਵਿਚ ਕੰਧ ਤੇ ਅਖੀਰ ਇਕ ਹੋਰ ਦਰਵਾਜ਼ਾ ਗਲੀ ਵਲ ਕੱਢ ਕੇ ਇਹ ਇਕ ਤੋਂ ਦੋ ਘਰ ਹੋਏ। ਇਕ ਘਰ ਸਰਦਾਰੀ ਲਾਲ ਦਾ, ਇਕ ਘਰ ਗਿਰਧਾਰੀ ਲਾਲ ਦਾ। ਤੇ ਇੰਜ ਮੈਂ ਜਿਸ ਨੇ ਸਾਰੀ ਉਮਰ ਦੀ ਜੋੜ ਜਮ੍ਹਾਂ ਲਾ ਕੇ ਇਹ ਘਰ ਬਨਾਇਆ ਸੀ, ਬੇ-ਘਰਾ ਹੋ ਕੇ ਰਹਿ ਗਿਆ।

ਤੇ ਭਾਈ ਸਾਹਬ ਇੰਜ ਦੁੱਖਾਂ ਦੀ ਕਹਾਣੀ ਜਦ ਸ਼ੁਰੂ ਹੁੰਦੀ ਹੈ ਤਾਂ ਦੁਖਾਂ ਦਰਦਾਂ ਦੀ ਲੰਮੀ ਦਾਸਤਾਨ ਬਣਦੀ ਹੈ। ਕੁਸ਼ਲਿਆ ਜਿਵੇਂ ਕਿ ਮੈਂ ਤੁਹਾਨੂੰ ਦਸ ਹੀ ਬੈਠਾ ਹਾਂ, ਕੁਝ ਪੁਤਰਾਂ ਵੱਲੋਂ ਦਿੱਤੇ ਸੰਤਾਪ ਤੇ ਕੁਝ ਧੀ ਦੇ ਗ਼ਮ ਨਾਲ ਛੇਤੀ ਹੀ ਪੂਰੀ ਹੋ ਗਈ।

ਮੈਂ ਵੱਡੇ ਪੁੱਤਰ ਵੱਲ ਰਹਿੰਦਾ ਸਾਂ। ਇਕ ਦਿਨ ਲੱਗਾ ਸਬਜ਼ੀ ਵਿਚ ਮਿਰਚ ਕੁਝ ਜ਼ਿਆਦਾ ਹੈ। ਮੈਂ ਸਹਿਜ ਸੁਭਾਅ ਹੀ ਨੂੰਹ ਨੂੰ ਕਿਹਾ-ਪੁੱਤਰ ਅੱਜ ਮਿਰਚ ਕੁਝ ਜ਼ਿਆਦਾ ਨਹੀਂ ਪੈ ਗਈ। ਅਗਲੇ ਦਿਨ ਵੀ ਮਿਰਚ ਤੇਜ਼ ਸੀ। ਮੈਂ ਸਮਝ ਗਿਆ ਤੇ ਮੂੰਹ ਬੰਦ ਹੀ ਰਖਿਆ। ਪਰ ਜਦ ਤਿੰਨ ਚਾਰ ਦਿਨ ਇਹੀ ਸਿਲਸਿਲਾ ਜਾਰੀ ਰਿਹਾ, ਤਾਂ ਮੈਂ ਇਕ ਦਿਨ ਸਰਦਾਰੀ ਨੂੰ ਕਿਹਾ ਪੁੱਤਰ ਮੈਨੂੰ ਮਿਰਚ ਪਚਦੀ ਨਹੀਂ ਤੇ...

ਮੇਰੀ ਸ਼ਿਕਾਇਤ ਵਿਚੇ ਰਹਿ ਗਈ, ਘਰ ਵਿਚ ਉਹ ਹੰਗਾਮਾ ਹੋਇਆ ਕਿ ਰਹੇ ਰਬ ਦਾ ਨਾਂਅ। ਨੂੰਹ ਨੇ ਮੇਰੀ ਰੋਟੀ ਪਕਾਣੋਂ ਸਾਫ਼ ਇਨਕਾਰ ਕਰ ਦਿੱਤਾ। ਗੱਲ ਦੁਹਾਂ ਭਰਾਵਾਂ ਵਿਚਾਲੇ ਬਹਿਸ ਦਾ ਵਿਸ਼ਾ ਬਣੀ। ਵੱਡੇ ਨੇ ਸਾਫ਼ ਕਹਿ ਦਿੱਤਾ-ਮੈਂ ਕੋਈ ਇਸ ਦਾ ਠੇਕਾ ਨਹੀਂ ਲਿਆ ਹੋਇਆ। ਛੇ ਮਹੀਨੇ ਮੈਂ ਪਕਾਈ ਹੈ ਹੁਣ ਛੇ ਮਹੀਨੇ ਤੂੰ ਸਾਂਭ।

ਨਿੱਕਾ ਮੈਨੂੰ ਆਪਣੇ ਵਲ ਲੈ ਆਇਆ। ਕੋਈ ਦੋ ਕੁ ਮਹੀਨੇ ਲੰਘੇ ਤਾਂ ਮੈਂ ਸਿਹਤ ਵੱਲੋਂ ਕੁਝ ਢਿਲਾ ਰਹਿਣਾ ਲੱਗ ਪਿਆ। ਕ੍ਰਿਸ਼ਨਾਂ ਮੇਰੀ ਬੀਮਾਰੀ ਦਾ ਸੁਣ ਕੇ ਖ਼ਬਰ ਸੁਰਤ ਲੈਣ ਆ ਗਈ, ਤੇ ਭਾਈ ਸਾਹਿਬ ਜਦ ਉਹ ਵਾਪਿਸ ਜਾਣ ਲੱਗੀ ਤਾਂ ਮੈਂ ਇਕ ਐਸੀ ਗਲਤੀ ਕਰ ਬੈਠਾ ਜਿਸ ਦਾ ਸਿੱਟਾ ਮੈਂ ਅੱਜ ਏਸ ਬਿਰਧ ਆਸ਼ਰਮ ਵਿਚ ਬੈਠਾ ਹਾਂ। ਮਰਦੇ ਸਮੇਂ ਕ੍ਰਿਸ਼ਨਾ ਦੀ ਮਾਂ ਮੈਨੂੰ ਇਕ ਵਾਲੀਆਂ ਦੀ ਜੋੜੀ ਦੇ ਕੇ ਇਹ ਪੱਕੀ ਕਰ ਗਈ ਹੋਈ ਸੀ ਕਿ ਮੈਂ ਇਹ ਵਾਲੀਆਂ ਕ੍ਰਿਸ਼ਨਾਂ ਨੂੰ ਦੇ ਦੇਵਾਂ। ਭੋਗ ਸਮੇਂ ਮੈਂ ਇਹ ਉਚਤ ਨਹੀਂ ਸੀ ਸਮਝਿਆ ਸੋ ਹੁਣ ਕੰਨਾਂ ਦੀਆਂ ਵਾਲੀਆਂ ਦਾ ਉਹ ਜੋੜਾ ਮੈਂ ਨਿੱਕੀ ਨੂੰਹ ਦੇ ਸਾਹਮਣੇ ਹੀ ਕ੍ਰਿਸ਼ਨਾਂ ਨੂੰ ਫੜਾ ਬੈਠਾ। ਭਾਈ ਸਾਹਬ ਧੀ ਤੇ ਅੱਥਰੂ ਕੇਰਦੀ ਤੁਰ ਗਈ, ਪਰ ਨੂੰਹ ਨੇ ਤਾਂ ਘਰ ਵਿਚ ਮਰਨ ਵਰਤ ਰੱਖ ਲਿਆ। ਆਖੇ-ਇਹਨੂੰ ਕਹੋ, ਹੁਣ ਧੀ ਦੇ ਬੂਹੇ ਬੈਠੇ ਜਾ ਕੇ। ਮੈਥੋਂ ਤੇ ਪੱਕ ਨਹੀਂ ਜੇ ਹੋਂਦੀ ਰੋਟੀ ਇਸ ਦੀ। ਘਰ ਵਿਚ ਇਕ ਅਸਹਿ ਤਣਾਅ ਪੈਦਾ ਹੋ ਗਿਆ। ਗਿਰਧਾਰੀ ਨੇ ਕੁੱਟੀ ਵੀ, ਪਰ ਨਤੀਜਾ ਕੋਈ ਨਾ ਨਿਕਲਿਆ। ਦੋ ਤਿੰਨ ਦਿਨ ਇਹੀ ਸਿੜ੍ਹੀ-ਸਿਆਪਾ ਚਲਦਾ ਰਿਹਾ। ਨੂੰਹ ਨੇ ਇਕੋ ਨਨ੍ਹਾਂ ਫੜ ਲਿਆ, ਤੇ ਬਾਰ-ਬਾਰ ਇਹੀ ਕਹੀ ਜਾਵੇ-'ਮੈਂ ਨਹੀਂ ਜੇ ਇਸ ਦਾ ਸਿਆਪਾ ਕਰ ਸਕਦੀ, ਧੀ ਵਲ ਜਾ ਬਵ੍ਹੇ।

ਤੀਜੇ ਦਿਨ ਮੈਂ ਵੱਡੀ ਨੂੰਹ ਕੋਲ ਗਿਆ। ਪੁਚਕਾਰ ਕੇ ਕਿਹਾ-ਵੇਖ ਪੁੱਤਰ ਜਿਹੁ ਜਹੀ ਸਬਜ਼ੀ ਭਾਜੀ ਦੇਵੇਂਗੀ ਮੈਂ ਬਿਨਾਂ ਕਿਸੇ ਸ਼ਿਕਾਇਤ ਤੋਂ ਖਾ ਲਵਾਂਗਾ।

ਸੁਣ ਕੇ ਨੂੰਹ ਦੇ ਮੱਥੇ ਤੇ ਸਤ ਵੱਟ ਪੈ ਗਏ। ਫੁੰਕਾਰੇ ਮਾਰਦੀ ਅੰਦਰ ਜਾ ਵੜੀ। ਮੀਆਂ ਬੀਵੀ ਵਿਚਾਲੇ ਜੰਗ ਹੋਈ। ਜਿਸ ਵਿਚ ਅੰਤ ਨੂੰ ਮੀਆਂ ਹਾਰਿਆ। ਹੱਥ ਜੋੜ ਕੇ ਮੇਰੇ ਅੱਗੇ ਖਲੋ ਗਿਆ। ਬੋਲਿਆ ਭਾਪਾ ਮੈਂ ਬੜਾ ਦੁਖੀ ਹਾਂ, ਮੇਰੀ ਕੋਈ ਪੇਸ਼ ਨਹੀਂ ਜਾਂਦੀ। ਮੈਨੂੰ ਹੋਰ ਦੁਖੀ ਨਾ ਕਰ।

ਭਾਈ ਸਾਹਬ ਗਲ ਲੰਮੀ ਪਈ ਹੁੰਦੀ ਏ। ਮੁਕਦੀ ਗੱਲ, ਉਝੜਿਆਂ ਥੁੜਿਆਂ ਦਾ ਆਸਰਾ ਗੁਰੂ-ਘਰ। ਮੈਂ ਪੈਰ ਧਰੀਕਦਾ ਮਕਸੂਦੜਾਂ ਵਾਲੇ ਸੰਤਾਂ ਦੇ ਆਸ਼ਰਮ ਜਾ ਲੰਗਰ ਛੱਕਿਆ। ਜਦੋਂ ਚਾਰ ਪੰਜ ਦਿਨ ਮੈਨੂੰ ਉਥੋਂ ਦਾ ਲੰਗਰ ਛਕਦਿਆਂ ਲੰਘ ਗਏ ਤਾਂ ਇਕ ਦਿਨ ਸੰਤਾਂ ਨੇ ਕੋਲ ਬਹਾ ਕੇ ਮੇਰੀ ਸਾਰੀ ਵਿਥਿਆ ਸੁਣੀ। ਫਿਰ ਮੈਨੂੰ ਇਕ ਰੁੱਕਾ ਦੇ ਕੇ ਏਥੋਂ ਦੇ ਪ੍ਰਬੰਧਕਾਂ ਕੋਲ ਘੱਲ ਦਿੱਤਾ। ਏਥੋਂ ਦੀ ਚੇਅਰਪਰਸਨ ਸੰਤਾਂ ਦੀ ਸ਼ਰਧਾਲੂ ਸੀ ਤੇ ਇੰਜ ਮੈਨੂੰ ਏਥੇ ਦਾਖਲਾ ਮਿਲ ਗਿਆ।

ਭਾਈ ਸਾਹਬ ਏਥੇ ਆਇਆਂ ਮੈਨੂੰ ਅੱਠਵਾਂ ਵਰ੍ਹਾ ਜਾ ਰਿਹਾ ਏ। ਹਰ ਤਰ੍ਹਾਂ ਦੀ ਸਹੂਲਤ ਏ। ਪਰ ਬੀਤੇ ਦੀਆਂ ਯਾਦਾਂ, ਕੌੜੀਆਂ ਯਾਦਾਂ ਨੇ ਕਿ ਪਿੱਛਾ ਨਹੀਂ ਛੱਡਦੀਆਂ, ਅੰਦਰਲੇ ਨੂੰ ਵਲੂੰਦਰਦੀਆਂ ਰਹਿੰਦੀਆਂ ਨੇ। ਸੋਚਣਾ ਵਾਂ-ਚੁਰਾਸੀ ਲੱਖ ਜੂਨ ਭੋਗ ਕੇ ਇਹ ਮਾਨਸ ਜਨਮ ਮਿਲਿਆ ਏ ਤੇ ਕੀ ਇਸ ਨੂੰ ਹਸ ਖੇਡ ਕੇ ਨਹੀਂ ਗੁਜ਼ਾਰਨਾ ਚਾਹੀਦਾ? ਅਸੀਂ ਲੋਕ ਕਿਉਂ ਇਸ ਨੂੰ ਨਿੱਕੀਆਂ-ਨਿੱਕੀਆਂ ਗੱਲਾਂ ਦੇ



Sri Satguru Jagjit Singh Ji eLibrary NamdhariElibrary@gmail.com

ਗੰਦ ਵਿਚ ਲਬੇੜ ਲੈਂਦੇ ਹਾਂ? ਆਪ ਵੀ ਦੁਖੀ ਹੁੰਦੇ ਹਾਂ ਤੇ ਦੂਜਿਆਂ ਉਤੇ ਵੀ ਗੰਦ ਦੇ ਛਿੱਟੇ ਸੁਟਦੇ ਹਾਂ? ਕੀ ਸਨ ਵਾਲੀਆਂ? ਤਿੰਨ ਜਾਂ ਚਾਰ ਮਾਸ਼ੇ ਦੀਆਂ ਹੋਣਗੀਆਂ। ਵਧ ਤੋਂ ਵਧ ਦੋ ਹਜ਼ਾਰ ਦੀਆਂ। ਕੀ ਇਸ ਭਰੇ ਘਰ ਵਿਚੋਂ ਧੀ ਦਾ ਹੱਕ ਦੋ ਹਜ਼ਾਰ ਉਤੇ ਵੀ ਨਹੀਂ? ਜਿਸ ਘਰ ਨੂੰ ਉਹ ਬੜੇ ਮਾਣ ਨਾਲ ਪੇਕਾ ਘਰ ਆਖਦੀ ਹੈ। ਨਾਲੇ ਜੇ ਪਿਉ ਦੀ ਜਾਏਦਾਦ ਦਾ ਵਾਰਸ ਪੁੱਤਰ ਏ ਤਾਂ ਮਾਂ ਦੇ ਲੱਥੇ ਜ਼ੇਵਰ ਜਾਂ ਕੱਪੜੇ ਦੀ ਹੱਕਦਾਰ ਧੀ ਕਿਉਂ ਨਹੀਂ? ਕੀ ਮੈਂ ਇਹ ਦੇ ਕੇ ਕੋਈ ਗੁਨਾਹ ਕੀਤਾ ਸੀ?

ਕਦੇ-ਕਦੇ ਮੰਨ ਵਿਚ ਹਿਰਖ ਜਿਹਾ ਉਠਦਾ ਹੈ। ਸੋਚਦਾ ਹਾਂ, ਮੈਂ ਬੁਜ਼ਦਿਲਾਂ ਵਾਂਗ ਆਪਣਾ ਮਕਾਨ ਕਿਉਂ ਛੱਡ ਆਇਆ? ਪੰਚਾਇਤ ਸਦਦਾ ਤੇ ਪੁਤਰਾਂ ਨੂੰ ਧੱਕੇ ਮਾਰ ਕੇ ਘਰੋਂ ਬਾਹਰ ਕੱਢਦਾ। ਉਹ ਮਕਾਨ ਮੈਂ ਬਣਵਾਇਆ ਸੀ, ਅਜੇ ਤੱਕ ਵੀ ਮੇਰੇ ਨਾਂਅ ਤੇ ਹੈ। ਮੈਂ ਕਾਨੂੰਨੀ ਚਾਰਾ ਜੋਈ ਕਰ ਕੇ ਵੀ ਉਹਨਾਂ ਤੋਂ ਮਕਾਨ ਖਾਲੀ ਕਰਵਾ ਸਕਦਾ ਸਾਂ। ਫਿਰ ਮੈਂ ਕਿਉਂ ਮਕਾਨ ਛੱਡ ਤੁਰਿਆ?

ਪਰ ਭਾਈ ਸਾਹਬ ਗੱਲ ਇਹ ਵੇ ਪਈ ਜਦੋਂ ਆਪਣਿਆਂ ਵੱਲੋਂ ਈ ਬੰਦੇ ਦੇ ਦਿਲ ਤੇ ਸੱਟ ਮਾਰੀ ਜਾਂਦੀ ਹੈ ਤਾਂ ਬੰਦੇ ਦਾ ਦਿਲ ਬੁਝ ਜਾਂਦਾ ਹੈ। ਮੋਹ-ਭੰਗ ਹੋ ਜਾਂਦਾ ਹੈ। ਰਿਸ਼ਤੇ ਨਾਤਿਆਂ ਦੇ ਅਰਥ ਬਦਲ ਜਾਂਦੇ ਹਨ। ਹੋਰ ਜਿਉਣ ਤੇ ਦਿਲ ਨਹੀਂ ਕਰਦਾ। ਫਿਰ ਮਕਾਨ ਵੀ ਮਕਾਨ ਨਹੀਂ ਰਹਿੰਦਾ। ਕਾਹਦਾ ਮਾਣ? ਕਿਸ ਉਤੇ।

ਇਹ ਸੋਚ ਬੜੀ ਮਾਰੂ ਹੈ। ਜਦੋਂ ਆਪਣੇ ਹੀ ਆਪਣੇ ਨਾ ਹੋਏ? ਇਹ ਸੋਚ ਜਿਊਂਦੇ ਬੰਦੇ ਨੂੰ ਖਤਮ ਕਰ ਦੇਂਦੀ ਹੈ। ਭਾਈ ਸਾਹਬ ਇਹ ਦੁਨੀਆ ਇਕ ਧੋਖਾ ਹੈ। ਕੋਈ ਕਿਸੇ ਦਾ ਨਹੀਂ। ਮਨੁੱਖ ਕੱਲਾ ਆਉਂਦਾ ਹੈ, ਕੱਲਾ ਹੀ ਟੁਰ ਜਾਂਦਾ ਹੈ। ਏਥੋਂ ਲੈ ਕੁਝ ਨਹੀਂ ਜਾਂਦਾ, ਸਿਕੰਦਰ ਵਾਂਗ ਹਰ ਕੋਈ ਖਾਲੀ ਹੱਥੀਂ ਤੁਰ ਜਾਂਦਾ ਹੈ। ਮੈਂ ਵੀ ਜਦ ਮਰਿਆ, ਬੇਸ਼ੱਕ ਵੇਖ ਲੈਣਾ ਮੇਰੇ ਹੱਥ ਵੀ ਖਾਲੀ ਹੋਣਗੇ।

ਆਸ਼ਰਮ ਵਿਚ ਆਏ ਹਰ ਨਵੇਂ ਬਿਰਧ ਨੂੰ ਸਾਂਤਵਨਾ ਦੇਣ ਵਾਲਾ ਇਹ ਗਾਲੜੀ ਬਾਬਾ ਜਸਵੰਤ ਰਾਏ ਇਸ ਵਕਤ ਰੂਮ ਨੰਬਰ ਅਠਾਰਾਂ ਵਿਚ ਮਰਿਆ ਪਿਆ ਹੈ। ਉਸ ਦੀ ਮ੍ਰਿਤਕ ਦੇਹ ਨੂੰ ਚਿੱਟੀ ਚਾਦਰ ਵਿਚ ਵਲ੍ਹੇਟ ਦਿੱਤਾ ਗਿਆ ਹੈ। ਉਥੇ ਮੁਸ਼ਕ-ਮਾਰ ਇਤਰ ਫੁਲੇਲਾਂ ਦਾ ਛਿੜਕਾ ਕੀਤਾ ਗਿਆ ਹੈ। ਅਸਾਂ ਸਾਰਿਆਂ ਨੂੰ ਉਹਦੇ ਪੁੱਤਰਾਂ ਦੀ ਉਡੀਕ ਹੈ। ਮਾਹੌਲ ਸੋਗਵਾਰ ਹੈ ਤੇ ਅਸੀਂ ਸਾਰੇ ਏਸ ਆਸ਼ਰਮ ਦੇ ਵਸਨੀਕ ਉਪਰਾਮਤਾ ਨਾਲ ਭਰੇ ਗਹਿਰੀ ਉਦਾਸੀ ਵਿਚ ਡੁਬੇ ਪਏ ਹਾਂ। ਮਰਨ ਵਾਲੇ ਦੀਆਂ ਗਲਾਂ ਸਾਡੇ ਮਾਨਸਕ ਤਲ ਤੇ ਵਾਵਰੋਲੇ ਜਹੇ ਬਣ-ਬਣ ਚੱਕਰ ਲਾ ਰਹੀਆਂ ਹਨ।

ਆਸ਼ਰਮ ਦੇ ਬਾਹਰ ਇਕ ਟੈਕਸੀ ਆ ਕੇ ਰੁਕੀ ਹੈ। ਦੋ ਬੰਦੇ ਅਧਖੜ ਜਹੀ ਉਮਰ ਦੇ ਬਾਹਰ ਨਿਕਲੇ ਹਨ। ਪਹਿਲਾਂ ਇਕ ਨੇ ਸਿਰ ਤੇ ਹੱਥ ਧਰ ਕੇ ਉਚੀ ਧਾਹ ਮਾਰੀ ਹੈ- "ਓ...ਓ...ਓ... ਭਾਪਾ ਇਹ ਕੀ ਕਰ ਗਿਆ ਏਂ... ਅਸੀਂ ਕਿਸ ਦੇ ਆਸਰੇ ਜੀਵਾਂਗੇ...ਏ...ਏ...ਏ...??"

ਦੂਜੇ ਦੀ ਵੀ ਲੇਰ ਨਿਕਲ ਗਈ ਹੈ-"ਹਾਏ ਭਾਪਾ...ਅਸੀਂ ਲੁਟੇ ਗਏ...ਏ...ਏ...ਏ।"

ਡੈੱਡ-ਬਾਡੀ ਸਟਰੈਚਰ ਉੱਤੇ ਪਾ ਕੇ ਬਾਹਰ ਲਿਆਂਦੀ ਗਈ ਹੈ। ਹੁਣ ਇਸਨੂੰ ਟੈਕਸੀ ਦੀ ਪਿਛਲੀ ਸੀਟ ਤੇ ਰਖਿਆ ਜਾ ਰਿਹਾ ਹੈ। ਸਾਡੀਆਂ ਸਭ ਦੀਆਂ ਅੱਖਾਂ ਸੇਜਲ ਹਨ।

ਮੈਨੂੰ ਏਸ ਆਸ਼ਰਮ ਵਿਚ ਆਏ ਨੂੰ ਤਿੰਨ ਸਾਲ ਹੋ ਗਏ ਹਨ। ਮੈਂ ਸਾਰੇ ਬਜ਼ੁਰਗ ਸਾਥੀਆਂ ਦੀ ਦਰਦ ਕਹਾਣੀ ਸੁਣ ਚੁੱਕਾ ਹੋਇਆਂ ਹਾਂ। ਮੈਂ ਇਹ ਗਲ ਬੜੇ ਦ੍ਰਿੜ੍ਹ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਸਾਡੇ 'ਚੋਂ ਹਰ ਵਿਅਕਤੀ ਦੀ ਅੰਤਰ-ਆਤਮਾ ਵਿਚ ਆਪਣਿਆਂ ਵੱਲੋਂ ਦਿੱਤੀਆਂ ਪੀੜ੍ਹਾਂ ਦਾ ਇਕ ਪਿਲਪਿਲ ਕਰਦਾ ਫੋੜਾ ਰਿਸ ਰਿਹਾ ਹੈ। ਇਹ ਬੇ-ਰਹਿਮ ਤੇ ਨਿਰਦਈ ਪੀੜਾ ਸਾਡੀ ਚੇਤਨਾ ਵਿਚ ਸੰਸਕਾਰ ਬਣ ਕੇ ਬਹਿ ਗਈ ਹੋਈ ਹੈ। ਸਾਡੇ ਵਿਚੋਂ ਜਿਸ ਦੀ ਵੀ ਮੌਤ ਹੋ ਜਾਂਦੀ ਹੈ ਉਸ ਦੇ ਹੱਥ ਤੇ ਭਾਵੇਂ ਖਾਲੀ ਹੁੰਦੇ ਹਨ, ਪਰ ਉਸ ਦੀ ਚੇਤਨਾ ਰੂਪੀ ਆਤਮਾ ਇਸ ਬੇ-ਕਿਰਕ ਪੀੜਾ ਦੀ ਟੀਸ ਭਰੀ ਇਕ ਬੋਝਲ ਪੰਡ ਨਾਲ ਜ਼ਰੂਰ ਲੈ ਜਾਂਦੀ ਹੈ।

੧੬੦ ਫੈਕਟਰੀ ਏਰੀਆ
ਗੋਇੰਦਵਾਲ ਸਾਹਿਬ, ੧੪੩੪੨੩

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
SAGGU
IRON INDUSTRIES
ਸੱਗੂ ਆਇਰਨ ਇੰਡਸਟਰੀਜ਼
Sugar Mill Spares, Paper & Boards Mill Spares,
Textile Mill Spares, Distillery Spares & Solvent Plant Spares
All Type of Gear & Chain Sprockets & Industrial Chain
Partner: S. Puran Singh Saggu
S. Narinder Singh Saggu
Old Railway Road, Jalandhar.
Phone : 58795, 59056 Mobile Phone 9814028099



Sri Satguru Jagjit Singh Ji eLibrary NamdhariElibrary@gmail.com

# ਲੋੜ ਹੈ, ਲੋੜ ਹੈ—ਅੱਜ ਸਿੱਖੀ ਕਿਰਦਾਰ ਦੀ ਲੋੜ ਹੈ

— ਡਾ. ਅਜੀਤ ਸਿੰਘ

ਮੇਰਾ ਉਪਰਲਾ ਸਿਰਲੇਖ ਭੁਲੇਖਾ ਪਾ ਸਕਦਾ ਹੈ ਕਿ ਇਸ ਸਿਰਲੇਖ ਨਾਲ ਸਬੰਧਿਤ ਇਹ ਲੇਖ ਸਿਰਫ਼ ਸਿੱਖ ਕੌਮ ਨਾਲ ਸਬੰਧਿਤ ਹੈ। ਮੇਰੀ ਇਹ ਮਾਨਤਾ ਹੈ ਕਿ ਸਭ ਧਰਮਾਂ ਦੇ ਪਾਵਨ ਗ੍ਰੰਥ ਇਕ ਉੱਚੇ-ਸੁੱਚੇ, ਮਹਾਨ, ਨਿਰ-ਸੁਆਰਥ, ਅਧਿਆਤਕ ਪੱਖੋਂ ਪੂਰੇ-ਪੂਰੇ, ਸਮੁੱਚੀ ਮਨੁਖਤਾ ਦੀ ਰਹਿਬਰੀ ਕਰਨ ਵਾਲੇ, ਪਾਪ, ਝੂਠ, ਕੁਕਰਮਾਂ ਤੇ ਕੁਰੀਤੀਆਂ ਤੋਂ ਪਰੇ ਰਹਿਣ ਵਾਲੇ, ਨਿਮਰਤਾ, ਸੇਵਾ, ਆਤਮ-ਸਮਰਪਣ, ਹੱਕ ਹਲਾਲ ਦੀ ਕਿਰਤ ਕਰਨ ਵਾਲੇ, ਜ਼ੁਲਮ-ਜ਼ਾਲਮ ਨਾਲ ਸਮਝੌਤਾ ਨਾ ਕਰਨ ਵਾਲੇ, ਹੱਕ, ਸੱਚ ਤੇ ਨਿਆਂ ਦਾ ਸਾਥ ਦੇਣ ਵਾਲੇ, ਆਪਣੇ ਫ਼ਰਜ਼ਾਂ ਨੂੰ ਧਰਮ ਸਮਝ ਕੇ ਨਿਭਾਉਣ ਵਾਲੇ, ਸਭ ਦੇ ਭਲੇ ਦੀ ਸੋਚਣ ਵਾਲੇ, ਕਪਟ, ਧ੍ਰੋਹ, ਦੁਗਲੀ, ਨਿੰਦਾ ਤੋਂ ਪਰਹੇਜ਼ ਕਰਨ ਵਾਲੇ ਸੱਚੇ-ਸੁੱਚੇ ਕਿਰਦਾਰ ਦੀ ਗੱਲ ਕਰਦੇ ਹਨ।



ਏਸੇ ਲਈ ਇਹ ਪਵਿੱਤਰ ਬੋਲ ਸਭ ਦੇ ਸਾਂਝੇ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਕੇਵਲ ਗੁਰੂ-ਸਾਹਿਬਾਨ ਦੀ ਬਾਣੀ ਹੀ ਦਰਜ ਨਹੀਂ, ਇਸ ਵਿੱਚ ਅੱਡ ਅੱਡ ਧਰਮਾਂ ਦੇ ਭਗਤਾਂ ਦੀ ਬਾਣੀ ਵੀ ਸ਼ਾਮਲ ਹੈ। ਜਦੋਂ ਅਸੀਂ ਸਤਿਕਾਰ ਨਾਲ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਦੇ ਹਾਂ ਤੇ ਸਮੁੱਚੀ ਗੁਰਬਾਣੀ ਦਾ ਆਦਰ ਸਤਿਕਾਰ ਕਰਦੇ ਹਾਂ। ਏਸੇ ਲਈ ਮੈਂ ਆਖਦਾ ਹਾਂ ਕਿ ਸਿੱਖੀ ਕਿਰਦਾਰ ਸਿਰਫ਼ ਸਿੱਖਾਂ ਲਈ ਨਹੀਂ, ਸਮੁੱਚੀ ਮਨੁਖਤਾ ਲਈ ਹੈ। ਮੇਰੇ ਇਸ ਤੱਥ ਦਾ ਸਪਸ਼ਟੀ- ਕਰਣ ਉਦੋਂ ਸੁਤੇ ਸਿੱਧ ਹੀ ਸਾਹਮਣੇ ਆ ਜਾਵੇਗਾ ਜਦੋਂ ਮੈਂ ਸਿੱਖੀ ਕਿਰਦਾਰ ਦੀ ਵਜ਼ਾਹਤ ਕਰਾਂਗਾ। ਇੱਕ ਗੱਲ ਹੋਰ ਸਪਸ਼ਟ ਕਰ ਦਿਆਂ—ਸਮੁੱਚੀ ਗੁਰਬਾਣੀ ਦੀ ਸੁਰ ਭਾਵੇਂ ਅਧਿਆਤਮਕ ਹੈ ਪਰ ਗੁਰਬਾਣੀ ਆਪਣੇ ਸਮੇਂ ਦੇ ਸਮਾਜੀ ਯਥਾਰਥ ਜਾਂ ਸਮੁੱਚੀ ਮਨੁਖਤਾ ਨਾਲ ਜੁੜੇ ਹੋਏ ਗੁਣਾਂ-ਔਗੁਣਾਂ ਤੋਂ ਵਿਯੋਗੀ ਹੋਈ ਨਹੀਂ।

ਨਿਰਸੰਦੇਹ ਸਿੱਖੀ ਕਿਰਦਾਰ ਦੇ ਬਾਨੀ ਗੁਰੂ ਨਾਨਕ ਦੇਵ ਜੀ ਹਨ। ਮੈਂ ਇਹ ਨਹੀਂ ਕਹਿੰਦਾ ਕਿ ਇਸ ਤੋਂ ਪਹਿਲਾਂ ਸਿੱਖੀ ਕਿਰਦਾਰ ਵਿਚਲੇ ਨਿਯਮਾਂ, ਅਸੂਲਾਂ ਜਾਂ ਮਨੁਖਤਾ ਵਿਰੋਧੀ ਕਰਮਾਂ ਜਾਂ ਅਧਿਆਤਮਕ ਪਖੋਂ ਊਣੇ ਪੱਖਾਂ ਦੀ ਨਿਖੇਧੀ ਨਹੀਂ ਕੀਤੀ ਗਈ ਸੀ। ਪਰ ਮੈਂ ਇਹ ਅਵੱਸ਼ ਮੰਨਦਾ ਹਾਂ ਕਿ ਜਿਸ ਸਾਹਸ, ਜਿਸ ਸ਼ਿੱਦਤ, ਜਿਸ ਨਿਡਰਤਾ, ਜਿਸ ਸੱਚ-ਦਿਲੀ ਤੇ ਜਿਸ ਉੱਚੀ ਪੱਧਰ ਉਤੇ ਗੁਰੂ ਜੀ ਨੇ ਸਿਖੀ ਕਿਰਦਾਰ ਨੂੰ ਉਭਾਰਿਆ ਤੇ ਉਜਾਗਰ ਕੀਤਾ ਪਹਿਲਾਂ ਕਿਸੇ ਨੇ ਨਹੀਂ ਕੀਤਾ। ਉਹਨਾਂ ਜੋ ਕਿਹਾ, ਅਮਲੀ ਪੱਧਰ ਤੇ ਨਿਭਾਇਆ ਵੀ।

ਗੁਰੂ ਨਾਨਕ ਦੇਵ ਜੀ ਕਿਸੇ ਰਾਜੇ-ਮਹਾਰਾਜੇ ਜਾਂ ਜਗੀਰਦਾਰ ਦੇ ਘਰ ਪੈਦਾ ਨਹੀਂ ਸਨ ਹੋਏ। ਉਹ ਸਾਧਾਰਨ ਜਿਹੇ ਖਤੱਰੀ ਪਰਿਵਾਰ ਵਿੱਚ ਪੈਦਾ ਹੋਏ ਸਨ। ਗੁਰੂ ਜੀ ਦਾ ਸਮਾਂ ਰਾਜਿਆਂ-ਜਗੀਰਦਾਰਾਂ ਦਾ ਸਮਾਂ ਸੀ। ਉਦੋਂ ਵੋਟਾਂ ਨਾਲ ਨਾ ਪ੍ਰਧਾਨ-ਮੰਤਰੀ ਚੁਣਿਆ ਜਾਂਦਾ ਸੀ, ਨਾ ਕੋਈ ਸੰਵਿਧਾਨ ਲਾਗੂ ਸੀ। ਸੋ ਰਾਜਿਆਂ ਦੇ ਹੁਕਮ ਹੀ ਕਾਨੂੰਨ ਸਨ, ਨਿਯਮ ਸਨ। ਗੁਰੂ ਜੀ ਨੇ ਕਿਸੇ ਕਾਲਜ ਜਾਂ ਵਿਸ਼ਵ-ਵਿਦਿਆਲੇ ਤੋਂ ਐਮ. ਏ. ਜਾਂ ਪੀ. ਐਚ. ਡੀ. ਵੀ ਨਹੀਂ ਸੀ ਕੀਤੀ ਫੇਰ ਵੀ ਉਹਨਾਂ ਜਪੁਜੀ ਸਾਹਿਬ ਵਰਗੀ ਬਾਣੀ ਰਚੀ, ਜਿਸਦਾ ਵਿਸਥਾਰ ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿੱਚ ਵੇਖਿਆ ਜਾ ਸਕਦਾ ਹੈ। ਇਸ ਬਾਣੀ ਦੇ ਅੰਤ ਉ[illegible] ਦਿੱਤੇ ਪੰਜ ਖੰਡ ਸਮਾਜੀ ਤੇ ਅਧਿਆਤਮਕ ਪਖੋਂ ਬੇ-ਮਿਸਾਲ ਹਨ। ਗੁਰੂ ਜੀ ਨੇ ਬਾਬਰ ਦੇ ਹਮਲੇ ਨੂੰ ਵੇਖਿਆ। ਉਹਨਾਂ ਦੇ ਸਮੇਂ ਸਦਾਚਾਰਕ, ਸਭਿਆਚਾਰਕ, ਅਤੇ ਰਾਜਨੀਤਕ ਨਿਘਾਰ ਤੇ ਭ੍ਰਿਸ਼ਟਾਚਾਰ ਵੀ ਸਿਖਰ ਤੇ ਸੀ। ਸਮਾਜ ਵਿੱਚ ਝੂਠ, ਪਖੰਡ, ਅਡੰਬਰ ਸਦੀਆਂ ਤੋ ਆ ਰਹੇ ਸਨ। ਇਹ ਗ਼ੈਰ-ਇਨਸਾਨੀ ਕੀਮਤਾਂ, ਗ਼ਲਤ ਪਰੰਪਰਾਵਾਂ ਤੇ ਰਹੁ-ਰੀਤਾਂ, ਅਨਿਆ, ਅਤਿੱਆਚਾਰ, ਅਧਰਮ ਤੇ ਮੂੰਹ-ਜ਼ੋਰ ਤੇ ਜ਼ਾਲਮ ਅਫਸਰ-ਸ਼ਾਹੀ ਦੀਆਂ ਵਧੀਕੀਆਂ ਨਾਲ ਭਰਿਆ ਹੋਇਆ ਸੀ। ਹਜਾਰਾਂ ਲੱਖਾਂ ਲੋਕਾਂ ਵਾਂਗ ਗੁਰੂ ਜੀ ਵੀ ਚੁੱਪ ਰਹਿ ਸਕਦੇ ਸਨ ਜਾਂ ਸਿੱਧਾਂ ਵਾਂਗ ਪਹਾੜਾਂ ਵਿੱਚ ਸਰੀਰਕ ਕਸ਼ਟਾਂ ਰਾਹੀਂ ਭਗਤੀ ਦਾ ਢੌਂਗ ਰਚ ਸਕਦੇ ਸਨ। ਪਰ ਨਹੀਂ ਉਹ ਚੁੱਪ ਨਹੀਂ ਰਹੇ। ਉਹਨਾਂ ਵਿਚਲੀ ਨਿਡਰਤਾ ਨੇ, ਉਹਨਾਂ ਵਿਚਲੇ ਸੱਚ ਨੇ, ਉਹਨਾਂ ਵਿਚਲੀ ਅਧਿਆਤਮਕ ਉੱਚਤਾ ਤੇ ਸੁਚੱਤਾ ਨੇ, ਉਹਨਾਂ ਵਿਚਲੇ ਮਨੁਖੀ ਦਰਦ ਨੇ, ਉਹਨਾਂ ਦੀ ਸ਼ਖ਼ਸੀਅਤ ਵਿੱਚ ਨੱਕੋ-ਨੱਕ ਭਰੀ ਸੂਰਮਤਾਈ ਨੇ, ਉਹਨਾਂ ਵਿਚਲੀ ਨਿਰਪਖਤਾ ਤੇ ਬੇ-ਨਿਆਜ਼ੀ ਨੇ, ਉਹਨਾਂ ਵਿਚਲੇ ਸਿਦਕ ਤੇ ਸਾਹਸ ਨੇ, ਉਹਨਾਂ ਵਿਚਲੀ ਗੁਰਮੁਖਤਾਈ ਨੇ ਉਹਨਾਂ ਨੂੰ ਚੁੱਪ ਨਹੀਂ ਰਹਿਣ ਦਿੱਤਾ।

ਅੱਜ ੨੧ ਵੀਂ ਸਦੀ ਚੱਲ ਰਹੀ ਹੈ। ਦੇਸ਼ ਵਿੱਚ ਲੋਕ ਰਾਜ ਹੈ। ਵੋਟਾਂ ਰਾਹੀਂ ਦੇਸ਼ ਦਾ ਪ੍ਰਧਾਨ ਮੰਤਰੀ ਚੁਣਿਆ ਹੋਇਆ



Sri Satguru Jagjit Singh Ji eLibrary NamdhariElibrary@gmail.com

ਹੈ। ਦੇਸ਼ ਦੇ ਰਾਸ਼ਟਰਪਤੀ ਦੀ ਚੋਣ ਵੀ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧਾਂ ਰਾਹੀਂ ਹੁੰਦੀ ਹੈ। ਅਜੋਕੇ ਸਮੇਂ ਦੇ ਸੰਦਰਭ ਵਿੱਚ ਦੇਸ਼ ਦਾ ਰਾਸ਼ਟਰਪਤੀ ਜਾਂ ਦੇਸ਼ ਦਾ ਪ੍ਰਧਾਨ ਮੰਤਰੀ ਜਾਂ ਰਾਜਾਂ ਦੇ ਮੁੱਖ-ਮੰਤਰੀ ਰਾਜਿਆਂ ਨਾਲੋਂ ਘੱਟ ਨਹੀਂ। ਸੰਵਿਧਾਨ ਸਾਨੂੰ ਬੋਲਣ ਦੀ ਆਜ਼ਾਦੀ ਵੀ ਦਿੰਦਾ ਹੈ....... ਪਰ ਕੀ ਅਸੀਂ ਅੱਜ ਇਹ ਕਹਿ ਸਕਦੇ ਹਾਂ -

ਰਾਜੇ ਸ਼ੇਰ ਹਨ। ਮੁਕੱਦਮ ਕੁੱਤੇ ਹਨ। ਉਹ ਸ਼ਾਂਤੀ ਨਾਲ ਕੰਮ ਕਰ ਰਹੇ ਲੋਕਾਂ ਦੇ ਕੰਮਾਂ ਵਿੱਚ ਵਿਘਨ ਪਾਉਂਦੇ ਹਨ। ਰਾਜੇ ਦੇ ਅਫ਼ਸਰ ਨੌਹਾਂ ਦੇ ਵਲੂੰਧਰਨ ਨਾਲ ਜ਼ਖ਼ਮ ਕਰਦੇ ਹਨ ਅਤੇ ਪਾਜੀ ਆਦਮੀ ਇਹਨਾਂ ਜ਼ਖ਼ਮਾਂ ਵਿਚੋਂ ਡਿੱਗ ਰਹੇ ਲਹੂ ਤੇ ਮਿੱਝ ਦੇ ਤੁਪਕਿਆਂ ਨੂੰ ਚਟਦੇ ਹਨ। (ਵਾਰ ਮਲਹਾਰ, ਪੰਨਾ ੨੨)

ਜਾਂ

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨਾ ਖਾਇ॥

(ਮ. ੧ ਪੰਨਾ ੧੪੧)

ਜਾਂ

ਮਾਣਸ ਖਾਣੇ ਕਰਹਿ ਨਿਵਾਜ॥
ਛੁਰੀ ਵਗਾਇਨਿ ਤਿਨ ਗਲਿ ਤਾਗ॥

(ਗੁਰੂ ਨਾਨਕ -੪੭੧)

ਜਾਂ

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥

(ਗੁਰੂ ਨਾਨਕ ੪੬੮-੪੬੯)

ਜਾਂ

ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ॥
ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮ ਬੀਚਾਰੁ॥

(ਗੁਰੂ ਨਾਨਕ -੧੨੪੨)

ਜਾਂ

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥

(ਗੁਰੂ ਨਾਨਕ - ੧੪੫)

ਤੇ ਫਿਰ ਗੁਰੂ ਜੀ ਨੇ ਬਾਬਰ ਦੇ ਹਮਲੇ ਕਾਰਣ ਹੋਈ ਬਰਬਾਦੀ ਤੇ ਤਬਾਹੀ ਦਾ ਜ਼ਿਕਰ ਕੀਤਾ ਹੈ। ਕੀ ਅਸੀਂ ਅੱਜ ਨਵੀਂ ਸਦੀ ਵਿੱਚ ਵੀ ਏਨੀਆਂ, ਸੱਚੀਆਂ, ਖਰੀਆਂ ਤੇ ਸਾਹਸੀ ਗੱਲਾਂ ਕਹਿ ਸਕਦੇ ਹਾਂ ? ਸੋ ਇਹ ਸੀ ਸਿੱਖੀ ਕਿਰਦਾਰ ਦਾ ਮੁਢ ਜਿਹੜਾ ਇੱਕ ਪਾਸੇ ਨਾਮ, ਸ਼ਬਦ, ਰਜ਼ਾ ਤੇ ਅਧਿਆਤਮਕ ਉੱਚਤਾ ਦੀ ਗੱਲ ਕਰਦਾ ਹੈ ਤੇ ਦੂਜੇ ਪਾਸੇ ਹਰ ਤਰ੍ਹਾਂ ਦੇ ਅੱਤਿਆਚਾਰ ਦਾ ਨਿਡਰਤਾ ਨਾਲ ਟਾਕਰਾ ਕਰਦਾ ਹੈ।

ਗੁਰੂ ਜੀ ਨੇ ਸਿੱਖੀ ਕਿਰਦਾਰ ਨੂੰ ਇਕ ਨਵਾਂ ਰੂਪ ਉਦੋਂ ਦਿੱਤਾ ਜਦੋਂ ਭਾਈ ਭਤੀਜਾਵਾਦ ਜਾਂ ਪਿਤਰੀ-ਮੋਹ ਨੂੰ ਤਿਆਗਕੇ ਆਪਣੇ ਪੁਤਰਾਂ ਦੀ ਥਾਂ ਗੁਰ-ਗੱਦੀ ਭਾਈ ਲਹਿਣੇ ਨੂੰ ਦਿੱਤੀ ਤੇ ਉਹਨਾਂ ਨੂੰ ਗੁਰੂ ਅੰਗਦ ਦਾ ਨਾਂ ਦਿੱਤਾ। ਤੁਸੀਂ ਪੁੱਛੋਗੇ, ਕਿਉਂ ? ਉੱਤਰ ਸਭ ਜਾਣਦੇ ਹਨ, ਜਿਹੋ ਜਿਹਾ ਸਿਦਕ, ਸਮਰਪਣ, ਸੇਵਾ-ਭਾਵ, ਨਿਮਰਤਾ, ਅੰਦਰਲੀ ਅਮੀਰੀ ਤੇ ਬਾਹਰਲੀ ਗਰੀਬੀ ਭਾਈ ਲਹਿਣਾ ਜੀ ਕੋਲ ਸੀ, ਉਹ ਗੁਰੂ ਜੀ ਦੇ ਪੁੱਤਰਾਂ ਕੋਲ ਨਹੀਂ ਸੀ। ਏਸੇ ਤਰਾਂ ਅਮਰੂ ਨਿਥਾਵਾਂ ਗੁਰੂ ਅਮਰਦਾਸ ਜੀ ਬਣੇ ਤੇ ਭਾਈ ਜੇਠਾ ਗੁਰੂ ਰਾਮਦਾਸ ਜੀ ਬਣੇ । ਇਸ ਤੋਂ ਅਗੋਂ ਸਿੱਖੀ ਕਿਰਦਾਰ ਦਾ ਇੱਕ ਹੋਰ ਰੂਪ ਸਾਹਮਣੇ ਆਉਂਦਾ ਹੈ। ਜਿੱਥੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਸੰਸਾਰ ਦਾ ਪਹਿਲਾ ਅਜਿਹਾ ਪਵਿੱਤਰ ਗ੍ਰੰਥ ਸੰਸਾਰ ਨੂੰ ਦਿੱਤਾ ਜਿਸ ਵਿੱਚ ਊਚ-ਨੀਚ, ਜ਼ਾਤ-ਪਾਤ ਛੋਟੇ-ਵੱਡੇ ਦਾ ਕੋਈ ਭਿੰਨ-ਭੇਦ ਨਹੀਂ ਹੈ, ਉਥੇ ਅੱਤਿਆਚਾਰ ਅੱਗੇ ਸਿਰ ਝੁਕਾਉਣ ਦੀ ਥਾਂ ਸ਼ਹੀਦੀ ਨੂੰ ਤਰਜੀਹ ਦਿੱਤੀ। ਆਖ਼ਰ ਉਹਨਾਂ ਦਾ ਕਸੂਰ ਕੀ ਸੀ ? ਜ਼ੁਲਮ-ਜ਼ਾਲਮ ਅੱਗੇ ਹਾਰ ਨਹੀਂ ਮੰਨਣੀ, ਬੇ-ਇਨਸਾਫੀ ਨੂੰ ਸਵੀਕਾਰ ਨਹੀਂ ਕਰਨਾ, ਅਧਰਮ ਨੂੰ ਸਹਿਣ ਨਹੀਂ ਕਰਨਾ। ਛੇਵੇਂ ਪਾਤਸ਼ਾਹ ਨੇ ਇਸ ਸਿੱਖੀ ਕਿਰਦਾਰ ਨੂੰ ਨਵਾਂ ਤੇ ਵੱਖਰਾ ਰੂਪ ਦਿੱਤਾ—ਪੀਰੀ ਦੀ ਤਲਵਾਰ ਨਾਲ ਮੀਰੀ ਦੀ ਤਲਵਾਰ ਪਾ ਲਈ ਅਰਥਾਤ ਅਧਿਆਤਮਕਤਾ ਦੇ ਨਾਲ ਨਾਲ ਜ਼ੁਲਮ ਦਾ ਤਲਵਾਰ ਨਾਲ ਟਾਕਰਾ ਕਰਨਾ ਹੀ ਜ਼ਰੂਰੀ ਸਮਝਿਆ। ਇਤਿਹਾਸ ਗੁਆਹ ਹੈ ਕਿ ਜਿੰਨੇ ਵੀ ਉਹਨਾਂ ਯੁੱਧ ਕੀਤੇ, ਸਾਰੇ ਦੇ ਸਾਰੇ ਜਿੱਤੇ। ਸੱਤਵੀਂ ਅੱਠਵੀਂ ਪਾਤਸ਼ਾਹੀਆਂ ਦੇ ਸਮੇਂ ਇਸ ਸਿੱਖੀ ਕਿਰਦਾਰ ਦਾ ਪਰਚਾਰ ਤੇ ਪਰਸਾਰ ਹੋਇਆ। ਨੌਵੀਂ ਪਾਤਸ਼ਾਹੀ ਨੂੰ ਫੇਰ ਸ਼ਹੀਦੀ ਦਾ ਜਾਮ ਪੀਣਾ ਪਿਆ। ਗੁਰੂ ਤੇਗ ਬਹਾਦਰ ਜੀ ਕਸ਼ਮੀਰੀ ਪੰਡਤਾਂ ਨੂੰ ਕਹਿ ਸਕਦੇ ਸਨ—ਭਾਈ, ਸਾਰੇ ਇਕੱਠੇ ਹੋ ਕੇ ਔਰੰਗਜ਼ੇਬ ਦੀ ਧਾਰਮਿਕ ਕਟੱੜਤਾ ਵਿਰੁਧ ਲੜੋ, ਮੈਂ ਇਕੱਲਾ ਕੀ ਕਰ ਸਕਦਾ ਹਾਂ ? ਪਰ ਇਹ ਗੱਲ ਪਿਛੋਂ ਤੋਂ ਚੱਲੇ ਆ ਰਹੇ ਸਿੱਖੀ ਕਿਰਦਾਰ ਦੇ ਵਿਰੁਧ ਸੀ। ਸੀਸ ਵਾਰ ਕੇ ਨੌਵੀਂ ਪਾਤਸ਼ਾਹੀ ਨੇ ਇਸ ਕਿਰਦਾਰ ਨੂੰ ਬਰਕਰਾਰ ਰੱਖਿਆ। ਇਸ ਸਿੱਖੀ ਕਿਰਦਾਰ ਦਾ ਸਿਖਰ ਆਉਂਦਾ ਹੈ ਜਦੋਂ ਦਸਵੇਂ ਪਾਤਸ਼ਾਹ ੧੬੯੯ ਨੂੰ ਵਿਸਾਖੀ ਵਾਲੇ ਦਿਨ ਪੰਜ ਪਿਆਰੇ ਸਾਜਦੇ ਹਨ ਤੇ ਸਿੱਖ ਨੂੰ ਸਿੰਘ ਦਾ ਰੂਪ ਦਿੰਦੇ ਹਨ। ਉਹ ਲਲਕਾਰ ਕੇ ਕਹਿੰਦੇ ਹਨ—

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥
ਹਲਾਲਸਤੁ ਬੁਰਦਨ ਬਸ਼ਮਸ਼ੇਰ ਦਸਤ॥ (ਜ਼ਫ਼ਰਨਾਮਾ ੨੨)

ਅਰਥਾਤ ਜਦੋਂ ਸਾਰੇ ਹੀਲੇ-ਵਸੀਲੇ ਕੰਮ ਨਾ ਆਉਣ ਤਦ ਤਲਵਾਰ ਚੁਕਣੀ ਜਾਇਜ਼ ਹੈ।



Sri Satguru Jagjit Singh Ji eLibrary NamdhariElibrary@gmail.com

ਇਤਿਹਾਸਕ ਪੱਖ ਤੋਂ ਮੈਂ ਸਿੱਖ ਕਿਰਦਾਰ ਦੇ ਵਿਕਾਸ ਦਾ ਸੰਖੇਪ ਜਿਹਾ ਵਰਣਨ ਦਿੱਤਾ ਹੈ। ਵਰਿਆਮ ਦੇ ਪਿਛਲੇ ਅੰਕ ਵਿੱਚ ਮੈਂ ਗੁਰੂ ਰਾਮ ਸਿੰਘ ਜੀ ਦੇ ੧੮੫੭ ਈ. ਨੂੰ ਵਿਸਾਖੀ ਵਾਲੇ ਦਿਨ ਨਿੱਘਰ ਰਹੇ ਸਿੱਖੀ ਸਭਿਆਚਾਰ ਤੇ ਸਿੱਖੀ ਕਿਰਦਾਰ ਨੂੰ ਮੁੜ ਉਜਾਗਰ ਕਰਨ ਤੇ ਅੰਗ੍ਰੇਜ਼ੀ ਹਕੂਮਤ ਦੇ ਮਤਵਾਜ਼ੀ ਸਰਕਾਰ ਚਲਾਉਣ, ਨਾਮਧਾਰੀ ਯੋਧਿਆਂ ਦੀਆਂ, ਸਿੰਘਾਂ ਵਾਂਗ ਦਿੱਤੀਆਂ ਸ਼ਹੀਦੀਆਂ ਦਾ ਜ਼ਿਕਰ ਕੀਤਾ ਹੈ। ਅਸਲ ਵਿਚ ਬਾਬਾ ਨਾਨਕ ਪੈਦਾ ਕੀਤੇ ਸਿੱਖੀ ਕਿਰਦਾਰ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਪੈਦਾ ਕੀਤੇ ਇਨਕਲਾਬੀ ਸਿੱਖੀ ਕਿਰਦਾਰ ਨੂੰ ਜੋੜਕੇ ਬਾਬਾ ਰਾਮ ਸਿੰਘ ਜੀ ਨੇ ਸਿੱਖ ਇਤਿਹਾਸ ਦੇ ਜਲਾਲ ਨੂੰ ਮੁੜ ਸੁਰਜੀਤ ਕੀਤਾ। ਬਾਬਾ ਰਾਮ ਸਿੰਘ ਜੀ ਦਾ ਇਹ ਸਿੱਖੀ ਕਿਰਦਾਰ ਇੱਕ ਪਾਸੇ ਨਾਮ ਜਪਣ ਤੇ ਜ਼ੋਰ ਦਿੰਦਾ ਹੈ, ਹੱਕ, ਸੱਚ ਤੇ ਨਿਆਂ ਲਈ ਕੁਰਬਾਨੀਆਂ ਉਤੇ ਜ਼ੋਰ ਦਿੰਦਾ ਹੈ, ਦੂਜੇ ਪਾਸੇ ਸਘੰਰਸ਼ ਤੇ ਸੂਰਮਤਾਈ ਨੂੰ ਮੁੱਖ ਰੱਖਕੇ ਅਤਿਆਚਾਰ ਵਿਰੁੱਧ ਸਘੰਰਸ਼ ਕਰਨ ਦਾ ਉਤਸ਼ਾਹ ਦਿੰਦਾ ਹੈ।

ਸਿੱਖੀ ਕਿਰਦਾਰ ਦੇ ਦੋ ਰੂਪ ਗੁਰਬਾਣੀ ਵਿੱਚ ਪ੍ਰਗਵਾਨੇ ਗਏ ਹਨ। ਇੱਕ ਪਾਸੇ ਗੁਰਮੁੱਖ ਹੈ ਤੇ ਦੂਜੇ ਪਾਸੇ ਮਨ-ਮੁੱਖ। ਸਮਾਜਕ ਤੇ ਸੰਸਾਰਕ ਪਧੱਰ 'ਤੇ ਇਹ ਦੋ ਤਰ੍ਹਾਂ ਦੀਆਂ ਤਰਜ਼ੇ-ਜ਼ਿੰਦਗੀਆਂ ਹਨ। ਇਹ ਅੱਗ ਤੇ ਪਾਣੀ ਦੀ ਮਿਸਾਲ ਵਾਂਗ ਇਕੱਠੇ ਨਹੀਂ ਰਹਿ ਸਕਦੇ। ਗੁਰੂ ਨਾਨਕ ਜੀ ਫੁਰਮਾਉਂਦੇ ਹਨ:

ਭਗਤਾ ਤੈ ਸੰਸਾਰੀਆ ਜੋੜੁ ਕਦੇ ਨਾ ਆਇਆ॥ (੧੪੫)

ਗੁਰੂ ਅਮਰਦਾਸ ਜੀ ਦਾ ਕਥਨ ਹੈ :

ਮਾਇਆ ਮੋਹਿ ਨਟਿ ਬਾਜੀ ਪਾਈ॥
ਮਨਮੁਖਿ ਅੰਧ ਰਹੇ ਲਪਟਾਈ॥ (੨੩੦)

ਤੀਜੇ ਪਾਤਸ਼ਾਹ ਅੱਗੇ ਜਾ ਕੇ ਹੋਰ ਸਪਸ਼ਟ ਕਰਦੇ ਹਨ :

ਹਉਮੈ ਨਾਵੈ ਨਾਲਿ ਵਿਰੋਧੁ ਹੈ, ਦੁਇ ਨ ਵਸਹਿ ਇਕ ਠਾਇ॥ (੫੬੦)

ਸਪਸ਼ਟ ਹੈ ਗੁਰਮੁਖ ਸੱਚ ਹੱਕ, ਨਿਆਂ, ਧਰਮ, ਸੱਚੀ-ਸੁੱਚੀ ਕਿਰਤ-ਕਮਾਈ, ਸਦਾਚਾਰੀ ਤੇ ਉੱਚੀ-ਸੁੱਚੀ ਜ਼ਿੰਦਗੀ ਜਿਉਂਦਾ ਹੈ। ਮਨਮੁਖ ਆਪਣੇ ਸੁਆਰਥ, ਲਾਭ, ਮੋਹ, ਝੂਠ, ਧੋਖੇਬਾਜ਼ੀ ਤੇ ਆਪਣੇ ਸ੍ਵੈ-ਹਿਤਾਂ ਵਿੱਚ ਗੁੱਝਿਆ ਰਹਿੰਦਾ ਹੈ।

ਸਾਨੂੰ ਸਭ ਨੂੰ ਪਤਾ ਹੈ ਕਿ ਸਾਡੀ ਅਜੋਕੀ ਸਮਾਜਕ ਵਿਵਸਥਾ ਭ੍ਰਿਸ਼ਟਾਚਾਰ ਨਾਲ ਭਰੀ ਹੋਈ ਹੈ। ਜਿਸ ਦੇਸ਼ ਦੇ ਪ੍ਰਧਾਨ ਮੰਤਰੀ ਉਤੇ ਪਾਰਲੀਮੈਂਟ ਦੇ ਮੈਂਬਰਾਂ ਨੂੰ ਰਿਸ਼ਵਤ ਦੇ ਕੇ ਆਪਣੀ ਸਰਕਾਰ ਨੂੰ ਬਚਾਉਣ ਦਾ ਇਲਜ਼ਾਮ ਹੋਵੇ, ਉਸ ਦੇਸ਼ ਦੀ ਨਿੱਘਰੀ ਹੋਈ ਸਮਾਜਕ ਵਿਵਸਥਾ ਦਾ ਅੰਦਾਜ਼ਾ ਲਾਉਣਾ ਔਖਾ ਨਹੀਂ। ਜਿਸ ਦੇਸ਼ ਦੀ ਰਾਜਧਾਨੀ ਦਾ ਪੁਲਸ ਕਮਿਸ਼ਨਰ ਸ੍ਰੀ ਅਜੇ ਰਾਜ ਸ਼ਰਮਾ ਆਪਣੇ ਪੁਲਸ ਕਰਮਚਾਰੀਆਂ ਨੂੰ "ਝੂਠਿਆਂ ਅਤੇ ਕੰਮ-ਚੋਰਾਂ" ਦੀ ਜਮਾਤ ਆਖਦਾ ਹੈ, ਉਸ ਦਾ ਰਬ ਹੀ ਰਾਖਾ ਹੈ। (The Hindustan Times, 18-10-2000, Page 1) ਇਸ ਦੇਸ਼ ਦੀ ਰਾਜਧਾਨੀ ਦੀ ਮਿਊਂਸਪਲ ਕਾਰਪੋਰੇਸ਼ਨ ਦਾ ਵਕੀਲ ਰਮਨ ਦੁੱਗਲ ਦਿੱਲੀ ਦੀ ਹਾਈ ਕੋਰਟ ਵਿੱਚ ਮੰਨਦਾ ਹੈ ਕਿ ਇਹ ਵਿਭਾਗ ਰਿਸ਼ਵਤ ਨਾਲ ਭਰਿਆ ਹੋਇਆ ਹੈ। (The Hidustan Times 21-10-2000, Page 4) ਜਿੱਥੇ ਗਰੀਬ ਹੋਰ ਗਰੀਬ ਹੋਈ ਜਾਂਦੇ ਹਨ, ਅਮੀਰ ਹੋਰ ਅਮੀਰ ਹੋਈ ਜਾਂਦੇ ਹਨ। ਜਿਸ ਦੇਸ਼ ਵਿੱਚ ਭੁੱਖ-ਕੰਗਾਲੀ ਕਾਰਨ ਲੋਕਾਂ ਨੂੰ ਆਪਣੇ ਗੁਰਦੇ ਜਾਂ ਬੱਚੇ ਵੇਚਣੇ ਪੈਂਦੇ ਹਨ। ਜਿਹੜਾ ਦੇਸ਼ ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ ਰਿਸ਼ਵਤ, ਚੋਰ-ਬਾਜ਼ਾਰੀ, ਧੋਖਾ-ਧੜੀ, ਬੇ-ਬੇਮਾਨੀ, ਊਚ-ਨੀਚ ਤੇ ਜਾਤ-ਪਾਤ ਦੇ ਵਿਤਕਰਿਆਂ ਨਾਲ ਭਰਿਆ ਹੋਵੇ ਉਥੇ ਆਮ ਆਦਮੀ ਨਰਕੀ ਜੀਵਨ ਜਿਉਂਦਾ ਹੋਵੇ, ਉਥੇ ਜੇ ਕੋਈ ਇਸ ਦੀ ਵਿਰੋਧਤਾ ਕਰਨ ਵਾਲਾ ਨਾ ਹੋਵੇ ਅਤੇ ਸਿੱਖੀ ਕਿਰਦਾਰ ਚੁੱਪ ਹੋਵੇ ਤਾਂ ਇਸ ਤੋਂ ਵੱਡੀ ਬਦ-ਕਿਸਮਤੀ ਦੀ ਗੱਲ ਕੀ ਹੋ ਸਕਦੀ ਹੈ ? ਜਿਥੇ ਮਸਜਿਦਾਂ, ਚਰਚ ਤੇ ਗੁਰਦੁਆਰੇ ਫੂਕੇ ਜਾਂਦੇ ਹੋਣ, ਜਿੱਥੇ ਕੁਝ ਸਿਰ-ਫਿਰੇ ਲੋਕ ਨਿਹੱਥੇ ਆਦਮੀਆਂ ਦੇ ਕਤਲ ਦਿਨ-ਦਿਹਾੜੇ ਕਰਦੇ ਹੋਣ ਉਸ ਦੇਸ਼ ਦੀ ਹੋਣੀ ਦਾ ਅੰਦਾਜ਼ਾ ਲਾਉਣਾ ਔਖਾ ਨਹੀਂ।

ਇੱਕ ਸੁਆਲ ਮੇਰੇ ਮਨ ਵਿੱਚ ਹੋਰ ਵੀ ਆਉਂਦਾ ਹੈ। ਮੈਂ ਮੰਨਿਆ ਹੈ ਕਿ ਸਿੱਖੀ ਕਿਰਦਾਰ ਨੂੰ ਮੈਂ ਇਨਸਾਨੀ ਕਿਰਦਾਰ ਦੇ ਬਰਾਬਰ ਸਮਝਿਆ ਹੈ। ਪਰ ਕੀ ਖ਼ੁਦ ਸਿੱਖ ਕੌਮ ਇਸ ਕਿਰਦਾਰ ਨੂੰ ਨਿਭਾ ਰਹੀ ਹੈ ? ਕੀ ਪੰਜਾਬ ਸਰਕਾਰ ਦੇ ਸਿੱਖ ਮੰਤਰੀ ਜਾਂ ਇਸ ਸਰਕਾਰ ਦਾ ਮੁੱਖ ਮੰਤਰੀ ਇਸ ਕਿਰਦਾਰ ਉੱਤੇ ਚੱਲ ਰਹੇ ਹਨ ? ਚਿੱਟੇ ਪੋਸ਼ਾਕੇ ਪਾਉਣ ਨਾਲ, ਉੱਪਰ ਗਾਤਰੇ ਸਜਾਉਣ ਨਾਲ, ਨੀਲੀਆਂ-ਪੀਲੀਆਂ ਪੱਗਾਂ ਸਜਾ ਕੇ ਤੇ ਦਾਹੜੀਆਂ ਨੂੰ ਖੋਲ੍ਹ ਕੇ ਰਖੱਣ ਨਾਲ ਕਿਸੇ ਵਿੱਚ ਸਿੱਖੀ ਕਿਰਦਾਰ ਨਹੀਂ ਆ ਸਕਦਾ। ਸਗੋਂ ਇਹ ਲੋਕ ਪਰੰਪਰਾ ਤੋਂ ਚਲੇ ਆ ਰਹੇ ਸਿੱਖੀ ਕਿਰਦਾਰ ਦੀਆਂ ਧੱਜੀਆਂ ਉਡਾ ਰਹੇ ਹਨ। ਕਿਸੇ ਨੂੰ ਮੁਖ-ਮੰਤਰੀ ਦੀ ਕੁਰਸੀ ਜ਼ਰੂਰੀ ਚਾਹੀਦੀ ਹੈ। ਕੋਈ ਜੇਲ੍ਹ ਵਿੱਚ ਕਤਲ ਦੀ ਸਜ਼ਾ ਭੁਗਤ ਰਹੇ ਮੁਲਜ਼ਮ ਨੂੰ ਅਕਾਲ ਤਖ਼ਤ ਸਾਹਿਬ ਦਾ ਜੱਥੇਦਾਰ ਬਣਾਉਂਦਾ ਹੈ, ਕਿਉਂਕਿ ਉਹਨੂੰ ਐਸ.ਜੀ.ਪੀ.ਸੀ. ਦੀ ਪ੍ਰਧਾਨਗੀ ਚਾਹੀਦੀ ਹੈ। ਪਹਿਲਾ, ਦੂਜੇ ਦੀ ਇਸ ਛੜਯੰਤਰੀ ਸਿਆਸਤ ਨੂੰ ਅਸਫ਼ਲ ਕਰਨ ਲਈ ਇੱਕ ਬੀਬੀ ਨੂੰ ਐਸ. ਜੀ. ਪੀ. ਸੀ. ਦੀ ਪ੍ਰਧਾਨ ਬਣਾ ਦਿੰਦਾ ਹੈ ਜਿਸ ਉਤੇ ਸੀ. ਬੀ. ਆਈ. ਦਾ ਇਲਜ਼ਾਮ ਹੈ ਕਿ ਉਹਨੇ ਆਪਣੀ ਧੀ ਨੂੰ ਮਰਵਾਇਆ ਹੈ। ਗੁਰੂ ਨਾਨਕ ਨੇ ਆਪਣੇ ਪੁੱਤਰਾਂ ਨੂੰ ਛੱਡ ਕੇ ਭਾਈ ਲਹਿਣੇ ਨੂੰ ਗੱਦੀ ਦੇ ਕੇ ਗੁਰੂ ਅੰਗਦ ਬਣਾਇਆ ਸੀ। ਏਧਰ ਬਾਦਲ ਸਾਹਿਬ ਬਾਹਰਲੇ ਦੇਸ਼ ਨੂੰ ਜਾਂਦੇ ਹੋਣੇ ਵਾਜਪਾਈ ਜੀ ਦੇ ਕੰਨ ਵਿੱਚ ਫੂਕ ਮਾਰ



Sri Satguru Jagjit Singh Ji eLibrary NamdhariElibrary@gmail.com

ਜਾਂਦੇ ਹਨ— ਮੇਰੇ ਪੁਤੱਰ ਨੂੰ ਕੇਂਦਰੀ ਮੰਤਰੀ ਮੰਡਲ ਦਾ ਮੰਤਰੀ ਜ਼ਰੂਰ ਬਣਾ ਦੇਣਾ। ਉਹਦੀ ਸਿਆਸੀ ਕਮਾਈ ਇਹ ਸੀ ਕਿ ਉਹ ਮੁੱਖ ਮੰਤਰੀ ਦਾ ਪੁੱਤਰ ਸੀ। ਰੱਸਾ-ਕਸ਼ੀ ਦਾ ਇਹ ਹਾਲ ਹੈ, ਇੱਕ ਗੱਦੀਉਂ ਲਾਹੁਣ ਨੂੰ ਫਿਰਦਾ ਹੈ, ਦੂਜਾ ਗੱਦੀ ਉੱਤੇ ਚਿੰਬੜਣ ਉਤੇ ਪੂਰਾ ਜ਼ੋਰ ਲਾਈ ਜਾ ਰਿਹਾ ਹੈ। ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਇਹ ਸਿੱਖ ਸਿੱਖੀ ਕਿਰਦਾਰ ਦੀ ਕਿਵੇਂ ਖਿੱਲ੍ਹੀ ਉਡਾ ਰਹੇ ਹਨ, ਇਹ ਸਭ ਸਾਡੇ ਸਾਹਮਣੇ ਹੈ। ਕੇਂਦਰੀ ਮੰਤਰੀ ਮੰਡਲ ਦਾ ਸ਼੍ਰੇਣੀ ਕਿਰਦਾਰ ਹੀ ਅਜਿਹਾ ਹੈ ਕਿ ਉਹ ਸਿੱਖੀ ਕਿਰਦਾਰ ਜਾਂ ਇਨਸਾਨੀ ਕਿਰਦਾਰ ਉੱਤੇ ਚੱਲ ਹੀ ਨਹੀਂ ਸਕਦੀ। ਉਥੇ ਸਭ ਨੂੰ ਆਪਣੀ ਆਪਣੀ ਕੁਰਸੀ ਦੀ ਪਈ ਹੋਈ ਹੈ। ਗੁਰੂ ਨਾਨਕ ਦਾ ਸਮਾਂ ਰਾਜਿਆਂ ਦਾ ਸਮਾਂ ਸੀ। ਅੱਜ ਏਥੇ ਲੋਕ ਰਾਜ ਹੈ ਪਰ ਭ੍ਰਿਸ਼ਟਾਚਾਰ ਤੇ ਕੁਕਰਮ ਉਸ ਸਮੇਂ ਨਾਲੋਂ ਹੁਣ ਕਿਤੇ ਵੱਧ ਦੇਖਣ ਨੂੰ ਮਿਲਦੇ ਹਨ। ਪਰ ਸਿੱਖੀ ਕਿਰਦਾਰ ਫਿਰ ਵੀ ਚੁੱਪ ਹੈ। ਹੱਕ, ਸੱਚ ਤੇ ਨਿਆਂ ਲਈ ਕੁਰਬਾਨੀਆਂ ਦੇਣ ਵਾਲਿਆਂ ਦਾ ਅਸਲੋਂ ਕਾਲ ਪੈ ਗਿਆ ਜਾਪਦਾ ਹੈ। ਨਾਮ ਜਪਣਾ ਆਪਣੀ ਥਾਂ ਹੈ। ਇਹ ਅੰਦਰਲੀ ਤੇ ਅਧਿਆਤਮਕ ਅਮੀਰੀ ਤੇ ਉੱਚਤਾ ਲਈ ਵੀ ਆਵਸ਼ੱਕ ਹੈ। ਨਾਮ ਜਪਣ ਨਾਲ ਸੱਚ-ਸੁੱਚ ਦਾ ਅਹਿਸਾਸ ਜਾਗਦਾ ਹੈ। ਅੰਦਰਲਾ ਪਾਕ-ਪਵਿੱਤਰ ਹੋ ਕੇ ਇਨਸਾਨੀ ਗੁਣਾਂ ਨਾਲ ਭਰਪੂਰ ਹੋ ਜਾਂਦਾ ਹੈ। ਪਰ ਇਹ ਸ੍ਵੈ ਦੀ ਸ਼ੁਧਤਾ ਦਾ ਸਾਧਨ ਹੈ। ਪਰ ਕੇਵਲ ਨਾਮ ਜਪਣ ਨਾਲ ਸਮਾਜੀ ਤੇ ਸਦਾਚਾਰਕ ਕੁਰੀਤੀਆਂ, ਭ੍ਰਿਸ਼ਟਾਚਾਰ ਤੇ ਅਤਿਆਚਾਰ ਖ਼ਤਮ ਨਹੀਂ ਹੋ ਜਾਂਦਾ। ਏਸ ਲਈ ਨਾਮ ਜਪਣ ਦੇ ਨਾਲ ਨਾਲ ਸਾਹਸ, ਸੰਘਰਸ਼ ਤੇ ਕੁਰਬਾਨੀ ਦੀ ਵੀ ਲੋੜ ਹੈ।

ਜੇ ਸਿੱਖ ਸਮਾਜ ਦੀ ਹੀ ਗੱਲ ਕਰੀਏ ਤਾਂ ਅਸੀਂ ਦੇਖਦੇ ਹਾਂ ਕਿ ਇਹ ਕਈ ਸੰਪ੍ਰਦਾਵਾਂ ਵਿੱਚ ਵੰਡਿਆ ਹੋਇਆ ਹੈ। ਬਾਬਾ ਜੀ, ਸਤਿਗੁਰੂ, ਸੱਚੇ-ਪਾਤਸ਼ਾਹ ਜਾਂ ਮਹਾਰਾਜ ਜੀ ਇਹਨਾਂ ਸੰਪ੍ਰਦਾਵਾਂ ਦੇ ਰੂਹਾਨੀ ਰਹਿਬਰ ਹਨ। ਸਾਡੇ ਲਈ ਸਾਰੇ ਹੀ ਆਦਰ-ਸਤਿਕਾਰ ਦੇ ਪਾਤਰ ਹਨ। ਕੋਈ ਉਹਨਾਂ ਦੀ ਮਹਾਨਤਾ ਤੋਂ ਮੁਨਕਰ ਨਹੀਂ। ਲੱਖਾਂ ਲੋਕ ਨਾਮ-ਦਾਨ ਲੈਂਦੇ ਹਨ, ਉਹਨਾਂ ਦੇ ਦੱਸੇ ਹੋਏ ਰਾਹ ਉੱਤੇ ਚਲਦਿਆਂ ਗੁਰਬਾਣੀ ਦਾ ਪਾਠ ਕਰਦੇ ਹਨ, ਨਾਮ ਜਪਦੇ ਹਨ। ਨਾਮ, ਦੀ ਮਹਿਮਾ ਦਾ ਗੁਰਬਾਣੀ ਵਿੱਚ ਥਾਂ ਥਾਂ ਜ਼ਿਕਰ ਹੈ। ਨਾਮ ਸ਼ਬਦ ਰਜ਼ਾ, ਹੁਕਮ, ਭਾਣਾ ਗੁਰਬਾਣੀ ਦੀ ਦਾਰਸ਼ਨਿਕ ਤੇ ਅਧਿਆਤਮਕ ਮਹੱਤਤਾ ਦੇ ਬੁਨਿਆਈ ਸਤੰਭ ਹਨ। ਪਰ ਕੀ ਇਹ ਸੰਪ੍ਰਦਾਇਆਂ ਦੇ ਰੂਹਾਨੀ ਆਗੂ ਤੇ ਉਹਨਾਂ ਦੇ ਲੱਖਾਂ ਸ਼ਰਧਾਲੂ ਸਿੱਖੀ ਕਿਰਦਾਰ ਨੂੰ ਨਿਭਾ ਰਹੇ ਹਨ ? ਨਾਮ-ਦਾਨ ਦੀ ਮਹੱਤਾ ਦਾ ਮੈਨੂੰ ਗਿਆਨ ਨਹੀਂ। ਪਰ ਮੇਰਾ ਇਹ ਵਿਸ਼ਵਾਸ ਹੈ ਕਿ ਸਮੁੱਚੀ ਗੁਰਬਾਣੀ ਹੀ ਨਾਮ-ਦਾਨ ਹੈ, ਸੁੱਚੀ ਕਿਰਤ-ਕਮਾਈ ਤੇ ਸਰਬੱਤ ਦੇ ਭਲੇ ਲਈ ਆਪਾ ਵਾਰਨਾ ਸਿੱਖੀ ਕਿਰਦਾਰ ਨੂੰ ਸਹੀ ਅਰਥਾਂ ਵਿੱਚ ਅਪਨਾਉਣਾ ਹੈ। ਏਸ ਪਖੋਂ ਅੱਧਾ ਕੰਮ ਹੋ ਰਿਹਾ ਹੈ ਅਰਥਾਤ ਨਾਮ ਦੀ ਮਹਿਮਾ ਦਾ ਗਿਆਨ ਦਿੱਤਾ ਜਾ ਰਿਹਾ ਹੈ। ਬਾਕੀ ਅੱਧੇ ਕੰਮ ਵਲੋਂ ਅੱਖਾਂ ਮੀਚੀਆਂ ਜਾ ਰਹੀਆਂ ਹਨ। ਭ੍ਰਿਸ਼ਟਾਚਾਰ ਵਿਰੁਧ ਕੌਣ ਲੜੇ? ਮਲਿਕ ਭਾਗੋ ਨੂੰ ਛੱਡ ਕੇ ਭਾਈ ਲਾਲੋ ਨਾਲ ਖੜ੍ਹੇ ਹੋਣ ਵਾਲੇ ਕਿਥੋਂ ਆਉਣ ? ਮਹਿਮੂਦ ਗਜ਼ਨਵੀ ਤੇ ਮੁਹੰਮਦ ਗੌਰੀ ਦੇ ਕਬਜ਼ਿਆਂ ਵਿਚੋਂ ਮਾਸੂਮ ਤੇ ਬੇ-ਗੁਨਾਹ ਅਬਲਾਵਾਂ ਨੂੰ ਕੌਣ ਛੁਡਾਵੇ ? ਭਾਈ ਮਤੀ ਦਾਸ, ਭਾਈ ਸਤੀ ਦਾਸ ਕਿਧਰੇ ਦਿਖਾਈ ਨਹੀਂ ਦੇ ਰਹੇ ? ਸੀਸ ਤਲੀ ਤੇ ਧਰਕੇ ਦਸਮੇਸ਼ ਪਿਤਾ ਦੇ ਸਾਹਮਣੇ ਆਉਣ ਵਾਲੇ ਕਿਧੱਰ ਚਲੇ ਗਏ ਹਨ ? ਦੀਨ ਦੀ ਖ਼ਾਤਰ ਪੁਰਜ਼ਾ ਪੁਰਜ਼ਾ ਕਟਵਾਉਣ ਵਾਲੇ ਸੂਰਮੇ ਕਿਧਰੇ ਨਜ਼ਰ ਨਹੀਂ ਆ ਰਹੇ ? ਤੁਸੀਂ ਸ਼ਾਇਦ ਮਹਿਸੂਸ ਕਰੋ ਮੈਂ ਤਾਂ ਤੁਹਾਨੂੰ ਪਿੱਛੇ ਨੂੰ ਲਿਜਾ ਰਿਹਾ ਹਾਂ, ਭੂਤ ਵੱਲ ਖਿੱਚ ਰਿਹਾ ਹਾਂ। ਅੱਜ ਦਾ ਯੁੱਗ ਐਟਮੀ ਯੁੱਗ ਹੈ। ਪੁਰਾਣੀਆਂ ਮਿਸਾਲਾਂ ਦੇਣ ਦੇ ਕੀ ਅਰਥ ? ਮੈਂ ਇੱਕ ਗੱਲ ਹੋਰ ਸਪਸ਼ਟ ਕਰ ਦਿਆਂ ਕਿ ਕੁਝ ਗੱਲਾਂ, ਕੁੱਝ ਮੁੱਦੇ, ਕੁਝ ਮਸਲੇ, ਕੁਝ ਪਾੜੇ, ਕੁਝ ਫਾਸਲੇ ਤੇ ਕੁਝ ਮੱਤ-ਭੇਦ ਸਮਾਜ ਦੀ ਹੋਂਦ ਤੋਂ ਹੀ ਚਲੇ ਆ ਰਹੇ ਹਨ ਤੇ ਰਹਿੰਦੀ ਦੁਨੀਆਂ ਤੀਕ ਤਾ ਇਸ ਰਹਿਣਗੇ ਜਿਵੇਂ ਸੱਚ-ਝੂਠ, ਨੇਕੀ-ਬਦੀ, ਛੋਟਾ-ਵੱਡਾ, ਅਮੀਰ-ਗਰੀਬ, ਸੋਸ਼ਣ-ਵਿਤਕਰੇ, ਪਾਪ-ਪੁੰਨ, ਆਰਥਕ-ਪਾੜਾ, ਜ਼ਾਲਮ-ਮਜ਼ਲੂਮ, ਰਾਜਾ-ਰੰਕ ਜਾਂ ਚੰਗਾ-ਮਾੜਾ। ਜਿੰਨਾ ਚਿਰ ਇਹ ਬੁਨਿਆਦੀ ਵੱਖਰਤਾਵਾਂ ਕਾਇਮ ਰਹਿਣਗੀਆਂ ਸਿੱਖੀ ਕਿਰਦਾਰ ਦਾ ਮਹੱਤਵ ਤੇ ਲੋੜ ਬਣੀ ਰਹੇਗੀ। ਜਿਵੇਂ ਮੈਂ ਸਭ ਤੋਂ ਪਹਿਲਾਂ ਆਖ ਆਇਆ ਹਾਂ ਕਿ ਗੁਰੂ ਨਾਨਕ ਤੋਂ ਪਹਿਲਾਂ ਵੀ ਮਹਾਨ ਵਿਅਕਤੀਆਂ ਨੇ ਇਹਨਾਂ ਗੁਣਾਂ-ਔਗੁਣਾਂ ਦੇ ਵਿਤਕਰਿਆਂ ਵੱਲ ਧਿਆਨ ਖਿਚਿਆ ਹੈ ਪਰ ਗੁਰੂ ਨਾਨਕ ਵਾਂਗ ਅਮਲੀ ਤੇ ਅਧਿਆਤਮਕ ਪੱਧਰ ਤੇ ਬਹੁਤ ਘੱਟ ਆਗੂਆਂ ਨੇ ਸਪਸ਼ਟ ਰੂਪ ਵਿੱਚ ਇਹਨੂੰ ਪ੍ਰਗਟਾਇਆ ਹੈ। ੧੨-੧੩ ਸਾਲਾਂ ਦੀਆਂ ਚਾਰ ਉਦਾਸੀਆਂ ਨਾਲ ਗੁਰੂ ਜੀ ਨੇ ਸਮਾਜ ਸੁਧਾਰ ਤੇ ਅਗਿਆਨਤਾ ਦੀ ਧੁੰਦ ਨੂੰ ਮਿਟਾਉਣ ਲਈ ਕਿੰਨੇ ਜਫ਼ਰ ਜਾਲੇ ਹੋਣਗੇ, ਇਹਦਾ ਅੰਦਾਜ਼ਾ ਲਾਉਣਾ ਕਠਨ ਹੀ ਨਹੀਂ ਅਸੰਭਵ ਵੀ ਹੈ। ਜਪੁਜੀ ਸਾਹਿਬ ਵਰਗੀ ਬਾਣੀ ਕੋਈ ਰੱਬੀ ਸ਼ਖ਼ਸੀਅਤ ਹੀ ਲਿਖ ਸਕਦੀ ਹੈ।

ਸਿੱਖੀ ਕਿਰਦਾਰ ਦੇ ਪਖੋਂ ਇੱਕ ਹੋਰ ਗੱਲ ਵੀ ਸਪਸ਼ਟ ਕਰਨ ਵਾਲੀ ਹੈ। ਸਿੱਖ ਧਰਮ ਨਿਰਗੁਣ ਤੇ ਸਰਗੁਣ ਦੋਹਾਂ ਰੂਪਾਂ ਨੂੰ ਮੰਨਦਾ ਹੈ। ਸਮੁੱਚੀ ਬਾਣੀ ਵਿੱਚ ਗੁਰੂ ਤੇ ਸਤਿਗੁਰੂ ਦੀ ਮਹਿਮਾ ਦਾ ਵੀ ਥਾਂ ਥਾਂ ਜ਼ਿਕਰ ਹੈ। ਪਰ ਸਾਡੇ ਸਾਹਮਣੇ ਸਮੱਸਿਆ ਇਹ ਹੈ ਕਿ ਹਰ ਇੱਕ ਸਿੱਖ ਸੰਪਰਦਾਇ ਦੇ ਰੂਹਾਨੀ ਗੁਰੂ ਨੂੰ ਉਸ ਸੰਪਰਦਾਇ ਦੇ ਸ਼ਰਧਾਲੂ ਰੱਬ ਦਾ ਰੂਪ ਮੰਨਦੇ ਹਨ। ਸਪਸ਼ਟ ਹੈ ਇੱਕ ਪ੍ਰਮਾਤਮਾ ਦੇ ਏਨੇ ਸਰੀਰਕ ਰੂਪ ਹੋ



Sri Satguru Jagjit Singh Ji eLibrary NamdhariElibrary@gmail.com

ਨਹੀਂ ਸਕਦੇ। ਇੱਕ ਸੰਪਰਦਾਇ ਦੇ ਮੰਨਣ ਵਾਲੇ ਦਸ ਤੋਂ ਵੱਧ ਗੁਰੂਆਂ ਨੂੰ ਵੀ ਮੰਨਦੇ ਹਨ। ਇਹਦੇ ਬਾਰੇ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। ਜੇ ਬਾਬਾ ਰਾਮ ਸਿੰਘ ਰੱਬੀ ਮਹਾਨਤਾ ਦਾ ਸਾਕਾਰ ਰੂਪ ਹੋ ਸਕਦੇ ਹਨ ਤਾਂ ਆਉਣ ਵਾਲੀਆਂ ਅਗਲੀਆਂ ਸ਼ਖਸੀਅਤਾਂ ਵਿੱਚ ਵੀ ਉੱਚੇ-ਸੁੱਚੇ ਤੇ ਮਹਾਨ ਗੁਣ ਹੋ ਸਕਦੇ ਹਨ। ਪ੍ਰਸ਼ਨ ਤਾਂ ਇੱਕੋ ਹੈ ਕਿ ਕੀ ਇਹਨਾਂ ਮਹਾਨ ਸ਼ਖਸੀਅਤਾਂ ਵਿਚੋਂ ਸਿੱਖੀ ਕਿਰਦਾਰ ਦਾ ਅਮਲੀ ਤੇ ਅਧਿਆਤਮਕ ਪਧੱਰ ਤੇ ਪਰਤੱਖ ਪ੍ਰਗਟਾਵਾ ਹੈ ਕਿ ਨਹੀਂ? ਕੀ ਇਹ ਮਹਾਨ ਸ਼ਖਸੀਅਤਾਂ ਅਜੋਕੇ ਸਮੇਂ ਵਿੱਚ ਸਿੱਖੀ ਕਿਰਦਾਰ ਨੂੰ ਨਿਭਾਉਣ ਦੇ ਸਮਰੱਥ ਹਨ ਕਿ ਨਹੀਂ ? ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਤੇਗ਼ ਬਹਾਦਰ ਤੱਕ ਕਿਸੇ ਨੇ ਵੀ ਅੰਮ੍ਰਿਤ ਨਹੀਂ ਸੀ ਛਕਿਆ, ਪਰ ਉਹਨਾਂ ਸਿੱਖੀ ਕਿਰਦਾਰ ਨੂੰ ਆਪਣੀ ਜਿੰਦ-ਜਾਨ ਨਾਲ ਨਿਭਾਇਆ। ਗੁਰੂ ਗੋਬਿੰਦ ਸਿੰਘ ਜੀ ਨੇ ਸਮੇਂ ਦੀ ਲੋੜ ਨੂੰ ਮੁੱਖ ਰਖਦਿਆਂ ਅੰਮ੍ਰਿਤ ਛਕਾਕੇ ਸਿੱਖਾਂ ਨੂੰ ਸਿੰਘਾਂ ਵਿੱਚ ਬਦਲ ਦਿੱਤਾ। ਜਿਵੇਂ ਮੈਂ ਪਹਿਲਾਂ ਕਹਿ ਚੁੱਕਾ ਹਾਂ ਕਿ ਗੁਰੂ ਜੀ ਦਾ ਇਹ ਇਨਕਲਾਬੀ ਮਹਾਨ ਇਤਿਹਾਸਕ ਕਾਰਨਾਮਾ ਗੁਰੂ ਨਾਨਕ ਦੇ ਸਿੱਖੀ ਕਿਰਦਾਰ ਦਾ ਹੀ ਇੱਕ ਇਨਕਲਾਬੀ ਰੂਪ ਸੀ। ਅੱਜ ਅਜਿਹੇ ਹੀ ਸਿੱਖੀ ਕਿਰਦਾਰ ਦੀ ਲੋੜ ਹੈ। ਨਿਰਸੰਦੇਹ ਇਹ ਸਿੱਖੀ ਕਿਰਦਾਰ ਲੋਭ, ਮੋਹ, ਹਉਮੈ, ਸ੍ਵੈ-ਸਆਰਥ, ਸ੍ਵੈ-ਹਿਤਾਂ ਜਾਂ ਪਰਾਏ ਹੱਕਾਂ ਉਤੇ ਜੱਫਾ ਮਾਰਨ ਦਾ ਵਿਰੋਧ ਕਰਦਾ ਹੈ। ਏਸ ਪਖੋਂ ਸਿਖਾਂ ਦੇ ਸਿਆਸੀ ਆਗੂ ਗੁਰ-ਮਰਯਾਦਾ ਦਾ ਢੰਡੋਰਾ ਪਿਟੱਣ ਦੇ ਬਾਵਜੂਦ ਸਿੱਖੀ ਕਿਰਦਾਰ ਤੋਂ ਅਸਲੋਂ ਕੋਰੇ ਹਨ। ਉਹ ਆਪਣੇ ਮਨਾਂ ਨੂੰ ਜਿੱਤ ਨਹੀਂ ਸਕੇ, ਜੱਗ ਨੂੰ ਉਹਨਾਂ ਕੀ ਜਿੱਤਣਾ ਹੈ? ਸ਼ੁਭ ਅਮਲਾਂ ਦੀ ਥਾਂ ਆਪਣੇ ਨਿੱਜੀ ਹਿਤਾਂ ਲਈ ਕੁਕਰਮਾਂ ਪਿੱਛੇ ਲੱਗੇ ਹੋਏ ਹਨ। ਸਿੱਖੀ ਕਿਰਦਾਰ ਦੀ ਗੱਲ ਕਰਨੀ ਉਹਨਾਂ ਨੂੰ ਨਹੀਂ ਸਭੋਦੀ।

ਮੈਂ ਆਪਣੇ ਸਿਰਲੇਖ ਵਿੱਚ ਸਿੱਖੀ ਕਿਰਦਾਰ ਦੀ ਲੋੜ ਉਤੇ ਉਚੇਚਾ ਬਲ ਦਿੱਤਾ ਹੈ। ਸਿੱਖੀ ਕਿਰਦਾਰ ਨੂੰ ਅਪਣਾਉਣਾ ਤੇ ਨਿਭਾਉਣਾ ਸੌਖਾ ਕੰਮ ਨਹੀਂ। ਇਹ ਵਿਰਲਿਆਂ, ਸੂਰਮਿਆਂ, ਯੋਧਿਆਂ ਤੇ ਸਿਰ-ਲੱਥਾਂ ਦਾ ਰਾਹ ਹੈ। ਇਸ ਰਾਹ ਉੱਤੇ ਚੱਲਣ ਵਾਲਿਆਂ ਨੂੰ ਤੱਤੀਆਂ ਤਵੀਆਂ ਉੱਤੇ ਬੈਠਕੇ ਜਾਨ ਕੁਰਬਾਨ ਕਰਨੀ ਪੈਂਦੀ ਹੈ, ਸੀਸ ਭੇਟ ਕਰਨੇ ਪੈਂਦੇ ਹਨ, ਬੰਦ ਬੰਦ ਕਟਵਾਉਣੇ ਪੈਂਦੇ ਹਨ, ਆਪਣੀਆਂ ਅੱਖਾਂ ਦੇ ਸਾਹਮਣੇ ਆਪਣੇ ਲਾਡਲਿਆਂ ਨੂੰ ਸ਼ਹੀਦ ਹੁੰਦੇ ਦੇਖਣਾ ਪੈਂਦਾ ਹੈ। ਤੋਪਾਂ ਦੇ ਮੂੰਹਾਂ ਅੱਗੇ ਖਲੋਕੇ ਸ਼ਹੀਦੀਆਂ ਪਾਉਣੀਆਂ ਪੈਂਦੀਆਂ ਹਨ। ਅੱਤਿਆਚਾਰ ਤੇ ਭ੍ਰਿਸ਼ਟਾਚਾਰ ਨਾਲ ਗੱਲਾਂਬਾਤਾਂ ਜਾਂ ਖਾਲੀ ਉਪਦੇਸ਼ਾਂ ਜਾਂ ਸਿਰਫ਼ ਨਾਮ-ਦਾਨ ਦੀ ਬਖਸ਼ਸ਼ ਨਾਲ ਨਹੀਂ ਲੜਿਆ ਜਾ ਸਕਦਾ। ਗੁਰੂ ਰਾਮ ਸਿੰਘ ਜੀ ਵਾਂਗ ਕਾਲੇ ਪਾਣੀਆਂ ਦੀ ਜੇਲ੍ਹ ਵਿੱਚ ਕਸ਼ਟ ਸਹਾਰਨੇ ਪੈਂਦੇ ਹਨ। ਇਹੋ ਜਿਹਾ ਸਿੱਖੀ ਕਿਰਦਾਰ ਮੈਨੂੰ ਕਿਸੇ ਵੀ ਸਿੱਖ ਸੰਪਰਦਾਇ ਦੇ ਕਿਸੇ ਆਗੂ ਜਾਂ ਉਸ ਦੇ ਸ਼ਰਧਾਲੂਆਂ ਵਿੱਚ ਦਿਖਾਈ ਨਹੀਂ ਦਿੰਦਾ। ਸਿੱਖਾਂ ਦੇ ਸਿਆਸੀ ਆਗੂਆਂ ਵਿੱਚ ਤਾਂ ਇਹ ਅਸਲੋਂ ਹੀ ਗਾਇਬ ਹੈ।

੨੧ ਵੀਂ ਸਦੀ ਦੇ ਭਾਰਤ ਵਿੱਚ ਅੱਤਿਆਚਾਰਾਂ ਦੀ ਕਮੀ ਨਹੀਂ, ਭ੍ਰਿਸ਼ਟਾਚਾਰ ਦਾ ਘਾਟਾ ਨਹੀਂ, ਹਰ ਰੋਜ਼ ਗਰੀਬਾਂ ਤੇ ਕਮਜ਼ੋਰਾਂ ਨੂੰ ਮਾਰਿਆ ਜਾ ਰਿਹਾ ਹੈ, ਧਾਰਮਕ ਸਹਿਣ-ਸ਼ੀਲਤਾ ਦਿਨੋ ਦਿਨ ਘਟਦੀ-ਮੁਕਦੀ ਜਾ ਰਹੀ ਹੈ। ਗੁਰੂ ਨਾਨਕ ਦੇ ਸਮੇਂ ਦੇ ਰਾਜਿਆਂ ਵਾਂਗ ੨੧ਵੀਂ ਸਦੀ ਦੇ ਮੰਤਰੀਆਂ/ਮੁਖ ਮੰਤਰੀਆਂ ਜਾਂ ਅਫ਼ਸਰਸ਼ਾਹੀ ਨੇ ਆਪਣੇ ਭ੍ਰਿਸ਼ਟਾਚਾਰੀ ਕੁਕਰਮਾਂ ਨਾਲ ਆਮ ਲੋਕਾਂ ਦੇ ਨੱਕਾਂ ਵਿਚ ਦਮ ਕੀਤਾ ਹੋਇਆ ਹੈ। ਧਰਮ ਦੇ ਨਾਂ ਉੱਤੇ ਲੋਕਾਂ ਨੂੰ ਮਾਰਿਆ, ਫੂਕਿਆ ਤੇ ਸਾੜਿਆ ਜਾ ਰਿਹਾ ਹੈ। ਗਰੀਬਾਂ ਦੀ ਰਾਖੀ ਤੇ ਉਹਨਾਂ ਦੇ ਹੱਕਾਂ ਲਈ ਸੰਘਰਸ਼ ਕਰਨ ਵਾਲੇ ਲੋਕਾਂ ਦੀਆਂ ਜ਼ਬਾਨਾਂ ਵੀ ਬੰਦ ਹਨ। ਦੂਜੇ ਸ਼ਬਦਾਂ ਵਿੱਚ ਆਰਥਕ, ਸਮਾਜਕ, ਧਾਰਮਕ, ਸਭਿਆਚਾਰਕ ਅਤੇ ਰਾਜਨੀਤਕ ਪੱਖੋਂ ਅਸੀਂ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੇ ਸਮਿਆਂ ਵਾਲੇ ਅੱਤਿਆਚਾਰ ਤੇ ਭ੍ਰਿਸ਼ਟਾਚਾਰ ਨੂੰ ਚੁੱਪ-ਚਾਪ ਸਹਿ ਰਹੇ ਹਾਂ। ਅਸੀਂ ਉਸ ਸਿੱਖੀ ਕਿਰਦਾਰ ਤੋਂ ਮੂੰਹ ਮੋੜੀ ਬੈਠੇ ਹਾਂ, ਜਿਸ ਦੀ ਅੱਜ ਡਾਢੀ ਲੋੜ ਹੈ। ਮੈਂ ਇਸ ਦਾ ਕਾਰਨ ਸਮਝਦਾ ਹਾਂ— ਉਪਦੇਸ਼ ਦੇਣੇ ਤੇ ਉਪਦੇਸ਼ ਲੈਣੇ ਸੌਖੇ ਹਨ ਭਾਵੇਂ ਹਰ ਕੋਈ ਉਪਦੇਸ਼ ਵੀ ਨਹੀਂ ਦੇ ਸਕਦਾ, ਤੇ ਹਰ ਕੋਈ ਦਿੱਤੇ ਹੋਏ ਉਪਦੇਸ਼ ਨੂੰ ਨਹੀਂ ਨਿਭਾ ਸਕਦਾ ਪਰ ਆਪਾ ਵਾਰਨਾ, ਤਿਆਗ ਕਰਨਾ, ਦੂਜਿਆਂ ਤੇ ਮਨੁਖਤਾ ਕਾਰਨ ਸੰਘਰਸ਼ ਕਰਨਾ ਅਤੇ ਬਿਨਾਂ ਕਿਸੇ ਨਿੱਜੀ ਸੁਆਰਥ ਦੇ ਸੀਸ ਭੇਟ ਕਰਨਾ ਕਿਸੇ ਵਿਰਲੇ ਮਹਾਂ-ਪੁਰਸ਼ ਦਾ ਬੇ-ਮਿਸਾਲ ਕਾਰਨਾਮਾ ਹੀ ਹੋ ਸਕਦਾ ਹੈ। ਅਰਬਾਂ-ਖਰਬਾਂ ਵਿਚੋਂ ਕਦੇ ਕੋਈ ਗੁਰੂ ਨਾਨਕ ਪੈਦਾ ਹੁੰਦਾ ਹੈ, ਗੁਰੂ ਅਰਜਨ ਅਵਤਾਰ ਧਾਰਦਾ ਹੈ, ਗੁਰੂ ਤੇਗ਼ ਬਹਾਦਰ ਇਸ ਸੰਸਾਰ ਵਿੱਚ ਆਉਂਦਾ ਹੈ, ਗੁਰੂ ਗੋਬਿੰਦ ਸਿੰਘ ਜਿਹਾ ਮਹਾਨ ਯੋਧਾ ਸਰਬੰਸ-ਦਾਨੀ ਇਸ ਧਰਤੀ ਨੂੰ ਭਾਗ ਲਾਉਂਦਾ ਹੈ। ਵਿਰਲਿਆਂ ਵਿਚੋਂ ਕੋਈ ਵਿਰਲਾ ਹੀ ਸਤਿਗੁਰੂ ਰਾਮ ਸਿੰਘ ਜੀ ਵਾਂਗ ਪਰੰਪਰਾ ਤੋਂ ਤੁਰੇ ਆ ਰਹੇ ਸਿੱਖੀ ਕਿਰਦਾਰ ਨੂੰ ਮੁੜ ਸੁਰਜੀਤ ਕਰਦਾ ਹੈ। ਦੇਸ਼ ਦੀ ਮੁਕਤੀ ਸਿੱਖੀ ਕਿਰਦਾਰ ਦੀਆਂ ਮਹਾਨ ਕਰਨੀਆਂ ਤੋਂ ਬਿਨਾਂ ਸੰਭਵ ਨਹੀਂ। ਮੈਨੂੰ ਪਤਾ ਹੈ : ਸੱਚ ਕਹਿਣਾ ਬੜਾ ਔਖਾ ਹੁੰਦਾ ਹੈ ਤੇ ਸੱਚ ਨੂੰ ਜਰਨਾ ਤੇ ਸਹਿਣਾ ਹੋਰ ਵੀ ਔਖਾ। ਸੱਚ ਨੂੰ ਕਹਿਣ ਤੇ ਸੱਚ ਨੂੰ ਪਾਲਣ ਦੀ ਕੀਮਤ ਵੀ ਦੇਣੀ ਪੈਂਦੀ ਹੈ।

ਸੋ ਸੱਚ ਏਹੀ ਹੈ : ਲੋੜ ਹੈ, ਲੋੜ ਹੈ— ਅੱਜ ਸਿੱਖੀ ਕਿਰਦਾਰ ਦੀ ਲੋੜ ਹੈ।

**੧੫੧੦, ਆਊਟਰਮ ਲਾਈਨ**
**ਗੁਰੂ ਤੇਗ਼ ਬਹਾਦਰ ਨਗਰ ਦਿੱਲੀ ੯**



Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਈਨਾਂ ਵਿਚ ਤਿਆਰ ਕੀਤੇ ਹੋਏ
ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

**ਫ਼ਰਸ਼ੀ ਦਰੀਆਂ ਅਤੇ ਗ਼ਲੀਚੇ**

ਨਿਰਮਾਤਾ :

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Fursshi Durries & Carpets**

*in Bright & Fast Colours*

*Manufactuers :*

# Namdhari Sales

**10240/54, Library Road, Azad Market, Delhi-11006**





Sri Satguru Jagjit Singh Ji eLibrary NamdhariElibrary@gmail.com

# ਸਮੱਸਿਆਵਾਂ ਖੜ੍ਹੀਆਂ ਕਿਸ ਤੋਂ, ਕੌਣ ਕਰੇ ਸਮਾਧਾਨ ?

—ਕ੍ਰਿਸ਼ਨ ਲਾਲ ਪਰਵਾਨਾ

ਅੱਜ ਸਾਰੇ ਭਾਰਤ ਦੇਸ਼ ਵਿੱਚ : (ਹਰ ਪ੍ਰਾਂਤ, ਹਰ ਜ਼ਿਲ੍ਹੇ, ਹਰ ਸ਼ਹਿਰ, ਹਰ ਕਸਬੇ, ਹਰ ਪਿੰਡ ਤੇ ਹਰ ਗਲੀ, ਕੂਚੇ ਵਿੱਚ) ਵਾਵੇਲਾ ਹੈ : ਬੇ-ਇਮਾਨੀ ਕੁਰੱਪਸ਼ਨ, ਠੱਗੀ ਠੋਰੀ, ਚੋਰ ਬਾਜ਼ਾਰੀ, ਰਾਜਨੀਤੀ ਵਿੱਚ ਗੜਬੜੀ, ਸਿੱਖਿਆ ਵਿੱਚ ਭ੍ਰਿਸ਼ਟਤਾ, ਕਾਰੋਬਾਰ ਵਿਓਪਾਰ, ਇੰਡਸਟ੍ਰੀ ਭਾਵ ਹਰ ਪ੍ਰਕਾਰ ਦੇ ਲੈਣ ਦੇਣ) ਵਿੱਚ ਗੰਦਗੀ। ਵਿਕਾਸ ਵਿੱਚ ਰੁਕਾਵਟ, ਪਦਵੀਆਂ ਵਿੱਚ ਵਿਤਕਰਾ, ਚਰਿਤਰਹੀਨਤਾ, ਵਿਕਾਰ; ਭਾਵ ਹਰ ਖੇਤਰ ਵਿੱਚ ਅੰਧੇਰਾ। ਕਿਸੇ ਨਾਲ ਕਿਸੇ ਵਿਸ਼ੇ ਤੇ ਗੱਲ-ਬਾਤ ਕਰੋ ਉਹ ਸਤੁੰਸ਼ਟ ਨਜ਼ਰ ਨਹੀਂ ਆ ਰਿਹਾ। ਤੁਸੀਂ ਡਾਕਟਰ ਨੂੰ ਮਿਲੋ, ਤੁਸੀਂ ਮਰੀਜ਼ ਨੂੰ ਮਿਲੋ, ਤੁਸੀਂ ਉਦਯੋਗਪਤੀ ਨੂੰ ਮਿਲੋ, ਤੁਸੀਂ ਉਸਦੇ ਕਰਿੰਦੇ ਨੂੰ ਮਿਲੋ, ਤੁਸੀਂ ਅਧਿਆਪਕ ਨੂੰ ਮਿਲੋ, ਵਿਦਿਆਰਥੀ ਨੂੰ ਮਿਲੋ, ਤੁਸੀਂ ਖਪਤਕਾਰ ਨੂੰ ਮਿਲੋ, ਤੁਸੀਂ ਵੇਚਣ ਜਾਂ ਖਰੀਦਣ ਵਾਲੇ ਨੂੰ ਮਿਲੋ, ਤੁਸੀਂ ਹੈੱਡ ਮਾਸਟਰ, ਪ੍ਰਿੰਸੀਪਲ ਨੂੰ ਮਿਲੋ, ਤੁਸੀਂ ਸਿਆਸਤਦਾਨ ਨੂੰ ਮਿਲੋ, ਉਸਦੇ ਵੋਟਰ ਨੂੰ ਮਿਲੋ, ਤੁਸੀਂ ਸਮਾਜ-ਸੇਵਕ ਨੂੰ ਮਿਲੋ, ਜਾਂ ਜਨਤਾ ਨੂੰ ਮਿਲੋ। ਭਾਵ ਹਰ ਆਦਮੀ, ਹਰ ਔਰਤ, ਹਰ ਬੱਚਾ, ਹਰ ਬੁੱਢਾ, ਪਿਤਾ-ਪੁੱਤਰ, ਮਾਂ-ਧੀ, ਸਭ ਤੁਹਾਨੂੰ ਦੁਖੀ ਤੇ ਅਸੰਤੁਲਤ ਹਾਲਤ ਵਿੱਚ ਮਿਲਣਗੇ। ਤੇ ਗੱਲ ਇੱਕੋ ਹੀ ਕਰਨਗੇ। ਕੀ ਕਰੀਏ ? ਸਾਡਾ ਸਾਰਾ ਸਮਾਜ ਹੀ ਗੰਦਾ ਹੈ।" ਤੇ ਕਹਿਣਗੇ ਕੁਛ ਦਿੱਤੇ ਬਿਨਾਂ ਫਾਇਲ ਅੱਗੇ ਨਹੀਂ ਤੁਰਦੀ, ਕੁਛ ਦਿੱਤੇ ਬਿਨਾਂ ਨੌਕਰੀ ਨਹੀਂ ਮਿਲਦੀ। ਹਸਪਤਾਲਾਂ ਵਿੱਚ ਡਾਕਟਰ ਨਹੀਂ। ਜੇ ਹੁੰਦੇ ਹਨ ਤੇ ਦਵਾਈ ਨਹੀਂ ਹੁੰਦੀ। ਸਕੂਲਾਂ, ਵਿੱਚ ਅਧਿਆਪਕ ਨਹੀਂ। ਜੇ ਅਧਿਆਪਕ ਹੈ ਤਾਂ ਵਿਦਿਆਰਥੀ ਨਹੀਂ। ਜੇ ਦੋਵੇਂ ਹਨ ਤਾਂ ਡੈਸਕ ਨਹੀਂ ਤੱਪੜ ਨਹੀਂ। ਅਧਿਆਪਕਾਂ ਦੇ ਬੈਠਣ ਲਈ ਕੁਰਸੀ ਨਹੀਂ। ਵਿਦਿਆਰਥੀਆਂ ਲਈ ਬੈਂਚ ਨਹੀਂ। ਪਾਸ ਹੋਣ ਲਈ ਪੈਸੇ ਚਲਦੇ ਨੇ। ਬਦਲੀਆਂ ਮੁਫ਼ਤ ਨਹੀਂ ਹੁੰਦੀਆਂ। ਮੁਫ਼ਤ ਹੁੰਦੀਆਂ ਹਨ ਤਾਂ ਥਾਂ ਕੁਥਾਂ ਹੋ ਜਾਂਦੀਆਂ ਹਨ। ਬੱਸਾਂ ਵਿੱਚ ਪੈਸੇ ਲੈ ਕੇ ਟਿਕਟ ਨਹੀਂ ਦਿੰਦੇ। ਕਈ ਥਾਈਂ ਪੈਸੇ ਲੈ ਕੇ ਟਿਕਟ ਦਿੰਦੇ ਹਨ ਤਾਂ ਫਿਰ ਸੀਟ ਨਹੀਂ ਮਿਲਦੀ। ਰਾਜਨੀਤੀ ਵਿੱਚ ਗੁੰਡਾਗਰਦੀ ਪਰਧਾਨ ਹੈ। ਭਾਵ ਹਰ ਖੇਤਰ ਦਾ ਵਿਅਕਤੀ ਇਕ ਦੂਜੇ ਤੇ ਕਟਾਖਸ਼ ਕਰ ਰਿਹਾ ਹੈ ਕਿ ਔਹ ਮੰਦਾ ਹੈ, ਔਹ ਗੰਦਾ ਹੈ। ਭਾਵ ਸਾਰਾ ਸਮਾਜ ਗੰਦਾ ਹੈ। ਵੇਖਿਆ ਜਾਵੇ ਤਾਂ ਹਰ ਵਿਅਕਤੀ, ਹਰ ਜੀਵ ਅੱਗੇ ਸਮੱਸਿਆਵਾਂ ਦੇ ਅੰਬਾਰ ਮੂੰਹ ਅੱਡੀ ਖੜ੍ਹੇ ਨੇ। ਪਰ ਤੁਸੀਂ ਕਦੀ ਸੋਚਿਆ ਜੇ ਕਿ ਇਹ ਸਭ ਕੁਝ ਕਿਉਂ ਹੈ ? ਨਹੀਂ। ਅਸੀਂ ਕਦੇ ਵੀ ਇਹ ਸੋਚਣਾ ਗਵਾਰਾ ਨਹੀਂ ਕੀਤਾ। ਪਰ ਇਸ ਬਾਰੇ ਮੈਂ ਜੇ ਕੁਝ ਕਹਾਂ ਤਾਂ ਗੁੱਸਾ ਨਾ ਕਰਿਆ ਜੇ। ਗੁੱਸਾ ਕਰਨਾ ਵੀ ਨਹੀਂ ਚਾਹੀਦਾ। ਕਾਰਨ ਇਹ ਕਿ ਅਸੀਂ ਸਾਰੇ ਹੀ ਇਸ ਹਮਾਮ ਵਿੱਚ ਨੰਗੇ ਹਾਂ। ਭਾਵ ਇਸ ਸਭ ਕੁਝ ਲਈ ਅਸੀਂ ਆਪ ਦੋਸ਼ੀ ਹਾਂ। ਤੁਸੀਂ ਕਹੋਗੇ, ਕਿਉਂ ?

ਪਰ ਮੇਰੇ ਖਿਆਲ ਵਿੱਚ ਤੁਸੀਂ ਆਪਣੇ ਅੰਦਰ ਝਾਤੀ ਮਾਰ ਕੇ ਵੇਖੋ ਕਿ ਅਸੀਂ ਸਭ ਪਾਕ ਦਾਮਨ ਹਾਂ ? ਮੈਨੂੰ ਬਾਬਾ ਫਰੀਦਾ ਕਥਨ ਯਾਦ ਹੈ, "ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ॥ ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ॥" ਇਹ ਬਾਬਾ ਫਰੀਦ ਹੀ ਸੀ, ਜਿਸ ਨੇ ਇਹ ਸ਼ਬਦ ਆਪਣੇ ਬਾਰੇ ਕਿਹਾ ਸੀ। ਪਰ ਅੱਜ ਆਪਦੇ ਬਾਰੇ ਕੋਈ ਇਹ ਨਹੀਂ ਕਹਿ ਸਕਦਾ। ਕਾਰਨ ? ਅੱਜ ਸਾਡੇ ਵਿੱਚ ਹਉਮੈ ਪਰਧਾਨ ਹੈ। ਜਿਸ ਵਿਅਕਤੀ ਨੂੰ ਪੱਤਰ ਲਿਖਣਾ ਨਹੀਂ ਆਉਂਦਾ ਉਹ ਆਪਣੇ ਆਪ ਨੂੰ ਬੁੱਧੀਜੀਵੀ ਕਹਿਣ ਤੋਂ ਗੁਰੇਜ ਨਹੀਂ ਕਰਦਾ। ਜਦ ਕਹੇਗਾ ਇਹੀ ਕਹੇਗਾ- ਸਾਨੂੰ ਬੁੱਧੀਜੀਵੀਆਂ ਨੂੰ ਹੁਣ ਕੁਝ ਸੋਚਣਾ ਪਵੇਗਾ। ਇਹ ਕਿਸੇ ਨੂੰ ਕੀ ਸੋਚਣਾ ਪਵੇਗਾ, ਇਹ ਗੱਲ ਕਿਸੇ ਨੂੰ ਨਹੀ ਪਤਾ। ਹਾਂ, ਇਹ ਗੱਲ ਸਾਡੇ ਸਾਰਿਆਂ ਦੀ ਸਮਝ ਤੋਂ ਬਾਹਰ ਹੈ ਕਿ ਜੇ ਅਸੀ ਬੁੱਧੀਜੀਵੀ ਹੋਈਏ ਤਾਂ ਸਾਡੀ ਦਸ਼ਾ ਉੱਪਰ ਲਿਖੇ ਅਨੁਸਾਰ ਹੀ ਹੋਵੇ ? ਕਦੀ ਨਹੀਂ, ਬੁੱਧੀਜੀਵੀ ਅੱਗੇ ਤੇ ਪਹਿਲੀ ਗੱਲ਼, ਸਮੱਸਿਆ ਖੜੀ ਹੀ ਨਹੀਂ ਹੁੰਦੀ। ਜੇ ਕਦੇ ਖੜ੍ਹੀ ਹੋ ਵੀ ਜਾਵੇ ਤਾਂ ਉਹ ਬੁੱਧੀਜੀਵੀ ਕਾਹਦਾ ਹੋਇਆ ਜਿਹੜਾ ਉਸਦਾ ਸਮਾਧਾਨ ਨਾ ਕੱਢੇ ? ਤੇ ਤੁਸੀਂ ਦੱਸੋ ਕੀ ਨਹੀਂ ਹੋ ਸਕਦਾ ?

ਕਦੀ ਸੋਚਿਆ ਜੇ ਕਿ ਉਕਤ ਮੁਸ਼ਕਲਾਂ, ਜਿਨ੍ਹਾਂ ਦੀ ਚਰਚਾ ਸਾਡੀ ਹਰ ਜ਼ਬਾਨ 'ਤੇ ਹੈ ਇਹ ਕਿਸ ਨੇ ਖੜੀਆਂ ਕੀਤੀਆਂ ਹਨ ? ਅਸੀਂ ਆਪ। ਹੁਣ ਤੁਸੀਂ ਇਸ ਗੱਲ ਲਈ ਵੀ ਨਜ਼ਲਾ ਮੇਰੇ ਤੇ ਸੁੱਟੋਗੇ ਕਿ ਤੂੰ ਹੋਵੇਂ ਕੌਣ ਸਾਨੂੰ ਬੁੱਧੀਜੀਵੀ ਨਾ ਮੰਨਣ ਵਾਲਾ, ਅਸੀਂ ਡਿਗਰੀਆਂ ਤੋਂ ਬਿਨਾਂ ਹੀ ਬੁੱਧੀਜੀਵੀ ਬਣ ਗਏ ? ਅਸੀਂ ਚੌਦਾਂ ਸਾਲ, ਸੋਲਾਂ ਸਾਲ ਤੇ ਫੇਰ ਵੀਹ ਸਾਲ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਵਿਚ ਗਾਲੇ। ਚੌਥੀ ਕੀਤੀ, ਪੰਜਵੀਂ ਤੇ ਫੇਰ ਦਸਵੀਂ ਸੀਨੀਅਰ ਤਿੰਨ ਸਾਲਾ, ਬੀ.ਏ., ਐਮ. ਏ. ਡਬਲ ਐਮ.ਏ., ਪੀ. ਐਚ. ਡੀ.ਡੀ. ਲਿਟ ਤੇ ਫੇਰ ਵੱਖਰੇ ਵੱਖਰੇ ਕਿੱਤਿਆਂ ਬਾਰੇ ਕੋਰਸ ਕਰਕੇ ਅਗੇ ਤੋਂ ਅਗੇ ਉਮਰਾਂ ਗਾਲ ਛੱਡੀਆਂ ਤੇ ਅਸੀਂ ਅਜੇ ਵੀ ਬੁੱਧੀਜੀਵੀ ਨਹੀਂ ? ਤੂੰ ਵੱਡਾ ਆ ਗਿਆ ਏਂ ਸਾਨੂੰ ਬੁੱਧੀਜੀਵੀ ਦੀ ਪਦਵੀ ਤੋਂ ਲਾਹੁਣ ਵਾਲਾ। ਭਲਾ ਤੂੰ ਹੋਵੇਂ ਕੌਣ ? ਸਾਡੇ ਤੇ ਕਟਾਖਸ਼



Sri Satguru Jagjit Singh Ji eLibrary NamdhariElibrary@gmail.com

ਕਰਨ ਵਾਲਾ ?

ਪਰ ਭਲਿਓ ਪੁਰਸ਼ੋ ! ਮੈਂ ਤੁਹਾਥੋਂ ਡਰਨਾ ਨਹੀਂ, ਪੜ੍ਹੇ ਹੋਵੇਗੇ ਤੁਸੀਂ, ਪਰ ਮੇਰੀ ਸਮਝ ਤੋਂ ਇਹ ਸਭ ਕੁਝ ਬਾਹਰ ਜੇ। ਤੁਸੀ ਦੱਸੋ ਤੁਸੀਂ ਇਮਤਿਹਾਨ ਪਾਸ ਕਰਨ ਲਈ ਨਕਲਾਂ ਨਹੀਂ ਮਾਰੀਆਂ, ਨੰਬਰ ਲਗਵਾਉਣ ਲਈ ਪਰਚੇ ਵੇਖਣ ਵਾਲਿਆਂ ਦੇ ਗੇੜੇ ਨਹੀਂ ਕੱਢੇ ? ਤੁਸੀਂ ਉਹਨਾਂ ਦੀਆਂ ਝੋਲੀਆਂ ਨਹੀਂ ਭਰੀਆਂ ? ਤੁਸੀਂ ਡਿਗਰੀਆਂ ਪ੍ਰਾਪਤ ਕਰਕੇ ਨੌਕਰੀਆਂ ਪ੍ਰਾਪਤ ਕਰਨ ਲਈ ਰਿਸ਼ਵਤਾਂ ਨਹੀਂ ਦਿੱਤੀਆਂ ? ਇਸ ਤੋਂ ਪਹਿਲਾਂ ਦਾਖਲੇ ਲੈਣ ਲਈ ਡੋਨੇਸ਼ਨ ਦੇ ਰੂਪ ਵਿੱਚ ਰਿਸ਼ਵਤ ਨਹੀਂ ਦਿੱਤੀ ? ਕਦੀ ਕਿਸੇ ਸਵਾਰਥ ਤੋਂ ਬਗ਼ੈਰ ਵੀ ਡੋਨੇਸ਼ਨ ਦਿੱਤੀ ਜੇ ? ਦੱਸੋ ਸਮਾਜ ਵਿੱਚ ਗੰਦਗੀ ਕਿਸ ਨੇ ਫੈਲਾਈ ? ਤੁਸੀਂ ਦੱਸੋ ਗੰਦੇ ਰਾਜਨੀਤਕ ਚੁਣਕੇ ਕਿਸ ਨੇ ਭੇਜੇ ? ਘੱਟ ਤੋਲਣ ਤੇ ਝੂਠ ਬੋਲਣ ਦੀ ਆਦਤ ਕਿਸ ਨੇ ਪਾਈ ? ਹੇਰਾ ਫੇਰੀ ਤੇ ਹੋਰ ਅਣਸੁਖਾਵੀਆਂ ਪ੍ਰਥਾਵਾਂ ਹੋਂਦ ਦੀ ਆਗਿਆ ਕਿਸ ਨੇ ਦਿੱਤੀ ? ਗਲਤ ਪ੍ਰਥਾਵਾਂ ਪ੍ਰਚਲਤ ਦੀ ਪੈੜ ਕਿੰਨ੍ਹਾਂ ਲੋਕਾਂ ਨੇ ਪੈ ਜਾਣ ਦਿੱਤੀ ? ਭਲਿਓ ਲੋਕੋ ! ਇਸ ਸਾਰੇ ਕੁਝ ਲਈ ਅਸੀਂ ਖੁਦ ਜ਼ਿਮੇਵਾਰ ਹਾਂ ਤੇ ਇਹਨਾਂ ਦੇ ਜਨਮ ਦਾਤਾ ਵੀ ਅਸੀਂ ਹੀ ਹਾਂ। ਜੇ ਅਸੀਂ ਇਹਨਾਂ ਗੱਲਾਂ ਦੀ ਪਿਰਤ ਨਾ ਪੈਣ ਦਿੰਦੇ। ਅਸੀਂ ਇਹਨਾਂ ਗੱਲਾਂ ਨੂੰ ਸਹਿਨ ਨ ਕਰਦੇ। ਕਿਸੇ ਗੱਲ ਦਾ ਲਾਲਚ ਨਾ ਕਰਦੇ। ਆਪਣੀ ਸਹਿਨ ਸ਼ਕਤੀ ਨੂੰ ਡੋਲਣ ਨਾ ਦਿੰਦੇ ਤਾਂ ਸਮਾਜ ਦੇ ਗੰਦਾ ਹੋਣ ਦਾ ਸੁਆਲ ਹੀ ਪੈਦਾ ਨਹੀਂ ਸੀ ਹੋ ਸਕਦਾ। ਭਾਵ ਅਸਾਂ ਵਿਚੋਂ ਤਿਆਗ ਦੀ ਭਾਵਨਾ ਜਾਂਦੀ ਰਹੀ, ਸਹਿਨ ਸ਼ਕਤੀ ਜਾਂਦੀ ਰਹੀ, ਪਰ ਜ਼ੁਲਮ, ਤਸ਼ਦਦ ਹੋਰ ਹਰ ਗਲਤ ਕਾਰਜਾਂ ਨੂੰ ਸਹਿਨ ਕਰਨ ਦੀ ਸ਼ਕਤੀ ਵਧਦੀ ਗਈ। ਅਸੀਂ ਕਿਸੇ ਵੀ ਗਲਤ ਕੰਮ ਦੇ ਵਿਰੁੱਧ ਸਿਰ ਨਾ ਚੁੱਕਿਆ। ਜਿਵੇਂ ਦੂਜੇ ਲੋਕ ਮੰਦੇ ਸਨ, ਕੁਰਪੱਟ ਸਨ, ਅਸੀਂ ਵੀ ਉਹਨਾਂ ਦੇ ਸਾਥੀ ਬਣਦੇ ਗਏ। ਤੇ ਹੋਇਆ ਕੀ ? ਸਮਾਜ ਗੰਦਾ ਸੀ ਅਸੀਂ ਵੀ ਗੰਦੇ ਹੋ ਗਏ ਤੇ ਜਿਵੇਂ ਲੋਕ ਦੁਹਾਈ ਦਿੰਦੇ ਸਨ ਅਸੀ ਵੀ ਇਹੀ ਦੁਹਾਈ ਦਿੰਦੇ ਰਹੇ ਕਿ ਸਮਾਜ ਗੰਦਾ ਹੈ।

ਹੁਣ ਪ੍ਰਸ਼ਨ ਉਠਦਾ ਹੈ ਕਿ ਜੋ ਸਮੱਸਿਆਵਾਂ ਅਸਾਂ ਲੋਕਾਂ ਕਾਰਨ ਖੜ੍ਹੀਆਂ ਹੋਈਆਂ ਹਨ ਇਹਨਾਂ ਦਾ ਸਮਾਧਾਨ ਕੌਣ ਕਰੇ ਤੇ ਕਿਵੇਂ ਹੋਵੇ ? ਸੋਚਿਆ ਜਾਵੇ ਤਾਂ ਸੰਸਾਰ ਵਿੱਚ ਕੋਈ ਅਜਿਹਾ ਕਾਰਜ ਨਹੀ ਜੋ ਮਨੁੱਖ ਦੁਆਰਾ ਨਾ ਹੋ ਸਕਦਾ ਹੋਵੇ। ਤੁਹਾਨੂੰ ਯਾਦ ਹੋਵੇਗਾ ਕਿ ਨੈਪੋਲੀਅਨ ਨੇ ਵੀ ਕਿਹਾ ਸੀ ਕਿ 'ਕੀ ਨਹੀਂ ਹੋ ਸਕਦਾ।" ਫੇਰ ਇਹ ਗੱਲ ਵੀ ਤੁਹਾਡੇ ਸਾਹਮਣੇ ਹੈ ਕਿ ਸਵੇਰ ਤੋਂ ਲੈ ਕੇ ਸ਼ਾਮ ਤਕ ਜਿਹੜੀ ਗੰਦਗੀ, ਘਰ ਵਿੱਚ, ਬਾਜ਼ਾਰਾਂ ਵਿੱਚ, ਕਾਰਖਾਨਿਆ ਵਿੱਚ ਫੈਲਦੀ ਹੈ ਉਹ ਸਾਰੀ ਸਫ਼ਾਈ ਮਨੁੱਖਾਂ ਦੁਆਰਾ ਹੀ ਅਗਲੇ ਦਿਨ ਸਵੇਰੇ ਉੱਠ ਕੇ ਕੀਤੀ ਜਾਂਦੀ ਹੈ। ਤੇ ਜੇ ਅਸੀਂ ਹੁਣ ਵੀ ਸਮਝ ਲਈਏ ਕਿ ਆਜ਼ਾਦੀ ਪ੍ਰਾਪਤ ਕਰਨ ਤੋਂ ਬਾਅਦ ਹੁਣ ਤੱਕ ਜਿਹੜੀ ਵੀ ਗੰਦਗੀ ਸਮਾਜ ਵਿੱਚ ਸਾਡੇ ਲੋਕਾਂ ਦੁਆਰਾ ਫੈਲਾਈ ਗਈ ਹੈ ਉਸ ਨੂੰ ਹੁਣ ਸਮੇਟ ਲਈਏ ਤਾਂ ਮਾੜੀ ਗੱਲ ਨਹੀਂ ਹੋਵੇਗੀ। ਸਗੋਂ ਇਹ ਹੋਵੇਗਾ ਕਿ 'ਜੇ ਸਵੇਰ ਦਾ ਭੁੱਲਿਆ ਸ਼ਾਮੀ ਘਰ ਆ ਜਾਵੇ ਤਾਂ ਉਸ ਨੂੰ ਭੁੱਲਿਆ ਨਹੀਂ ਆਖਦੇ।" ਤੇ ਸ਼ਾਇਦ ਸਾਡੀ ਸੁਰਤ ਟਿਕਾਣੇ ਵੀ ਆ ਜਾਵੇ। ਪਰ ਇਹ ਸਾਰਾ ਕੁਝ ਉਕੱਤ ਕਰਨਾ ਸਾਨੂੰ ਹੀ ਪਵੇਗਾ। ਪਰ ਇਹ ਸਭ ਕੁਝ ਕਰਨ ਤੋਂ ਪਹਿਲਾਂ ਸਾਨੂੰ ਆਪਾ ਪਹਿਚਾਨਣਾ ਪਵੇਗਾ ਕਿ ਅਸੀਂ ਕੌਣ ਹਾਂ ਤੇ ਸਾਡੀ ਤਾਕਤ ਕਿੰਨੀ ਕੁ ਹੈ ਤੇ ਅਸੀਂ ਕਰ ਕੀ ਸਕਦੇ ਹਾਂ ਤੇ ਸਾਨੂੰ ਕਰਨਾ ਹੀ ਚਾਹੀਦਾ ਹੈ ? ਜਿਸ ਨਾਲ ਸਾਨੂੰ ਦਰਪੇਸ਼ ਸਮੱਸਿਆਵਾਂ ਦਾ ਸਮਾਧਾਨ ਸੌਖਾ ਹੋ ਸਕੇ।

ਹੁਣ ਪੁੱਛੋ ਤਾਂ ਇਹ ਸਭ ਕੁਝ ਵੀ ਤੁਹਾਡੇ ਜ਼ਿਹਨ ਵਿਚ ਮੈਂ ਹੀ ਪਾਉਣਾ ਹੈ ਕਿ ਕੀ ਕਰੀਏ, ਜਿਸ ਨਾਲ ਸਾਡੇ ਸਾਹਮਣੇ ਕਿਸੇ ਵੀ ਸਮਸਿੱਆ ਦਾ ਹੱਲ ਕੱਢਣਾ ਔਖਾ ਨਾ ਜਾਪੇ। ਤੇ ਫੇਰ ਸੁਣੋ : ਸਮਾਜ ਦੇ ਸੁਧਾਰ ਲਈ ਸਾਨੂੰ ਸਭ ਤੋਂ ਪਹਿਲਾਂ ਕੀ ਕਰਨਾ ਹੋਵੇਗਾ ? ਉਹ ਇਹ ਕਿ ਸਚਾਈ ਦਾ ਪੱਲਾ ਫੜਨਾ, ਸੰਤੋਸ਼ ਕਰਨਾ, ਬੁਰਾਈ ਤੋਂ ਕੰਨੀ ਕਤਰਾਉਣੀ, ਲਾਲਚ ਤਿਆਗਣਾ, ਥੋੜੇ ਵਿੱਚ ਗੁਜ਼ਾਰਾ ਕਰਨਾ ਸਿੱਖਣਾ, ਪਿਆਰ ਅਤੇ ਮੁਹੱਬਤ ਨਾਲ ਇੱਕ ਦੂਜੇ ਦੇ ਦੁੱਖ ਸੁੱਖ ਵਿੱਚ ਸਹਾਈ ਹੋਣਾ, ਬੁਰੇ ਕਰਮ ਕਰਨ ਵਾਲਿਆ ਦੀ ਵਿਰੋਧਤਾ ਕਰਨੀ, ਅੱਛੇ ਕਰਮ ਕਰਨ ਵਾਲਿਆ ਦਾ ਸਾਥ ਦੇਣਾ, ਜ਼ਾਤ ਮਜ਼੍ਹਬ ਤੇ ਫਿਰਕੇ ਨੂੰ ਤਿਆਗ ਕੇ ਮਾਨਵਤਾ ਤੇ ਪਹਿਰਾ ਦੇਣਾ। ਤੁਸੀਂ ਹੈਰਾਨ ਹੋਵੋਗੇ ਕਿ ਜੇ ਅਸੀਂ ਮੇਰੇ ਵੱਲੋਂ ਉੱਪਰ ਦਸੀਆ ਇਹਨਾਂ ਨਗੂਣੀਆਂ ਗੱਲਾਂ ਤੇ ਪਹਿਰਾ ਦੇਵਾਂਗੇ ਤਾਂ ਸਮੱਸਿਆਵਾਂ ਤਾਂ ਦੂਰ ਹੋਣਗੀਆਂ ਹੀ, ਸਗੋਂ ਸਾਡਾ ਸਮਾਜ ਧਰਤੀ ਤੇ ਸਵਰਗ ਵੀ ਬਣ ਜਾਵੇਗਾ।


ਵਰਿਆਮ ਲਈ ਸ਼ੁਭ ਇਛਾਵਾਂ :
ਸ. ਅਜੀਤ ਸਿੰਘ ਨਾਮਧਾਰੀ
ਨਾਮਧਾਰੀ ਬ੍ਰਦਰਜ਼
ਡਾਲਟਨਗੰਜ (ਬਿਹਾਰ)
Namdhari Brothers
Dalton Ganj (Bihar)
Prop. S. Ajit Singh Namdhari





Sri Satguru Jagjit Singh Ji eLibrary NamdhariElibrary@gmail.com

# ਚਾਰ ਟੁਕੜੀਆਂ

## ਮਾਂ

ਮਾਂ ਦਾ ਲਫ਼ਜ਼
ਜਿਵੇਂ ਮਿਸ਼ਰੀ ਦੀ ਡਲੀ
ਮੂੰਹ ਵਿਚ ਧਰੀ
ਮਿੱਠਾ ਮਿੱਠਾ ਸਵਾਦ
ਮਾਂ ਆਵੇ ਯਾਦ!

ਮਾਂ ਦੀ ਗੋਦ,
ਸੁਰਗ਼ ਦਾ ਨਿੱਘ
ਮਾਂ ਦਾ ਸੀਨਾ
ਨਿਰਾ ਖਜ਼ੀਨਾ
ਮਾਂ ਦੀ ਤੱਕਣੀ
ਕੋਸੇ ਅੱਥਰੂ
ਭੀੜ
ਬਣੇ ਤੇ
ਜੀਭਾ ਬੋਲੇ
ਹਾਏ ਨੀ ਮਾਂ!
ਹਾਏ ਨੀ ਮਾਂ!!

## ਬੇਟੀ

ਹਰ ਰੋਜ਼ ਤਰਕਾਲੇ 'ਸਾਂਝੇ'
ਮੇਰੀ ਬੇਟੀ
ਮੇਰੀ ਗੋਦ 'ਚ ਆ ਕੇ ਬਹਿੰਦੀ
ਆਖਦੀ ਹੈ ;
"ਮਾਂ ਮੈਂ ਵਿਆਹ ਨਹੀਂ ਕਰਵਾਉਣਾ।"
"ਕਿਉਂ ਪੁੱਤਰ ?"
ਮੈਂ ਉਸ ਦੀ ਮਾਸੂਮੀਅਤ ਨੂੰ
ਵੇਖਦੀ ਹੋਈ ਪੁੱਛਦੀ ਹਾਂ।
"ਮਾਂ ਮੈਨੂੰ ਸੜਨ ਤੋਂ
ਬਹੁਤ ਡਰ ਲਗਦਾ ਹੈ।"
ਮੈਂ ਟਿਕਟਿਕੀ ਲਾ ਕੇ ਖਦੀ ਹਾਂ
ਉਸਨੂੰ ਜ਼ੋਰ ਨਾਲ
ਹਿੱਕ ਨਾਲ ਲਾ ਲੈਂਦੀ ਹਾਂ।

## ਚੀਕਾਂ ਅਨਮੋਲ ਜਿੰਦ ਦੀਆਂ

ਲੋਕ ਫੁੱਲ ਜੜਾ ਰਹੇ ਹਨ,
ਸਭ ਮੰਨਤਾ ਮੰਨ ਰਹੇ ਹਨ
ਪ੍ਰਸ਼ਾਦ ਸੁੱਖ ਰਹੇ ਹਨ।
ਫੁੱਲ ਦੇ ਢੇਰ ਲੱਗ ਚੁਕੇ ਹਨ।
ਦੂਰ ਖੜੀ ਮੈਂ ਸੋਚ ਰਹੀ ਹਾਂ।
ਓ ਭੋਲਿਓ ਲੋਕੋ
ਇਕ ਅਣਭੋਲ ਜਿੰਦ ਦੀਆਂ ਚੀਕਾਂ
ਕਿਉਂ ਨਹੀਂ ਸੁਣਦੀਆਂ ਤੁਹਾਨੂੰ
ਸਤੀ ਦੀ ਰਾਖ 'ਚ ਅਧੂਰੀਆਂ ਸਧਰਾਂ
ਕਿਉਂ ਨਹੀਂ ਦਿਸਦੀਆਂ ਤੁਹਾਨੂੰ
ਨੀਲਾ ਅਕਾਸ਼ ਗਵਾਹ ਹੈ, ਨੀਲਮ
ਇਹ ਬੇਗੁਨਾਹ ਦੀ ਸਵਾਹ ਹੈ।

## ਰੁੱਤ ਪਿਆਰ ਦੀ

ਠੰਢੀਆਂ ਠੰਢੀਆਂ ਵਸਣ ਕੱਣੀਆਂ।
ਜਿਵੇਂ ਸੁੱਖਾਂ ਦੀਆਂ ਮਣੀਆਂ।
ਚੰਗੀਆਂ ਚੰਗੀਆਂ ਜਾਪਣ।
ਇਉਂ ਲੱਗੇ ਜਿਵੇਂ ਆਖਣ
ਮੈਨੂੰ ਲਾਵੋ ਅੰਗ
ਸੀਨੇ ਪਾਵੋ ਠੰਢ!



Sri Satguru Jagjit Singh Ji eLibrary NamdhariElibrary@gmail.com

# ਦੋ .ਗ਼ਜ਼ਲਾਂ

—ਮਹਾਂਬੀਰ ਸਿੰਘ 'ਦਰਦੀ'

੧

ਜੇ ਬੰਦਾ ਹੀ ਵਿਕਾਊ ਹੈ ਤਾਂ ਫਿਰ ਈਮਾਨ ਕਿੱਥੇ ਹੈ
ਅਜੇ ਕਿਰਦਾਰ ਹੈ ਸ਼ੈਤਾਨ ਦਾ ਇਨਸਾਨ ਕਿੱਥੇ ਹੈ

ਅਣਖ ਤੇ ਆਨ ਕਿੱਥੇ ਹੈ, ਪੁਰਾਣੀ ਸ਼ਾਨ ਕਿੱਥੇ ਹੈ
ਬਸ਼ਰ ਨੂੰ ਜੋ ਬਸ਼ਰ ਸਮਝੇ ਉਹ ਹਿੰਦੁਸਤਾਨ ਕਿੱਥੇ ਹੈ

ਸਿਆਸਤ ਦਾ ਅਖਾੜਾ ਹੈ, ਧਰਮ-ਅਸਥਾਨ ਕਿੱਥੇ ਹੈ
ਅਜੇ ਤੱਕ ਦੇਸ਼ ਅੰਦਰ ਬੰਦੇ ਦਾ ਸਨਮਾਨ ਕਿੱਥੇ ਹੈ

ਕਲਾ ਦਾ ਨੂਰ ਕਿਉਂ ਬੁਝਿਆ ਦਿਲਾਂ ਦੀ ਸਾਂਝ ਕਿਉਂ ਟੁੱਟੀ
ਪਛਾਣੇ ਜੋ ਕਦੀਮੀ ਰੋਗ ਨੂੰ ਲੁਕਮਾਨ ਕਿੱਥੇ ਹੈ

ਅਜੋਕੇ ਦੌਰ ਅੰਦਰ ਆਦਮੀ ਦਾ ਮੁੱਲ ਨਹੀਂ ਕੋਈ
ਅਜੋਕਾ ਆਦਮੀ ਕਦਰਾਂ ਦਾ ਨਿਸ਼ਚੇਵਾਨ ਕਿੱਥੇ ਹੈ

ਕੁਰੱਪਟ ਨੇਤਾ ਦੇ ਵਿਖਿਆਨ ਨੇ ਈਮਾਨਦਾਰੀ ਦੇ
ਬਣੇ ਜੋ ਦੇਸ਼ ਦਾ ਸੇਵਕ ਸਿਆਸਤਦਾਨ ਕਿੱਥੇ ਹੈ

ਬੜਾ ਹੈ ਤੇਜ਼ ਪੂੰਜੀਵਾਦ ਦਾ ਵਿਸ਼ਵੀਕਰਨ ਏਥੇ
'ਬਚਾਵਾਂਗੇ ਸੁਦੇਸ਼ੀ' ਨੇਤਾ ਦਾ ਐਲਾਨ ਕਿੱਥੇ ਹੈ

ਵਤਨ ਦੇ ਰਹਿਬਰੋ! ਗ਼ਮਗੀਨ ਚਿਹਰੇ ਰੋਜ਼ ਪੁਛਦੇ ਨੇ
ਅਸਾਡੇ ਹਿੱਸੇ ਦੀ ਧਰਤੀ ਅਤੇ ਅਸਮਾਨ ਕਿੱਥੇ ਹੈ

ਘਰੀਂ ਆਏ ਅਦੀਬਾਂ ਨੂੰ ਗਰੀਬੀ ਵਿਚ ਅਸਾਂ 'ਦਰਦੀ'
ਨਵੇਂ ਸ਼ੇਅਰ ਪਰੋਸੇ ਰੋਜ਼ ਦਸਤਰਖਾਨ ਕਿੱਥੇ ਹੈ!

੨

ਸਭ ਦਿਲਾਂ 'ਚੋਂ ਈਰਖਾ ਦੀ ਅਗ ਬੁਝਾਉਂਦਾ ਆ ਰਿਹਾਂ
ਚੇਤਨਾ ਦੇ ਨੂਰ ਥੀਂ ਕਾਲਖ ਮਿਟਾਉਂਦਾ ਆ ਰਿਹਾਂ

ਆਦਮੀ ਦੇ ਰਾਹ ਦੀ ਹਰ ਮੁਸ਼ਕਿਲ ਹਟਾਉਂਦਾ ਆ ਰਿਹਾਂ
ਆਦਮੀ ਨੂੰ ਜ਼ਿੰਦਗੀ ਦਾ ਵਲ ਸਿਖਾਉਂਦਾ ਆ ਰਿਹਾਂ

ਮੈਂ ਇਸ਼ਾਰੇ ਤੇ ਜ਼ਮਾਨੇ ਨੂੰ ਨਚਾਉਂਦਾ ਆ ਰਿਹਾਂ
ਦੇਰ ਤੋਂ ਨ੍ਹੇਰੇ ਘਰਾਂ ਨੂੰ ਰੋਸ਼ਨਾਉਂਦਾ ਆ ਰਿਹਾਂ

ਜ਼ੋਰ ਕਰਕੇ ਜ਼ਾਲਮਾਂ ਤਾਈਂ ਦਬਾਉਂਦਾ ਆ ਰਿਹਾਂ
ਹਰ ਦਬਾਏ ਆਦਮੀ ਤਾਈਂ ਉਠਾਉਂਦਾ ਆ ਰਿਹਾਂ

ਆਦਮੀਅਤ ਨੂੰ ਉਚੇਰੀ ਥਾਂ ਬਿਠਾਉਂਦਾ ਆ ਰਿਹਾਂ
ਇਕ ਨਵੀਂ ਦੁਨੀਆਂ 'ਚ ਦੁਨੀਆਂ ਨੂੰ ਵਸਾਉਂਦਾ ਆ ਰਿਹਾਂ

ਜਾਗ ਉੱਠੇਗੀ ਕਿਸੇ ਦਿਨ ਲੋਕਤਾ ਦੀ ਚੇਤਨਾ
ਸੋਚ ਦੇ ਦੀਵੇ ਦਿਮਾਗ਼ਾਂ ਵਿਚ ਜਗਾਉਂਦਾ ਆ ਰਿਹਾਂ

ਸੀਤ-ਯੁਧ ਦੇ ਭਿਆਨਕ ਦੌਰ ਅੰਦਰ ਦੋਸਤੋ!
ਲੋਕਤਾ ਨੂੰ ਅਮਨ ਦੇ ਨਗਮੇਂ ਸੁਣਾਉਂਦਾ ਆ ਰਿਹਾਂ

ਕੰਪਿਊਟਰ ਯੁਗ ਦੇ ਬੰਦੇ ਵਿਚ ਪਸ਼ੂਪਨ ਜਾਗਿਆ
ਬੰਦਿਆਂ ਵਿਚ ਪ੍ਰੇਮ ਦੇ ਰਿਸ਼ਤੇ ਬਣਾਉਂਦਾ ਆ ਰਿਹਾਂ

ਨਾਲ ਮੇਰੇ ਤੁਰ ਪਏ ਕਥਨੀ ਤੇ ਕਰਨੀ ਦੇ ਸੂਰਮੇਂ
ਐ ਸਮੇਂ! ਖੁਸ਼ ਹੋ ਮੈਂ ਯੁਗ-ਗਰਦੀ ਮਚਾਉਂਦਾ ਆ ਰਿਹਾਂ

ਪਿੰਡ ਤੇ ਡਾ. ਟਿੱਬਾ
ਜ਼ਿਲ੍ਹਾ ਕਪੂਰਥਲਾ

# ਦੋ .ਗ਼ਜ਼ਲਾਂ

—ਪ੍ਰੋ. ਕਰਤਾਰ ਸਿੰਘ ਕਾਲੜਾ

੧

ਔਖੇ ਮਿਲਣ ਜੋ ਮਿੱਤਰ ਜੀਵਨ ਦੀ ਸਾਰ ਜਾਨਣ,
ਜੋ ਜ਼ਿੰਦਗੀ ਨੂੰ ਸਮਝਣ ਮਾਨਣ ਗ਼ਜ਼ਲ ਦਾ ਚਾਨਣ!

ਵਰਤੇ ਹਨੇਰ ਜਗ 'ਤੇ, ਸੁਆਰਥ ਦੇ ਮਚਣ ਜੁਗਨੂੰ,
ਜੋ ਦਰਦ ਤੋਂ ਵਿਹੂਣੇ, ਬਾਲੂ ਦੇ ਢੇਰ ਛਾਨਣ!

ਉਹਨਾਂ ਨੇ ਕੀ ਜਗੌਣੈ ਮਾਨਵ 'ਚ ਮੁਹ ਦਾ ਦੀਵਾ,
ਅਪਣੇ 'ਚੋਂ ਹੀ ਨਾ ਅਜ ਤਕ ਜੋ ਆਦਮੀ ਪਛਾਨਣ!

ਜੀਵਨ ਅਥਾਹ ਸਾਗਰ, ਜ਼ੀਵਨ ਹੈ ਪਲ ਦੀ ਵਿੱਥਿਆ,
ਮਾਨਣ ਇਹਨੂੰ ਦਿਵਾਨੇ, ਯਾ ਹੋਸ਼ਮੰਦ ਮਾਨਣ!

ਮੇਰੇ ਮਿਜ਼ਾਜ ਵਿਚ ਹੈ ਨਿਰਮਾਣਤਾ ਦਾ ਕਿਣਕਾ,
ਜੋ ਫ਼ਟ ਪਵੇ ਤਾਂ ਐਟਮ ਜੇ ਮਘ ਪਵੇ ਤਾਂ ਚਾਨਣ!

ਹਰ ਇਕ ਗ਼ਜ਼ਲ ਦਾ ਮਿਸਰਾ ਜੀਵਨ ਦੀ ਸਾਰ ਦੇਵੇ,
ਅਨੁਭਵ ਦਾ ਹੈ ਖ਼ੁਲਾਸਾ ਜੋ ਅਨੁਭਵੀ ਬਿਆਨਣ!

'ਕਰਤਾਰ' ਤਾਰ ਸਭ ਨੂੰ ਤੇਰਾ ਧਰਮ ਤਾਰਨਾ ਹੈ,
ਕੁਝ ਤੇਰ ਮੇਰ ਵਾਲੇ ਪਏ ਪਰਦਿਆਂ ਨੂੰ ਤਾਨਣ!

(ਮਫ਼ਊਲ ਫ਼ਾਇਲਾਤੁਨ, ਮਫ਼ਊਲ ਫ਼ਾਇਲਾਤੁਨ ਪ੍ਰਤੀ ਮਿਸਰਾ)

੨

ਜ਼ਿੰਦਗੀ ਭਰ ਸਾਂਭੀਆਂ ਜਿਸ ਕਾਤਰਾਂ ਚਾਨਣ ਦੀਆਂ!
ਉਸ ਦੇ ਮਨ ਹੀ ਜੁੜਦੀਆਂ ਨੇ ਮਹਿਫ਼ਲਾਂ ਚਾਨਣ ਦੀਆਂ!

ਉਂਜ ਤਾਂ ਹਨ ਬੇਅੰਤ ਜਗ 'ਤੇ ਬਖ਼ਸ਼ਿਸ਼ਾਂ ਬੰਦੇ ਲਈ,
ਵਸਦੀਆਂ ਅੰਤਰਮਨੀ ਪਰ ਬਖਸ਼ਿਸ਼ਾ ਚਾਨਣ ਦੀਆਂ!

ਮੈਂ ਹਨੇਰੇ ਨੂੰ ਕਦੇ ਭੁਲਕੇ ਨਹੀਂ ਕਰਦਾ ਸਲਾਮ,
ਮੈਨੂੰ ਤਾਂ ਵਿਰਸੇ 'ਚ ਮਿਲੀਆਂ ਆਦਤਾਂ ਚਾਨਣ ਦੀਆਂ!

ਹੈ ਬੜਾ ਬੇਅੰਤ ਤੇ ਅਸਗਾਹ ਨਾਲੇ ਹੈ ਅਸੀਮ,
ਕਿੰਜ ਖ਼ਾਕੀ ਜਾਣੂੰ ਨੂਰੀ ਖ਼ਸਲਤਾਂ ਚਾਨਣ ਦੀਆਂ!

ਮਿੱਥਕੇ ਮੰਜ਼ਿਲ ਰਹੇ ਤੁਰਦੇ ਪੜਾ ਬਣਦੇ ਗਏ,
ਅੰਤ ਨਾ ਆਵੇ ਅਨੰਤੀ ਮੰਜ਼ਿਲਾਂ ਚਾਨਣ ਦੀਆਂ!

ਮੈਂ ਕਿਵੇਂ ਚਾਨਣ ਦਾ ਪੱਲਾ ਛਡਕੇ ਹੋ ਜਾਵਾਂ ਮਲੰਗ?
ਹੋ ਸਕੇ ਪਾਲੋ ਤੁਸੀਂ ਵੀ ਮਸਲਤਾਂ ਚਾਨਣ ਦੀਆਂ!

ਜੋ ਗਏ 'ਕਰਤਾਰ' ਦੀ ਰੰਗਨ 'ਚ ਰੰਗੇ ਖ਼ੁਸ਼ਨਸੀਬ,
ਹਨ ਉਨ੍ਹਾਂ 'ਤੇ ਰਹਿਮਤਾਂ ਹੀ ਰਹਿਮਤਾਂ ਚਾਨਣ ਦੀਆਂ!

(ਫ਼ਾਇਲਾਤੁਨ, ਫ਼ਾਇਲਾਤੁਨ, ਫਾਇਲਾਤੁਨ, ਫਾਇਲੁਤੁਨ) ਪ੍ਰਤੀ ਮਿਸਰਾ

੩੮੨੯੧੩ ਕਰਤਾਰ ਨਗਰ, ਜਵੱਦੀ ਰੋਡ,
ਲੁਧਿਆਣਾ-੧੪੧੦੦੨



Sri Satguru Jagjit Singh Ji eLibrary NamdhariElibrary@gmail.com

## .ਗਜ਼ਲਾਂ

—ਹਰਚਰਨ ਮਾਂਗਟ

ਲੰਮੀ ਹੈ ਮੇਰੇ ਗ਼ਮਾਂ ਦੀ ਕਹਾਣੀ।
ਉਹ ਪੀੜ ਕਿਹੜੀ ਜੋ ਮੈਂ ਨਹੀਂ ਮਾਣੀ।

ਗ਼ਰੀਬੀ ਦੇ ਕਾਸੇ ਚੋਂ ਮੈਂ ਜ਼ਹਿਰ ਪੀਵਾਂ,
ਮਿਰਾ ਜਿਸਮ ਨੰਗਾ ਤੇ ਮੰਜੀ ਅਲਾਣੀ।

ਇਹ ਗ਼ਮ ਦਾ ਸਮੁੰਦਰ ਨਾ ਜਾਮਾਂ 'ਚ ਡੁੱਬਾ,
ਕਦੀ ਆਪ ਪੀਣੀ ਕਦੀ ਤੂੰ ਪਿਲਾਣੀ।

ਜਚਦੀ ਨਾ ਮੈਨੂੰ ਇਹ ਕੈਦੋਂ ਦੀ ਨੀਤੀ,
ਨਹੀਂ ਰਾਸ ਮੈਨੂੰ ਲਗਾਣੀ ਬੁਝਾਣੀ।

ਹਰ ਪੀੜ ਲੋਕਾਂ ਦੀ ਹੈ ਦਰਦ ਮੇਰਾ,
ਨਹੀਂ ਫਰਕ ਮੈਨੂੰ ਕੀ ਅਪਣੀ ਬੇਗਾਨੀ।

ਪਈ ਕਿਰਤ ਰੁਲਦੀ ਹੈ ਚਾਂਦੀ ਦੇ ਦਰ ਤੇ,
ਨਹੀਂ ਵੇਖ ਸਕਦਾ ਮੈਂ ਇਹ ਵੰਡ ਕਾਣੀ।

ਦਰਦਾਂ ਨੂੰ ਮੇਰੇ ਅਜਿਹੀ ਜੀਭ ਲੱਗੀ,
ਨਸ਼ਰ ਮੈਂ ਤਾਂ ਹੋਇਆ ਹਾਂ ਅਪਣੀ ਜ਼ੁਬਾਨੀ।

ਨਹੀਂ ਪਰਖ ਬੰਦੇ ਦੀ ਭੇਖਾਂ ਤੋਂ ਹੁੰਦੀ,
ਅਮਲ ਛਾਣ ਦਿੰਦੇ ਨੇ ਦੁੱਧਾਂ, ਚੋਂ ਪਾਣੀ।

ਪਿੰਡ-ਡਾਕ ਰਾਮ ਪੁਰ
ਜ਼ਿਲ੍ਹਾ ਲੁਧਿਆਣਾ, ੧੪੧੪੧੮

## .ਗਜ਼ਲ

ਅਜੈਬ ਸਿੰਘ

ਜ਼ਿੰਦਗੀ ਵਿਚ ਕੀ ਰਿਹਾ ਜੇ ਤਾਜ਼ਗੀ ਜਾਂਦੀ ਰਹੀ
ਧਰਮ ਫਿਰ ਕਿਥੇ ਰਿਹਾ ਜੇ ਪਾਕੀਜ਼ਗੀ ਜਾਂਦੀ ਰਹੀ

ਤੇਰੇ ਬਾਝੋਂ ਹੁਣ ਤੇ ਦਿਲ ਨੂੰ ਕੁਛ ਨਹੀਂ ਹੈ ਭਾਂਵਦਾ
ਦੂਰ ਤੂੰ ਕਾਹਦਾ ਗਿਆ ਸਭ ਦਿਲਕਸ਼ੀ ਜਾਂਦੀ ਰਹੀ

ਵਕਤ ਸੀ ਖੱਦਰ ਦੇ ਸੀਤੇ ਪਾਉਣ ਵਿਚ ਇਕ ਸ਼ਾਨ ਸੀ
ਜਦ ਦੇ ਛੋਹਦੇ ਸ਼ੌਕ ਪਾਲੇ ਸਾਦਗੀ ਜਾਂਦੀ ਰਹੀ

ਕੱਲ ਜਿਹੜੀ ਕਹਿਣ ਤੇ ਸੌ ਵਾਰ ਪੈਂਦਾ ਸੋਚਣਾ
ਅੱਜ ਲੱਚਰ ਗਾਉਣ ਤੇ ਸ਼ਰਮਿੰਦਗੀ ਜਾਂਦੀ ਰਹੀ

ਉਮਰਾ ਢਲਣੇ ਨਾਲ ਹੀ ਦਿਲ ਭੀ ਹੈ ਢਲਦਾ ਜਾ ਰਿਹਾ
ਦਿਲ ਲਗੀ ਜਦ ਦੀ ਗਈ, ਤਿਸ਼ਨਗੀ ਜਾਂਦੀ ਰਹੀ

ਕ੍ਰਿਸ਼ਨ ਨੂੰ ਪੁਛੇਗਾ ਕਿਹੜਾ ਜੇ ਨਾ ਹੋਵੇ ਰਾਧਿਕਾ
ਬੇਸੁਰੀ ਦੁਨੀਆ ਬਣੂੰ ਜੇ ਬੰਸਰੀ ਜਾਂਦੀ ਰਹੀ।

—ਅਸੀਸ, ਦੀ ਮਾਲ ਕਪੂਰਥਲਾ

## .ਗਜ਼ਲ

--ਮਲਕੀਤ ਮੀਤ

ਹਰ ਕਲੀ ਹਰ ਫੁੱਲ ਲੈਂਦੇ ਸਿਸਕੀਆਂ।
ਬਾਗ਼ਬਾਂ ਕਰਦੇ ਨੇ ਖੁਦ ਖਰਮਸਤੀਆਂ।

ਯਾਰ ਜਦ ਰੁੱਸਿਆ ਬਹਾਰਾਂ ਰੁੱਸੀਆਂ।
ਮੁਸਕ੍ਰਾਇਆ ਜਦ ਤਾਂ ਕਲੀਆਂ ਖਿਲ 'ਗੀਆਂ।

ਬਾਗ਼ ਵਿਚ ਹਰ ਸ਼ਾਖ ਮੱਲੀ ਘੋਗੜਾਂ,
ਦਿਸਦੀਆਂ ਨਾ ਬੁਲਬਲਾਂ ਤੇ ਤਿੱਤਲੀਆਂ।

ਉਹ ਸਥਾਪਿਤ ਹੋ ਰਿਹੈ ਇਸ ਦੌਰ ਵਿਚ,
ਆਉਂਦੀਆਂ ਨੇ ਜਿਸਨੂੰ ਹੇਰਾ-ਫੇਰੀਆਂ।

ਇੱਕ ਪਵੇ ਫੁਟਪਾਥ 'ਤੇ, ਪਰ ਇੱਕ ਦੀਆਂ,
ਤਿੰਨ ਕਮਰਿਆਂ ਵਿਚ ਟਿਕਦੀਆਂ ਜੁੱਤੀਆਂ।

ਵਧ ਰਹੀਆਂ ਨੇ ਕੀਮਤਾਂ ਹਰ ਸ਼ੈਅ ਦੀਆਂ,
ਨੈਤਿਕ ਕਦਰਾਂ ਹੋ ਰਹੀਆਂ ਪਰ ਸਸਤੀਆਂ।

ਵਿਹਲੜਾਂ ਦੇ ਤਨ 'ਤੇ ਚੋਲੇ ਰੇਸ਼ਮੀ,
ਕਿਰਤੀਆਂ ਦੇ ਗਲ 'ਚ ਲੀਰਾਂ ਪਾਟੀਆਂ ?

ਅਜਬ ਹੈ ਦੁਨੀਆਂ ਦੀ ਮੰਡੀ 'ਮੀਤ' ਜੀ,
ਮੋਹ-ਮੁਹੱਬਤਾਂ ਵੀ ਏਥੇ ਮੁੱਲ ਵਿਕਦੀਆਂ।

ਪਿੰਡ ਤੇ ਡਾਕ ਮੰਡੀ ਕਲਾਂ,
ਜ਼ਿਲ੍ਹਾਂ ਬਠਿੰਡਾ-੧੫੧੧੦੩

## ਮਾਂ

—ਚਰਨ ਸੀਚੇਵਾਲਵੀ

ਇਕ ਆਪਣੇ ਪੁੱਤ ਦੇ ਸੁੱਖ ਬਦਲੇ,
ਮੰਗਦੀ ਸੁੱਖ ਜਹਾਨ ਦਾ ਮਾਂ ਰਹਿੰਦੀ।

ਆਪ ਜ਼ਿੰਦਗੀ ਦਾ ਭਾਵੇਂ ਨਰਕ ਭੋਗੇ,
ਲੱਭਦੀ ਪੁੱਤ ਲਈ ਸਵਰਗ ਜਿਹੀ ਥਾਂ ਰਹਿੰਦੀ।

ਸਿਰ ਤੇ ਸਹਿ ਕੜਾਕੇ ਦੀ ਧੁੱਪ ਤੱਤੀ,
ਕਰਦੀ ਡੇਕ ਵਾਂਗੂੰ ਠੰਡੀ ਛਾਂ ਰਹਿੰਦੀ।

ਮਰਨ ਲੱਗੀ ਵੀ ਆਖਦੀ 'ਰਵੇਂ ਜਿਉਂਦਾ,'
ਭਾਵੇਂ ਆਪ ਰਹਿੰਦੀ ਭਾਵੇਂ ਨਾ ਰਹਿੰਦੀ।

—0—

ਬਣਕੇ ਸੂਰਜ ਤੂੰ ਧਰਤ ਨੂੰ ਕਰੀਂ ਰੌਸ਼ਨ,
ਤੈਨੂੰ ਸੂਰਜ ਵਿਖਾਲਦੀ ਤਾਂ ਰਹਿੰਦੀ।

ਸਾਡਾ ਵਿਰਸਾ ਨਾ ਕਿੱਧਰੇ ਵਿਸਾਰ ਦੇਵੀਂ,
ਦੇ ਦੇ ਲੋਰੀਆਂ ਸੁਆਲਦੀ ਤਾਂ ਰਹਿੰਦੀ।

ਨਦੀਆਂ ਅੱਗ ਦੀਆਂ ਤਰਨੀਆਂ, ਏਸ ਕਰਕੇ,
ਅੰਮ੍ਰਿਤ-ਦੁੱਧ ਪਿਆਲਦੀ ਤਾਂ ਰਹਿੰਦੀ,

ਮੇਰੇ 'ਚਰਨ' ਨੇ ਧਰਤੀ ਦਾ ਕਵੀ ਬਣਨਾ,
ਸ਼ਬਦ ਨਵੇਂ ਸਿਖਾਲਦੀ ਤਾਂ ਰਹਿੰਦੀ।

੪੨੮, ਗੁਰੂ ਨਾਨਕਪੁਰਾ (ਵੈਸਟ), ਡਾਕਖਾਨਾ-ਚੌਗਿਟੀ,
ਜਲੰਧਰ -੧੪੪੦੦੯



Sri Satguru Jagjit Singh Ji eLibrary NamdhariElibrary@gmail.com

# ਪ੍ਰੀਤਮ ਸਿੰਘ ਕਵੀ ਜੀ ਦੇ ਸਨਮਾਨ ਸਮੇਂ ਪੜ੍ਹਿਆ ਗਿਆ

ਸਤਿਕਾਰ ਯੋਗ ਕਵੀ ਜੀਓ,

ਨਾਮਧਾਰੀ ਸਮਾਜ, ਅੱਜ, ਸਤਿਗੁਰੂ ਰਾਮ ਸਿੰਘ ਚਿੰਤਨ ਅਦਾਰੇ ਵੱਲੋਂ ਆਪ ਜੀ ਨੂੰ ਸਨਮਾਨਿਤ ਕਰਨ ਦੇ ਸਮੇਂ ਓੜਕਾਂ ਦੀ ਖੁਸ਼ੀ ਅਨੁਭਵ ਕਰਦਾ ਹੈ ਅਤੇ ਆਪ ਜੀ ਨੂੰ ਮੁਬਾਰਕਬਾਦ ਦੇਂਦਿਆਂ ਮਾਣ ਮਹਿਸੂਸ ਕਰਦਾ ਹੈ। ਤੁਹਾਡੀ ਖੁਸ਼ਬੂਈਆਂ ਤੇ ਮਹਿਕਾਂ ਵੰਡਦੀ ਸ਼ਖਸੀਅਤ ਨੇ ਹਰ ਬਸ਼ਰ ਦੀ ਰੂਹ ਨੂੰ ਰੰਗਿਆ ਏ। ਤੁਸੀਂ ਆਪ ਵੀ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਰਬੰਗੀ ਸ਼ਖਸੀਅਤ ਦੇ ਰੰਗਾਂ ਵਿਚ ਰੰਗੇ ਹੋਏ ਓ। ਨਾਮਧਾਰੀ ਸਮਾਜ ਇਸ ਗੱਲ ਤੇ ਵੀ ਡਾਢਾ ਮਾਣ ਮਹਿਸੂਸ ਕਰਦਾ ਏ ਕਿ ਪਰਮ ਪੂਜਯ ਸ੍ਰੀ ਸਤਿਗੁਰੂ ਜੀ ਦੇ ਤੁਸੀਂ ਬਾਲ-ਸਖਾਈ ਹੋ ਅਤੇ ਸਤਿਗੁਰੂ ਜੀ ਦੀ ਅਲਬੇਲੀ ਸ਼ਖਸੀਅਤ ਦਾ ਨਿੱਘ ਮਾਣਿਆ ਹੈ। ਇਸ ਨਿੱਘ ਨੇ ਹੀ ਰੁਬਾਈਆਂ ਦੀ ਛਹਿਬਰ ਲਾਈ ਅਤੇ ਆਪ ਨੇ "ਸਿਮਰਨ" ਜਿਹੀ ਪੁਸਤਕ ਨੂੰ ਸਿਰਜਿਆ, ਜਿਨ੍ਹਾਂ ਵਿਚ ਆਪ ਜੀ ਦਾ ਸ੍ਰੀ-ਚਰਨਾਂ ਨਾਲ ਪਿਆਰ ਉਮੱਡ-ਉਮੱਡ ਪੈਂਦਾ ਏ। ਤੁਹਾਡੀ ਕਵਿਤਾ ਕਲਾਤਮਿਕ ਪੱਖੋਂ ਵੀ ਪਰਸੰਸਾ ਦਾ ਘੇਰਾ ਪਾਰ ਕਰ ਜਾਂਦੀ ਹੈ! ਇਸ ਦਾ ਪਾਠਕ ਉਸ ਤਰ੍ਹਾਂ ਹੀ ਤੁਹਾਡੀ ਕਵਿਤਾ ਨੂੰ ਮਾਣਦਾ ਹੈ ਜਿਸ ਤਰ੍ਹਾਂ ਇਕਾਗਰਤਾ ਨਾਲ ਤੁਸਾਂ ਇਸ ਦੀ ਰਚਨਾ ਕੀਤੀ ਹੈ। ਪੂਜਯ ਸਤਿਗੁਰੂ ਜੀ ਨੇ ਵੀ ਕ੍ਰਿਸ਼ਨ-ਸੁਦਾਮੇ ਦੇ ਸੰਬੰਧਾਂ ਨੂੰ ਨਵੇਂ ਅਰਥ ਦੇ ਮੁੜ ਸੁਰਜੀਤ ਅਤੇ ਤਾਜ਼ਾ ਕਰ ਦਿੱਤਾ ਹੈ।

ਤੁਹਾਡੇ ਮਿੱਠੇ ਤੇ ਅਰਥ ਭਰਪੂਰ ਬੋਲ ਅਤੇ ਮਿਕਨਾਤੀਸੀ ਸ਼ਖਸੀਅਤ ਹਰ ਗੁਣਵਾਨ ਨੂੰ ਬਿਨਾਂ ਉਮਰ ਦੇ ਤਕਾਜ਼ੇ ਆਪਣੇ ਨਾਲ ਜੋੜਨ ਦੀ ਸਮਰੱਥਾ ਰੱਖਦੇ ਨੇ। ਤੁਸਾਂ ਅਨੇਕਾਂ ਗੁਣਵਾਨਾਂ ਨੂੰ ਚੜ੍ਹਦੇ ਸੂਰਜ ਦੀ ਪ੍ਰਕਰਮਾ ਕਰਨ ਦੀ ਜਾਚ ਦੱਸੀ ਏ। ਤੁਹਾਡਾ ਇਹ ਕਥਨ ਕੇਡਾ ਅਰਥ ਭਰਪੂਰ ਏ ਕਿ "ਮੇਰਾ ਦੁਖ-ਸੁਖ ਤੇ ਮੇਰੀ ਵੇਦਨਾ ਕਿਸੇ ਮਨੁੱਖੀ ਜਾਮੇ ਵਾਲੇ ਹੀ ਸੁਨਣੀ ਏ।"

ਨਾਮਧਾਰੀ-ਸਮਾਜ ਤੋਂ ਬਾਹਰ, ਦੂਸਰਿਆਂ ਖੇਤਰਾਂ ਵਿਚ ਵੀ ਤੁਸੀਂ ਜਿਸ ਕਾਬਲੀਅਤ ਨਾਲ ਵਿਚਰੇ ਹੋ, ਉਸ ਨਾਮਧਾਰੀ ਰੂਪ-ਸਰੂਪ ਦਾ ਕੱਦ ਕਾਠ ਉੱਚਾ ਕੀਤਾ ਏ। ਤੁਹਾਡੀਆਂ ਪਾਈਆਂ ਪੈੜਾਂ, ਲੀਹਾਂ ਬਣ ਖਲੋਈਆਂ ਨੇ।

ਸਾਹਿਤਕ ਖੇਤਰ ਵਿਚ ਵੀ ਤੁਸਾਂ ਨਵੀਂਆਂ ਪੈੜਾਂ ਪਾਈਆਂ ਨੇ। ਤੁਹਾਡੀ ਲੇਖਣੀ ਕੇਡੀ ਅਰਥ ਭਰਪੂਰ ਅਤੇ ਯਥਾਰਥਿਕ ਏ, ਜਿਸ ਨਵੇਂ ਕਲਮਕਾਰਾਂ ਨੂੰ ਸੇਧ ਦਿੱਤੀ ਏ। ਵਰਤਮਾਨ ਨੂੰ "ਬੀਤੇ ਦੀਆਂ ਪੈੜਾ" ਦੇ ਸਿਰਲੇਖ ਹੇਠ ਲਿਖ, ਪ੍ਰਕਾਸ਼ਤ ਕਰਨ ਦਾ ਤੁਹਾਡਾ ਉਪਰਾਲਾ ਜਿਥੇ ਸ਼ਲਾਘਾਯੋਗ ਹੈ, ਗਿਆਨ ਭਰਪੂਰ ਹੈ ਉਥੇ ਇਸ ਨੇ ਪੁਰਾਣੀਆਂ ਪਿਰਤਾਂ ਨੂੰ ਵੀ ਸੁਰਜੀਤ ਕੀਤਾ ਏ। ਨਵੀਆਂ ਲੀਹਾਂ ਵੀ ਪਾਈਆਂ ਨੇ। ਇਹ ਇਤਿਹਾਸਕ ਦਸਤਾਵੇਜ਼ ਵੀ ਹਨ, ਰੋਜ਼ਨਾਮਚਾ ਵੀ ਹਨ ਅਤੇ ਡਾਇਰੀ ਵੀ। ਕੇਡੀ-ਵੱਡੀ ਗੱਲ ਏ ਕਿ ਯਥਾਰਥ ਦਾ ਚਿਤਰਨ ਕਰਦਿਆਂ ਤੁਸਾਂ ਚਸ਼ਮਦੀਦ ਗਵਾਹੀਆਂ ਵੀ ਭੁਗਤਾਈਆਂ ਨੇ। "ਬੀਤੇ ਦੀਆਂ ਪੈੜਾ" ਬੀਜ ਨੇ ਜਿਸ ਤੋਂ ਸੈਂਕੜੇ ਰੁੱਖਾਂ ਰੂਪੀ ਪੁਸਤਕਾਂ ਲਿਖੀਆਂ ਜਾ ਸਕਣਗੀਆਂ। ਜਿਥੇ ਇਸ ਲਿਖਤ ਰਾਹੀਂ ਸਾਨੂੰ ਸਤਿਗੁਰੂ ਜੀ ਦੀ ਵਿਸ਼ਾਲਤਾ, ਦਿਆਲਤਾ, ਨਿਰਮਾਣਤਾ ਦਾ ਅਨੁਭਵ ਹੁੰਦਾ ਹੈ। ਉਥੇ ਸੈਂਕੜੇ ਵਿਅਕਤੀਆਂ ਵਿਸ਼ੇਸ਼ਾਂ ਦਾ ਵਿਅਕਤੀਤਵ ਵੀ ਨੇੜਿਓਂ ਵੇਖਣ ਦਾ ਮੌਕਾ ਮਿਲਦਾ ਏ। ਦੇਸਾਂ ਵਿਦੇਸ਼ਾਂ ਦਾ ਭ੍ਰਮਣ ਤੁਸੀਂ ਜਿਸ ਤਰੀਕੇ ਨਾਲ ਕਰਵਾ ਦੇਂਦੇ ਹੋ ਉਹ ਪੜ੍ਹ ਕੇ ਕਿਸੇ "ਗਾਈਡ-ਬੁੱਕ" ਦੇ ਪੜ੍ਹਨ ਦੀ ਜ਼ਰੂਰਤ ਨਹੀਂ ਰਹਿੰਦੀ। ਸਭ ਤੋਂ ਵੱਧ ਇਹ ਸਾਡੀ ਆਪਣੀ ਕਹਾਣੀ ਹੈ ਜਿਸ ਦੇ ਅਸੀਂ ਆਪ ਹੀ ਪਾਤਰ ਹਾਂ।

ਤੁਹਾਡੀ ਵਾਰਤਿਕ ਪਾਠਕਾਂ ਨੂੰ ਇਕ ਵਧੀਆ ਵਾਰਤਿਕ ਨਮੂਨੇ ਦਾ ਸੁਹਜ-ਸੁਆਦ ਦੇਂਦੀ ਹੈ। ਕਦੇ-ਕਦੇ ਤਾਂ ਗੁਰਬਖਸ਼ ਸਿੰਘ ਪ੍ਰੀਤਲੜੀ ਹੁਰਾਂ ਦੀ ਵਾਰਤਿਕ ਵਾਂਗ ਹੀ ਸਰਲ, ਸਪਸ਼ਟ, ਰਵਾਨੀ ਭਰਪੂਰ ਅਤੇ ਧੁਰ ਅੰਦਰ ਤੱਕ ਲਹਿ ਜਾਣ ਵਾਲੀ ਹੁੰਦੀ ਹੈ। ਉਂਝ ਰੂਪ ਅਤੇ ਕਲਾ ਦੇ ਪੱਖੋਂ ਤੁਹਾਡੀ ਆਪਣੀ ਨਿਵੇਕਲੀ ਪਛਾਣ ਹੈ।

ਅੱਜ ਸਤਿਗੁਰੂ ਜਗਜੀਤ ਸਿੰਘ ਜੀ ਵੱਲੋਂ, ਕਵੀ ਜੀ ਨੂੰ, ਸਤਿਗੁਰੂ ਰਾਮ ਸਿੰਘ ਸਾਹਿਤ ਪੁਰਸਕਾਰ ਨਾਲ ਸਨਮਾਨਿਤ ਕਰਨ ਅਤੇ ਸਾਹਿਤ-ਰਤਨ ਦੀ ਉਪਾਧੀ ਬਖਸ਼ਿਸ਼ ਕਰਨ ਦੇ ਮੌਕੇ, ਨਾਮਧਾਰੀ ਸਮਾਜ ਅਤੇ ਸਮੂਹ ਸਾਹਿਤ ਪ੍ਰੇਮੀ, ਕਵੀ ਜੀ ਨੂੰ ਮੁਬਾਰਕਬਾਦ ਦੇਂਦੇ ਹਨ ਅਤੇ ਕਵੀ ਜੀ ਦੀ ਦੀਰਘ-ਆਯੂ ਅਤੇ ਚੜ੍ਹਦੀ ਕਲਾ ਲਈ ਅਰਦਾਸ ਕਰਦੇ ਹਨ।

ਸਤਿਗੁਰੂ ਰਾਮ ਸਿੰਘ ਚਿੰਤਨ ਅਦਾਰਾ
ਸ੍ਰੀ ਭੈਣੀ ਸਾਹਿਬ



Sri Satguru Jagjit Singh Ji eLibrary NamdhariElibrary@gmail.com

# ਜੱਪ ਪਰਯੋਗ ਸਮਾਗਮ ਸ੍ਰੀ ਭੈਣੀ ਸਾਹਿਬ : ਕੁਝ ਦ੍ਰਿਸ਼



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਰ ਕਮਲਾਂ ਦੁਆਰਾ ਪ੍ਰਸਿੱਧ ਲੇਖਕ ਸ. ਪ੍ਰੀਤਮ ਸਿੰਘ ਕਵੀ ਨੂੰ ਸਨਮਾਨਿਤ ਕੀਤਾ ਗਿਆ

## ਸਨਮਾਨ ਪ੍ਰਾਪਤ ਕਰ ਰਹੇ ਪ੍ਰਸਿੱਧ ਵਿਦਵਾਨ



ਡਾ. ਨਰਿੰਦਰ ਸਿੰਘ ਕਪੂਰ, ਪੰਜਾਬੀ ਯੂਨੀਵਰਸਿਟੀ ਪਟਿਆਲਾ



ਡਾ. ਸਰਦਾਰਾ ਸਿੰਘ ਜੌਹਲ ਸਾਬਕਾ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ, ਪਟਿਆਲਾ



ਪ੍ਰੀਤਮ ਕਵੀ ਸਨਮਾਨ ਸਮਾਰੋਹ ਦੇ ਮੁਖ ਬੁਲਾਰੇ ਪ੍ਰੋ. ਪ੍ਰੀਤਮ ਸਿੰਘ ਜੀ ਪਟਿਆਲਾ



ਪ੍ਰੋ. ਕਿਰਪਾਲ ਸਿੰਘ ਕਸੇਲ



ਵਰਿਆਮ ਦਾ ਵਿਸ਼ੇਸ਼ ਅੰਕ (ਅਕਤੂਬਰ ੧੯੯੯) ਸਤਿਗੁਰੂ ਜਗਜੀਤ ਸਿੰਘ ਜੀ ਨੂੰ ਭੇਟ ਕਰਦੇ ਹੋਏ ਸੰਪਾਦਕ ਜਗਦੀਸ਼ ਸਿੰਘ

Sri Satguru Jagjit Singh Ji eLibrary NamdhariElibrary@gmail.com

# ਮੇਲਾ ਗਦਰੀ ਬਾਬਿਆਂ ਦਾ ਜਲੰਧਰ



ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ
੨੯ ਅਕਤੂਬਰ ੨੦੦੦ ਨੂੰ
ਗਾਇਣ ਮੁਕਾਬਲਿਆਂ ਤੋਂ ਪਹਿਲਾਂ ਸਮਾਂ ਰੌਸ਼ਨ ਕਰਦੇ ਹੋਏ
ਵਰਿਆਮ ਦੇ ਸੰਪਾਦਕ ਸ. ਜਗਦੀਸ਼ ਸਿੰਘ।
ਨਾਲ ਖੜੇ ਹਨ ਬਾਬਾ ਗੁਰਬਖਸ਼ ਸਿੰਘ ਬੋਨੋਆਣਾ,
ਗੁਰਮੀਤ ਸਕੱਤਰ ਸਭਿਆਚਾਰ ਵਿੰਗ, ਬੀਬੀ ਸੁਰਿੰਦਰ ਕੁਮਾਰੀ,
ਡਾ. ਸ਼ੈਲੇਜ ਅਤੇ ਪਿੱਛੇ ਕਾਮਰੇਡ ਨੌਨਿਹਾਲ ਸਿੰਘ



੧ ਨਵੰਬਰ ਨੂੰ ਮੁਖ ਪੰਡਾਲ ਵਿਚ ਸੰਤੂਰ ਵਾਦਨ
ਕਰਦੇ ਹੋਏ ਸ. ਬਲਵੰਤ ਸਿੰਘ ਨਾਮਧਾਰੀ
ਅਤੇ ਤਬਲੇ ਤੇ ਹਰਪ੍ਰੀਤ ਸਿੰਘ ਸੋਨੂੰ



ਬੱਚਿਆਂ ਦੇ ਪੇਂਟਿੰਗ ਮੁਕਾਬਲੇ
ਦਾ ਇਕ ਦ੍ਰਿਸ਼

Sri Satguru Jagjit Singh Ji eLibrary NamdhariElibrary@gmail.com

# ਸੰਗੀਤ ਸਮਾਗਮ



ਸਤਿਗੁਰੂ ਜਗਜੀਤ ਸਿੰਘ ਜੀ ਦੇ ਜਨਮ ਦਿਵਸ ਸੰਬੰਧੀ ਜਲੰਧਰ ਵਿਚ ਹੋਏ ਸੰਗੀਤ ਸਮਾਗਮ
ਵਿਚ ਨਾਮਧਾਰੀ ਸੰਗੀਤ ਕੇਂਦਰ ਦੇ ਬੱਚੇ ਸ਼ਬਦ ਗਾਇਣ ਕਰਦੇ ਹੋਏ



ਪ੍ਰੋ. ਵਰਿੰਦਰ ਕੁਮਾਰ ਜੀ ਦਾ ਸਿਤਾਰ ਵਾਦਨ ਨਾਲ ਹਨ
ਪ੍ਰੋ. ਕਿਰਪਾਲ ਸਿੰਘ ਤੇ ਪੰਡਿਤ ਰਮਾ ਕਾਂਤ ਜੀ



ਪ੍ਰੋ. ਕਿਰਪਾਲ ਸਿੰਘ ਜੀ ਦਾ ਗਾਇਣ, ਤਬਲੇ ਤੇ ਪੰਡਿਤ ਰਮਾ ਕਾਂਤ ਜੀ
ਹਾਰਮੋਨੀਅਮ ਤੇ ਸੰਤ ਬਲਬੀਰ ਸਿੰਘ



ਵਿਦਵਾਨ ਸ੍ਰੋਤੇ: ਉਸਤਾਦ ਹਰਭਜਨ ਸਿੰਘ, ਸ.ਗੁਰਬਖਸ਼ ਸਿੰਘ ਮਠਾੜੂ ਯੂ.ਕੇ, ਸੰਤ ਬਲਬੀਰ ਸਿੰਘ, ਪ੍ਰਧਾਨ ਸਰਵਣ ਸਿੰਘ ਸੋਖੀ ਨੈਰੋਬੀ:
ਪ੍ਰਸਿੱਧ ਸੰਗੀਤ ਆਚਾਰੀਯ ਸ੍ਰੀ ਲਛਮਣ ਸਿੰਘ ਸੀਨ ਅਤੇ ਸਿਤਾਰ ਵਾਦਕ ਮਨੂੰ ਸਿੰਘ ਸੀਨ ਆਦਿ



ਗੁਰਿੰਦਰ ਸਿੰਘ ਮਨੀ ਦਾ ਤਬਲਾ ਵਾਦਨ ਹਾਰਮੋਨੀਅਮ ਤੇ ਪ੍ਰਸਿਧ ਤਬਲਾ ਵਾਦਕ
ਸ੍ਰੀ ਰਾਜੇਸ਼ ਮਾਲਵੀਆ



ਗੁਰ ਰਤਨ ਸਿੰਘ-ਤਬਲਾ ਵਾਦਨ



ਅਮਨਦੀਪ ਸਿੰਘ-ਦਿਲਰੁਬਾ ਵਾਦਨ

Sri Satguru Jagjit Singh Ji eLibrary NamdhariElibrary@gmail.com



ਸ੍ਰੀ ਭੈਣੀ ਸਾਹਿਬ ਜੱਪ
ਪਰਯੋਗ ਮੇਲੇ ਵਿਚ ਕੀਰਤਨ
ਕਰਦਾ ਹੋਇਆ ਪਰਵੇਸ਼
ਕਰਦਾ ਦਿੱਲੀ ਦਾ ਜੱਥਾ
ਪ੍ਰਧਾਨ ਸੰਤ ਸਾਧਾ ਸਿੰਘ
ਦੀ ਅਗਵਾਈ ਵਿਚ

ਸ੍ਰੋਮਣੀ ਕਵੀਸ਼ਰ
ਸ. ਕਨੈਲ ਸਿੰਘ ਪਾਰਸ ਰਾਮੂਵਾਲੀਆ
ਨਾਲ ਪੰਜਾਬੀ ਲੇਖਕ ਸਭਾ ਜਲੰਧਰ ਵਲੋਂ
ਰੂਬਰੂ ਸਮੇਂ ਦੀ ਇਕ ਗਰੁੱਪ ਫੋਟੋ:
ਖੱਬੇ ਤੋਂ ਸ੍ਰੀ ਗੁਰਮੀਤ, ਪ੍ਰੋ ਪਿਆਰਾ
ਸਿੰਘ ਭੋਗਲ, ਡਾ.ਵਰਿਆਮ ਸਿੰਘ ਸੰਧੂ,
ਸ. ਹਰਚਰਨ ਸਿੰਘ ਗਿਲ ਰਾਮੂਵਾਲੀਆ,
(ਪਿਛੇ) ਪ੍ਰੋ ਜਾਗੀਰ ਸਿੰਘ ਕਾਹਲੋਂ,
ਸ. ਕਰਨੈਲ ਸਿੰਘ ਪਾਰਸ,
(ਪਿਛੇ) ਨਿੰਦਰ ਘੁਗਿਆਨਵੀ,
ਜਗਦੀਸ਼ ਸਿੰਘ ਵਰਿਆਮ,
ਪ੍ਰੋ ਅਵਤਾਰ ਜੌੜਾ, ਸ.ਕੁਲਦੀਪ ਸਿੰਘ ਬੇਦੀ,
ਚਰਨ ਸੀਚੇਵਾਲਵੀ ਅਤੇ ਸ. ਅਵਤਾਰ ਸਿੰਘ





ਇੰਗਲੈਂਡ ਵਿਚ ਵੂਲਵਰਹੈਂਪਟਨ ਟਾਊਨ
ਮਿਡਲੈਂਡ ਦੇ ਮੇਅਰ
ਸ੍ਰੀ ਤਰਸੇਮ ਸਿੰਘ, ਪੰਜਾਬੀ ਲੇਖਕ
ਸ.ਪ੍ਰੀਤਮ ਸਿੰਘ ਪੰਛੀ
ਦਾ ਸਨਮਾਨ ਕਰਦੇ ਹੋਏ।
ਨਾਲ ਖੜੇ ਹਨ ਲੇਖਕ ਸੋਹਣ ਸਿੰਘ ਕਮਲ
ਅਤੇ ਸ. ਮਹਿੰਦਰ ਸਿੰਘ

Sri Satguru Jagjit Singh Ji eLibrary NamdhariElibrary@gmail.com

# ਪ੍ਰੀਤਮ ਸਿੰਘ ਕਵੀ

## (ਰੇਖਾ ਚਿੱਤਰ)

—ਅਜੀਤ ਸਿੰਘ ਲਾਇਲ

ਸਰੂ ਵਰਗਾ ਲੰਮ-ਸੁਲੰਮਾ ਕੱਦ। ਇਕਹਰੀ ਕਾਇਆਂ। ਫਬਦੇ ਨਾਮਧਾਰੀ ਕਾਟ ਦੇ ਬਸਤਰ, ਜਿਵੇਂ ਸਰੀਰ ਦਾ ਹੀ ਇਕ ਹਿਸਾ ਹੋਣ। ਸੰਧੂਰੀ ਭਾਅ ਮਾਰਦਾ, ਰੂਹਾਨੀ ਰੰਗਤ ਵਿੱਚ ਰੰਗਿਆ, ਤਸੱਲੀ ਭਰਪੂਰ ਚਿਹਰਾ। ਚਾਂਦੀ ਰੰਗੇ ਦਾਹੜੇ ਦਾ ਇਕ ਇਕ ਵਾਲ ਸੰਵਾਰਿਆ ਸਜਾਇਆ ਹੋਇਆ। ਮੁਛਹਿਰੇ ਕਿਸੇ ਚੰਗੇ ਉਸਤਾਦ ਦੇ ਸਿਧਾਏ ਹੋਏ ਆਗਿਆਕਾਰ ਸ਼ਗਿਰਦਾਂ ਵਾਂਗ, ਜਿਨ੍ਹਾਂ ਨੂੰ ਬੁੱਲਾਂ ਨਾਲ ਛੇੜ-ਛਾੜ ਜਾਂ ਗੁਸਤਾਖ਼ੀ ਕਰ, ਗੁਸਤਾਖ ਅਖਵਾਣਾ ਚੰਗਾ ਨਾ ਲੱਗੇ। ਹਰ ਕਦਮ, ਗਿਣਿਆ, ਮਿਣਿਆਂ ਨਾਪਿਆ, ਤੋਲਿਆ ਹੋਇਆ। ਮੂੰਹੋਂ ਨਿਕਲਦੇ ਲਫ਼ਜ਼ ਅਰਥ ਭਰਪੂਰ। ਅੱਖਾਂ ਦੀ ਤੱਕਣੀ ਇਸ ਜ਼ਾਵੀਏ ਤੇ ਕਿ ਪ੍ਰਸ਼ਨ ਕਰਦੀਆਂ ਵੀ ਜਾਪਦੀਆਂ ਨੇ ਤੇ ਉੱਤਰ ਦੇਂਦੀਆਂ ਵੀ। ਇੰਦਰ ਧਨੁਸ਼ ਜਿਹੇ ਰੰਗਾਂ ਵਿਚ ਇਸ ਸ਼ਖਸੀਅਤ ਵਿਚ ਇਕ ਅਨੋਖੀ ਕਿਸਮ ਦੀ ਕਸ਼ਿਸ਼ ਹੈ, ਤੋਰ ਵਿਚ ਮਟਕ ਹੈ। ਅੱਖਾਂ ਵਿੱਚ ਚਮਕ ਹੈ ਤੇ ਬੁੱਲਾਂ ਤੇ ਮੁਸਕਾਨ ਹੈ ਜੋ ਹਰ ਉਮਰ ਦੇ ਮਰਦ ਤਰੀਮਤ ਨੂੰ ਆਪਣੇ ਵੱਲ ਖਿੱਚਣ ਦੀ ਤਾਕਤ ਰੱਖਦੇ ਨੇ। ਸ਼ਾਇਦ ਇਹੀਓ ਕਾਰਨ ਹੈ ਕਿ ਹਰ ਕੋਈ ਇਨ੍ਹਾਂ ਦਾ ਢੂੰਡਾਊ ਏ। ਇਹ ਕਿਸੇ ਸੁਹਣੀ ਕਵਿਤਾ ਦਾ ਜ਼ਿਕਰ ਨਹੀਂ ਨਾ ਹੀ ਕੋਈ ਨਜ਼ਮ ਜਾਂ ਗਜ਼ਲ ਹੈ ਪਰ ਇਕ ਰੂਸੀ ਅਖਾਣ ਵਾਂਗ ਇਹ ਉਹ ਜ਼ਰੂਰ ਏ ਜਿਸਨੂੰ ਰੱਬ ਨੇ ਸੰਸਾਰ ਸਿਰਜਣ ਤੋਂ ਸੌ ਸਾਲ ਪਹਿਲੋਂ ਸਿਰਜਿਆ ਸੀ ਤੇ ਜਿਸ ਕਰਕੇ ਹੀ ਕਾਦਰ ਨੇ ਇਸ ਕਇਨਾਤ ਨੂੰ ਸੁਹੱਪਣ ਬਖਸ਼ਿਆ ਏ। ਤੁਸੀਂ ਸੋਚੋਗੇ ਮੈਂ ਕੋਈ ਬੁਝਾਰਤ ਪਾ ਰਿਹਾ ਹਾਂ। ਜੀ ਨਹੀਂ। ਇਹ ਸੱਚ-ਮੁੱਚ ਸਚਾਈ ਏ ਕਿ "ਕਵੀ" ਨੂੰ ਰੱਬ ਨੇ ਸੰਸਾਰ ਦੀ ਰਚਨਾ ਕਰਨ ਤੋਂ ਸੌ ਸਾਲ ਪਹਿਲੋਂ ਹੀ ਸਿਰਜਿਆ ਸੀ। — ਹਾਂ ਤੇ ਇਹ ਵੀ "ਕਵੀ ਜੀ" ਹੀ ਨੇ। ਪ੍ਰੀਤਮ ਸਿੰਘ ਜੀ ਕਵੀ। ਖੁਸ਼ਬੂਈਆਂ ਤੇ ਮਹਿਕਾਂ ਵੰਡਦੀ ਸ਼ਖਸੀਅਤ। ਜਿਨ੍ਹਾਂ ਦੇ ਮੂੰਹੋਂ ਨਿਕਲਿਆ ਹਰ ਲਫ਼ਜ਼ ਕਿਸੇ ਸੁਹਣੇ ਪੁਸ਼ਪ ਵਰਗਾ ਏ। ਜੋ ਬੜੇ ਤਹੱਮਲ ਨਾਲ ਸੌ ਸਾਲ ਜਿਊਣ ਦੀ ਤਸਦੀਕ ਕਰਦੇ ਨੇ ਤੇ ਫਿਰ ਬੋਨਸ ਦੀ ਮੰਗ ਵੀ ਆਪਣਾ ਹੱਕ ਸਮਝਦੇ ਨੇ।

ਆਖਦੇ ਨੇ ਜਿਡੀ ਵੱਡੀ ਕੋਈ ਸ਼ਖਸੀਅਤ ਹੁੰਦੀ ਏ ਏਨ੍ਹਾਂ ਹੀ ਛੋਟਾ ਉਸਦਾ ਨਾਮ ਹੁੰਦਾ ਏ। ਇਵੇਂ ਸ੍ਰ. ਪ੍ਰੀਤਮ ਸਿੰਘ ਜੀ ਕਵੀ ਅੱਜ ਕੇਵਲ "ਕਵੀ ਜੀ" ਨਾਮ ਨਾਲ ਜਾਣੇ ਜਾਂਦੇ ਨੇ। ਇਹ ਨਾਮ ਕਿਸੇ ਹੋਰ ਵਿਆਖਿਆ ਦਾ ਮੁਤਾਜ ਨਹੀਂ। ਨਾਮਧਾਰੀ ਸਮਾਜ ਤੋਂ ਇਲਾਵਾ ਸਾਹਿਤਕ ਖੇਤਰ ਵਿਚ ਵੀ ਇਹ ਨਾਮ ਬੜੇ ਸਨਮਾਨ ਅਤੇ ਸਤਿਕਾਰ ਨਲ ਲਿਆ ਜਾਂਦਾ ਏ।

ਇਕ ਸਦੀ ਦਾ ਇਤਿਹਾਸ ਆਪਣੀਆਂ ਯਾਦਾਂ ਵਿਚ ਸਮੋਈ ਇਹ ਰੋਹਬੀਲੀ ਅਣਖੀਲੀ ਤੇ ਮਟਕੀਲੀ ਸ਼ਖਸੀਅਤ, ਆਤਮਿਕ ਅਤੇ ਜਜ਼ਬਾਤੀ ਤੌਰ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਜੁੜੀ ਹੋਈ ਏ। ਇਹੀਓ ਕਾਰਨ ਹੈ ਕਿ 'ਕਵੀ ਜੀ" ਹਿੰਦੋਸਤਾਨ ਦਾ ਦਿਲ ਦਿੱਲੀ ਨੂੰ ਅਲਵਿਦਾ ਕਹਿ ਸ੍ਰੀ ਭੈਣੀ ਸਾਹਿਬ, ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆ ਗਏ ਹਨ। ਸ਼ਾਇਦ ਢੇਰ ਚਿਰ ਪਹਿਲੋਂ ਕਵੀ ਜੀ ਦੀ ਲਿਖੀ ਇਕ ਰੁਬਾਈ ਨੂੰ ਹੀ ਪੂਜਯ ਸਤਿਗੁਰੂ ਜੀ ਨੇ ਲਿਬਾਸ ਪਹਿਨਾਇਆ ਏ —

ਜੀਕਰ ਘੜੇ ਜਰਜਰੇ ਵਿਚੋਂ ਸਿੰਮ ਸਿੰਮ ਨਿਕਲੇ ਪਾਣੀ॥
ਇਵੇਂ ਸਰੀਰ ਮਿਰੇ ਦੀ ਸ਼ਕਤੀ, ਪੱਲ ਪੱਲ ਹੋਇ ਨਿਤਾਣੀ॥
ਪਰ ਇਕ ਬਿਨੈ ਲਬਾਂ ਤੇ ਰੁਮਕੇ ਤੇ ਅੱਖੀਆਂ ਚੋਂ ਟਪਕੇ॥
ਪ੍ਰੀਤਮ ਪਿਆਰੇ ਇਕ ਵਾਰ ਤਾਂ ਚਰਨੀ ਲਾਇ ਨਿਮਾਣੀ॥

### ਫੇਰ ਮਘੀ ਚੰਗਿਆੜੀ

ਕਵੀ ਜੀ ਕੋਲ ਢੇਰ ਸਾਰਾ ਖਜ਼ਾਨਾ ਹੈ, ਪੁਰਾਣੀਆਂ ਯਾਦਾਂ ਦਾ, ਨਾਮਧਾਰੀ ਇਤਿਹਾਸ ਦਾ। ਮੈਂ ਕਵੀ ਜੀ ਦੀ "ਚੰਗੇਰ" ਫਰੋਲਦਿਆਂ ਬਚਪਨ ਵੱਲ ਰੁੱਖ ਕੀਤਾ ਤਾਂ ਕਵੀ ਜੀ ਵਿਸਮਾਦ ਦੀ ਅਵਸਥਾ ਵਿਚ ਪੁੱਜ ਗਏ। ਆਖਣ ਲੱਗੇ—

"ਬਿਨ੍ਹਾਂ ਸੋਚੇ ਵਿਚਾਰੇ ਘੁੰਮਣਾ ਬਸਤਾ ਗਵਾ ਲੈਣਾ
ਅਜਿਹਾ ਵਕਤ ਫਿਰ ਆਵੇ ਨਹੀਂ ਏਦਾਂ ਨਹੀਂ ਹੁੰਦਾ"

ਆਖਣ ਲੱਗੇ— "ਬੇਅੰਤ ਜੀ (ਸਤਿਗੁਰੂ ਜਗਜੀਤ ਸਿੰਘ ਜੀ ਦਾ ਬਚਪਨ ਦਾ ਨਾਮ) ਤੋਂ ਉਮਰ ਵਿਚ ਮੈਂ ਦਸ ਵਰ੍ਹੇ ਵੱਡਾ ਸਾਂ, ਪਰ ਆਪਸੀ ਸਬੰਧ ਬੜੇ ਘਨਿਸ਼ਟ ਸਨ। ਜਦੋਂ ਵੀ ਬੇਅੰਤ ਜੀ ਨੂੰ ਜ਼ਰਾ ਵੇਹਲ ਮਿਲਣੀ ਤਾਂ ਢੂੰਡਦਿਆਂ ਮੇਰੇ ਕੋਲ ਆ ਜਾਣਾ। ਜਦੋਂ ਮੈਂ ਵੇਹਲਾ ਹੋਣਾ ਤਾਂ ਬੇਅੰਤ ਜੀ ਨੂੰ ਢੂੰਡਣਾ। ਫਿਰ ਢੇਰ ਚਿਰ ਬੈਠਿਆਂ ਰਹਿਣਾ।

ਇਹ ਆਖਦਿਆਂ ਕਵੀ ਜੀ ਕੁਝ ਦੇਰ ਚੁੱਪ ਕਰ ਗਏ, ਭਾਵੁਕਤਾ ਦੇ ਆਲਮ ਵਿਚ ਜਾ ਪੁੱਜੇ। ਕੁਝ ਦੇਰ ਰੁਕ ਕੇ ਆਖਣ ਲੱਗੇ —

"ਫੇਰ ਤੇਰੀ ਯਾਦਾਂ ਦੀ ਖਿੜ ਪਈ ਅੱਜ ਅੰਦਰ ਫੁਲਵਾੜੀ
ਫੇਰ ਦਿਲੇ ਨੂੰ ਕੁੱਝ-ਕੁੱਝ ਹੋਵੇ ਫੇਰ ਮਘੀ ਚੰਗਿਆੜੀ"

ਬੇਅੰਤ ਜੀ ਨੇ ਕਿੰਨੀ ਕਿੰਨੀ ਦੇਰ ਮੇਰੇ ਕੋਲ, ਅੱਧ ਲੇਟੀ ਅਵਸਥਾ ਵਿਚ, ਠੋਡੀ ਤੇ ਹੱਥ ਧਰੀ ਘਾਹ ਤੇ ਲੇਟੇ ਰਹਿਣਾ। ਮੈਥੋਂ ਕਹਾਣੀਆਂ ਸੁਣਦੇ ਰਹਿਣਾ। ਕਦੇ ਬਹੁਤ ਗੰਭੀਰ ਹੋ ਜਾਣਾ, ਕਦੇ ਖਿੜ ਖਿੜਾਕੇ ਹੱਸਣਾ। ਇਹ ਕਹਾਣੀਆਂ



Sri Satguru Jagjit Singh Ji eLibrary NamdhariElibrary@gmail.com

ਸਾਡੀਆਂ ਕਦੇ ਵੀ ਨਾ ਮੁੱਕਣ ਵਾਲੀਆਂ ਹੋਇਆ ਕਰਦੀਆਂ ਸਨ। ਜਦੋਂ ਸੁਨਣ ਵਾਲਾ ਬੇਅੰਤ ਜੀ ਵਰਗਾ ਸਰੋਤਾ ਹੋਏ ਤਾਂ ਕੌਣ ਆਪਣੀਆਂ ਕਹਾਣੀਆਂ ਮੁੱਕਣ ਦਏਗਾ। ਇਹ ਤੇ ਸਗੋਂ ਹੋਰ ਦਿਲਚਸਪ, ਰੌਚਕ ਤੇ ਲੰਮੇਰੀਆਂ ਹੋ ਜਾਇਆ ਕਰਦੀਆਂ ਸਨ। ਜਿਨ੍ਹਾਂ ਵਿਚ ਓੜਕਾਂ ਦੀ ਰਵਾਨੀ ਹੋਇਆ ਕਰਦੀ ਸੀ। ਜਿਨ੍ਹਾਂ ਕਹਾਣੀਆਂ ਦੇ ਪਾਤਰ ਬੇਅੰਤ ਜੀ ਤੇ ਮੈਂ ਆਪੂ ਹੋਇਆ ਕਰਦੇ ਸਾਂ। ਕਦੇ ਅਸੀਂ ਪਹਾੜਾਂ ਦੀਆਂ ਬਰਫੀਲੀਆਂ ਚੋਟੀਆਂ ਤੇ ਚੜ੍ਹ ਜਾਣਾ। ਕਦੇ ਹਰੀਆਂ ਭਰੀਆਂ ਢਲਾਣਾ ਤੇ ਛੂਹਣ-ਛੂਹਾਈਆਂ ਖੇਡਣਾ। ਕਦੇ ਪਹਾੜਾਂ ਦੀਆਂ ਕੰਦਰਾਂ ਵਿਚ ਛੁਪ ਜਾਣਾ। ਕਦੇ ਵੱਡੇ ਵੱਡੇ ਪੱਥਰਾਂ ਦੀ ਓਟ ਲੈ ਲੁਕਣ-ਮੀਟੀ ਖੇਡਣਾ। ਕਦੇ ਕਦੇ ਤਾਂ ਘਨਘੋਰ ਜੰਗਲਾਂ ਵਿਚ ਅਸਾਂ ਗੁਆਚ ਜਾਣਾ ਜਿਥੇ ਅਜੀਬੋ ਗਰੀਬ ਫੁਲਾ ਦੇ ਬਿਰਖ ਹੋਇਆ ਕਰਦੇ ਸਨ। ਸੁਗੰਧੀਆਂ ਬਿਖੇਰਦੇ ਸੁਹਣੇ ਸੁਹਣੇ ਫੁੱਲ ਹੋਇਆ ਕਰਦੇ ਸਨ। ਸ਼ਹਿਦ ਦੇ ਵੱਡੇ-ਵੱਡੇ ਛੱਤੇ ਹੋਇਆ ਕਰਦੇ ਸਨ ਤੇ ਮਧੂ-ਮੱਖੀਆਂ ਬੇਅੰਤ ਜੀ ਦੀ ਅਵਾਜ਼ ਸੁਣਦਿਆਂ ਇਕ ਪਾਸੇ ਹੋ ਜਾਇਆ ਕਰਦੀਆਂ ਸਨ ਤੇ ਅਸਾਂ ਮਨ ਭਰ ਕੇ ਸ਼ਹਿਦ ਖਾਣਾ। ਕਦੇ ਜੰਗਲੀ ਜਾਨਵਰਾਂ ਦੀ ਡਰਾਉਣੀ ਗਰਜਣਾ ਹੋਣੀ ਤੇ ਅਸਾਂ ਇਕ ਦੂਸਰੇ ਨਾਲ ਲਿਪਟ ਜਾਣਾ।

ਬੇਅੰਤ ਜੀ ਤੇ ਮੈਂ, ਉਡਿਆ ਵੀ ਕਰਦੇ ਸਾਂ। ਕਦੇ ਬੱਦਲਾਂ ਦੇ ਉੱਪਰ ਉੱਪਰ ਕਦੇ ਬੱਦਲਾਂ ਦੇ ਨਾਲ ਨਾਲ ਤੇ ਕਦੇ ਬੱਦਲਾਂ ਦੇ ਹੇਠਾਂ ਹੇਠਾਂ ਤੇ ਬੱਦਲ ਸਾਡੇ ਸਿਰਾਂ ਨਾਲ ਛੁਹਿਆ ਕਰਦੇ ਸਨ। ਕਦੇ ਅਜਿਹੇ ਮੁਲਕਾਂ ਵਿਚ ਜਾ ਲੱਥਣਾ ਜਿਥੋਂ ਦੇ ਬਸ਼ਿੰਦੇ ਸਾਨੂੰ ਵੇਖ ਅਜੀਬੋ ਗਰੀਬ ਬੋਲੀ ਬੋਲਣ ਲੱਗ ਪੈਂਦੇ। ਭਲਾ ਇਹੋ ਜਿਹੀਆਂ ਕਹਾਣੀਆਂ ਤੋਂ ਵੀ ਕਦੇ ਕੋਈ ਅੱਕਿਆ ਏ। ਕੌਣ ਮੁੱਕਣ ਦੇਵੇਗਾ ਆਪਣੀਆਂ ਕਹਾਣੀਆਂ ਜਦੋਂ ਸੁਨਣ ਵਾਲਾ ਵੀ ਬੇਅੰਤ ਹੋਏ।

ਦੂਸਰੇ ਦਿਨ ਬੇਅੰਤ ਜੀ ਨੇ ਫਿਰ ਆ ਜਾਣਾ ਤੇ ਆਖਣਾ "ਕਵੀ" ਕੱਲ ਵਾਲੀ ਕਹਾਣੀ ਅਗਾਂਹ ਸੁਣਾ। ਮੇਰੀ ਇਕ ਰੁਬਾਈ ਵਿਚ ਵੀ ਇਸ ਦਾ ਜ਼ਿਕਰ ਹੈ –

ਬਾਲਾ ਪ੍ਰੀਤਮ ਠੋਡੀ ਹੱਥ ਧਰ, ਧਰ ਤੇ ਲੰਮਾ ਪੈ ਕੇ॥
ਸੁਣਦਾ ਰਿਹਾ ਕਹਾਣੀ ਕੁਦਰਤ, ਰੋਜ਼ ਬ-ਰੋਜ਼ੀ ਕਹਿ ਕੇ॥
ਤਖ਼ਤ-ਬਖ਼ਤ ਦਾ ਮਾਲਿਕ ਬਣ ਹੁਣ ਸੈਰ ਜਗਤ ਦੀ ਕਰਦਾ॥
ਕਥਾ ਕਾਰ ਵਿਹੰਦਾ ਹੀ ਰਹਿੰਦਾ ਕਦ ਜਾਵੇਗਾ ਲੈ ਕੇ॥

ਕਦੇ ਮੈਂ ਉਨ੍ਹਾਂ ਕਹਾਣੀਆਂ ਦਾ ਤਸੱਵਰ ਕੀਤਾ ਸੀ ਤੇ ਉਨ੍ਹਾਂ ਨੂੰ ਹੀ ਪੂਜਯ ਸਤਿਗੁਰੂ ਜੀ ਨੇ ਯਥਾਰਥ ਵਿਚ ਬਦਲ ਵਿਖਾਇਆ ਹੈ।

(ਇਕ ਰੇਖਾ-ਚਿੱਤਰ, ਇਕ ਮੁਲਾਕਾਤ ਵਿਚੋਂ)

## ਸੀਚੇਵਾਲਵੀ ਦਾ ਸਨਮਾਨ



ਪ੍ਰਸਿੱਧ ਪੰਜਾਬੀ ਕਵੀ ਸ੍ਰੀ ਚਰਨ ਸੀਚੇਵਾਲਵੀ ਜਿਨ੍ਹਾਂ ਨੂੰ ਸੂਲ-ਸੁਰਾਹੀ ਸਾਹਿਤ ਕੇਂਦਰ (ਰਜਿ.) ਚੰਡੀਗੜ੍ਹ ਵਲੋਂ ਖਰੜ ਵਿਖੇ ਕਰਵਾਏ ਗਏ ਬਾਰਵੇਂ ਗ਼ਜ਼ਲ ਦਰਬਾਰ ਵਿਚ ਡਾ. ਸਾਧੂ ਸਿੰਘ 'ਹਮਦਰਦ' ਐਵਾਰਡ ਨਾਲ ਸਨਮਾਨਤ ਕੀਤਾ ਗਿਆ।



## ਮਾਤਾ ਅਮਰ ਕੌਰ ਰੋਪੜ ਸੁਰਗਵਾਸ

ਸੂਬਾ ਸੁਰਿੰਦਰ ਕੌਰ ਖਰਲ ਦੇ ਸੱਸ, ਮਾਤਾ ਅਮਰ ਕੌਰ ਸੁਪਤਨੀ ਸਵਰਗੀ ਸੰਤ ਕੇਹਰ ਸਿੰਘ ਰੂਪਨਗਰ (ਰੋਪੜ) ੧੦ ਅਕਤੂਬਰ ਸੰਨ ੨੦੦੦ ਦੀ ਸਵੇਰ ਚੜ੍ਹਾਈ ਕਰ ਗਏ। ੧੧ ਅਕਤੂਬਰ ਨੂੰ ਸਸਕਾਰ ਕੀਤਾ ਗਿਆ। ੧੨ ਅਕਤੂਬਰ ਨੂੰ ਫੁੱਲ ਚੁਗੇ ਗਏ। ੧੩ ਅਕਤੂਬਰ ਨੂੰ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਤੇ ਰਜ਼ਾ ਅਨੁਸਾਰ ਮਾਤਾ ਅਮਰ ਕੌਰ ਨਮਿਤ ਪਾਠ ਦਾ ਭੋਗ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਅੱਸੂ ਦੇ ਮੇਲੇ ਸਮੇਂ, ਸ੍ਰੀ ਭੈਣੀ ਸਾਹਿਬ ਵਿਖੇ ਪਾਇਆ ਗਿਆ। ਮਾਤਾ ਅਮਰ ਕੌਰ ਦੇ ਸਪੁੱਤਰ ਸਰਵ ਸ਼੍ਰੀ ਸਰਦੂਲ ਸਿੰਘ, ਭਗਵੰਤ ਸਿੰਘ, ਸ਼ਿੰਗਾਰ ਸਿੰਘ ਹਨ। ਨੂੰਹਾਂ ਬਲਜੀਤ ਕੌਰ, ਸੂਬਾ ਸੁਰਿੰਦਰ ਕੌਰ ਖਰਲ ਤੇ ਹਰਜੀਤ ਕੌਰ ਹਨ। ਦੋ ਧੀਆਂ ਹਨ– ਵੱਡੀ ਮਹਿੰਦਰ ਕੌਰ ਸੁਪਤਨੀ ਸ. ਅਜੀਤ ਸਿੰਘ ਪਰਿਵਾਰ ਸਮੇਤ ਗਦਰਪੁਰ (ਯੂ. ਪੀ.) ਰਹਿੰਦੇ ਹਨ। ਅਤੇ ਛੋਟੀ ਕੁਲਦੀਪ ਕੌਰ ਸੁਪਤਨੀ ਸ. ਜਰਨੈਲ ਸਿੰਘ ਭੋਰੇ ਪਰਿਵਾਰ ਸਹਿਤ ਸਲੋਹ (ਇੰਗਲੈਂਡ) ਰਹਿੰਦੇ ਹਨ।



Sri Satguru Jagjit Singh Ji eLibrary NamdhariElibrary@gmail.com

# ਪ੍ਰਿੰਸੀਪਲ ਬੇਅੰਤ ਕੌਰ ਦੇ ਰਚਨਾ-ਸੰਸਾਰ ਤੇ ਇਕ ਪੰਛੀ ਝਾਤ

—ਸੁਵਰਨ ਸਿੰਘ ਵਿਰਕ

ਬੇਸ਼ਕ ਆਦਿ ਗੁਰੂ ਬਾਬੇ ਨਾਨਕ ਦੇ ਜਗਤ-ਜਨਨੀ ਇਸਤਰੀ ਦੀ ਪੁਰਖ ਸਮਾਜ ਨਾਲ ਹਰ ਪੱਖੋਂ ਬਰਾਬਰੀ ਦਾ ਝੰਡਾ ਬੁਲੰਦ ਕੀਤਾ ਸੀ, ਫਿਰ ਵੀ ਸਾਮੰਤੀ ਸੋਚ ਅਤੇ ਬ੍ਰਹਿਮਣਵਾਦੀ ਕਰਮ ਕਾਂਡੀ ਜੀਵਨ ਪੱਧਤੀ ਸਦਕਾ, ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਸਾਜਣਾ ਤੋਂ ਬਾਅਦ ਵੀ ਅਤੇ ਮੀਰ ਮੰਨੂ ਦੇ ਜ਼ੁਲਮਾਂ ਦੀ ਕੁਠਾਲੀ ਵਿਚੋਂ ਤਪ ਕੇ ਕੁੰਦਨ ਹੋਣ ਬਾਅਦ ਵੀ, ਸਿੱਖ ਸਮਾਜ ਵਿਚ ਬੀਬੀਆਂ ਨੂੰ ਉਹਨਾਂ ਦਾ ਬਣਦਾ ਹੱਕ ਨਹੀਂ ਮਿਲ ਰਿਹਾ ਸੀ। ਸਿੱਖੀ ਦਾ ਪੰਜਵਾਂ ਕਕਾਰ ਕਛੈਹਰਾ ਧਾਰਨ ਕਰਨ ਦੀ ਸਮਾਜਕ ਪ੍ਰਵਾਨਗੀ ਅਜੇ ਉਹਨਾਂ ਨੂੰ ਨਹੀਂ ਮਿਲੀ ਸੀ। ਇਹ ਕਾਰਵਾਈ ਸਿਆਹੜ ਪਿੰਡ ਵਿਖੇ ਸੰਪਨ ਕਰਨ ਤੋਂ ਬਾਅਦ ਖੋਟੇ ਪਿੰਡ ਵਿਚ ਸੰਨ ੧੮੬੩ ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਮੁੰਡੇ ਕੁੜੀਆਂ ਦੀ ਸ਼ਾਦੀ ਲਈ ਅਨੰਦ ਮਰਿਆਦਾ ਆਰੰਭ ਕੀਤੀ ਸੀ। ਹੁਣ ਮਾਈਆਂ ਭਾਈਆਂ ਦੇ ਬਰਾਬਰ ਜੀਵਨ ਦੇ ਹਰ ਖੇਤਰ ਵਿਚ ਵਿਚਰਨ ਦੇ ਸਮਰਥ ਸਨ। ਪੂਰੇ ਸਤਿਗੁਰੂ ਨੇ ਉਹਨਾਂ ਦੇ ਗਲਾਂ ਵਿਚੋਂ ਬਸਤੀਵਾਦੀਆਂ ਅਤੇ ਜਗੀਰਦਾਰਾਂ ਦੀ ਗ਼ੁਲਾਮੀ ਦੇ ਦੂਹਰੇ ਤੌਂਕ ਲਾਹ ਸੁੱਟੇ ਸਨ। ਇਸਤਰੀ ਪ੍ਰਤਿਭਾ ਦੀ ਮੌਲਿਕਤਾ ਨੇ ਆਪਣੇ ਮਨ ਮਸਤਕ ਵਿਚੋਂ ਸਦੀਆਂ ਦੇ ਜਾਲੇ ਵਗਾਹ ਮਾਰੇ ਅਤੇ ਉਹਨਾਂ ਦਾ ਕਿਰਦਾਰ ਸੰਪੂਰਨਤਾ ਦੀਆਂ ਸਿਖਰਾਂ ਛੋਹਣ ਲੱਗ ਪਿਆ। ਵਕਤ ਦੀ ਗੁੰਮਨਾਮੀ ਵਿਚੋਂ ਬਾਹਰ ਆਕੇ ਉਹ ਇਤਿਹਾਸ ਧਾਰਾ ਦੀਆਂ ਲਹਿਰਾਂ ਨਾਲ ਕਲੋਲ ਕਰਨ ਲੱਗ ਪਈਆਂ ਅਤੇ ਸਮੇਂ ਦੇ ਹਾਣ ਵਿਚ ਹੋ ਕੇ ਹਰ ਹੋਣੀ ਦਾ ਮੁਕਾਬਲਾ ਕਰਨ ਦੀ ਹਿੰਮਤ ਅਤੇ ਹੌਸਲਾ ਉਹਨਾਂ ਵਿਚ ਅੰਗੜਾਈਆਂ ਲੈਣ ਲੱਗ ਪਿਆ। ਜੇ ਪੱਧਰੀ ਪਿੰਡ ਦੀ ਮਾਈ ਸਾਹਬੋ ਅਤੇ ਵਰ੍ਹਿਆਂ ਦੀ ਮਾਈ ਹੁਕਮੀ ਬ੍ਰਹਮ ਗਿਆਨ ਦੇ ਸਾਗਰਾਂ ਵਿਚ ਤਾਰੀਆਂ ਲਾ ਰਹੀਆਂ ਸਨ ਤਾਂ ਮਾਈ ਇੰਦ ਕੌਰ ਅਤੇ ਖੇਮ ਕੌਰ ਮਲੇਰ ਕੋਟਲੇ ਦੇ ਸ਼ਹੀਦੀ ਸਾਕੇ ਵਿਚ ਰਣ ਚੰਡੀ ਦੇ ਵੇਸ ਵਿਚ ਦੇਸ਼ ਦੇ ਦੁਸ਼ਮਣਾਂ ਅਤੇ ਗ਼ੱਦਾਰਾਂ ਨੂੰ ਬੁਲੰਦ ਆਵਾਜ਼ ਵਿਚ ਵੰਗਾਰ ਰਹੀਆਂ ਸਨ।

ਖੁਸ਼ੀ ਦੀ ਗੱਲ ਹੈ ਕਿ ਨਾਮਧਾਰੀ ਭਾਈਚਾਰੇ ਵਿਚ ਇਸ ਸਮੇਂ ਵੀ ਬੀਬੀਆਂ ਆਪਣੀਆਂ ਕਰਤਾਰੀ ਅਤੇ ਸਿਰਜਣਾਤਮਕ ਸ਼ਕਤੀਆਂ ਤੋਂ ਪੂਰੀ ਤਰ੍ਹਾਂ ਸੁਚੇਤ ਹਨ। ਭਾਵੇਂ ਬਹੁਤ ਸਾਰੀਆਂ ਭੈਣਾਂ ਨੇ ਕਲਮ ਦੁਆਰਾ ਸਮਾਜ, ਪੰਥ, ਦੇਸ਼ ਦੀ ਸੇਵਾ ਕੀਤੀ ਹੈ। ਪਰ ਅੱਜ ਦੇ ਪ੍ਰਸੰਗ ਵਿੱਚ ਪ੍ਰਿੰਸੀਪਲ ਬੇਅੰਤ ਕੌਰ ਅਤੇ ਉਹਨਾਂ ਦੀ ਰਚਨਾ-ਪ੍ਰਕਿਰਿਆ ਬਾਰੇ ਹੀ ਗੱਲ ਕੀਤੀ ਜਾਏਗੀ —

ਵਿਰਾਸਤ ਦੇ ਪੱਖੋਂ ਬੀਬੀ ਜੀ ਪੇਕਿਆਂ ਅਤੇ ਸਹੁਰਿਆਂ ਦੋਹਾਂ ਪਰਿਵਾਰਾਂ ਵਾਲੇ ਪਾਸਿਉਂ ਨਾਮਧਾਰੀਆਂ ਦੇ ਇਤਿਹਾਸਿਕ ਪਰਿਵਾਰਾਂ ਨਾਲ ਜੁੜੇ ਹੋਏ ਹਨ। ਉਹਨਾਂ ਦੇ ਪਿਤਾ ਮਿਸਤਰੀ ਗੰਡਾ ਸਿੰਘ, ਸੰਤ ਕੇਸਰ ਸਿੰਘ ਚਵਿੰਡਾ ਵਰਗੇ ਉੱਚ ਕੋਟੀ ਦੇ ਸੰਤਾਂ ਤੋਂ ਵਰੋਸਾਏ, ਸਤਿਗੁਰੂ ਪ੍ਰਤਾਪ ਸਿੰਘ ਦੇ ਅਪਾਰ ਸਨੇਹ ਦੇ ਪਾਤਰ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਸੂਬਾ ਪਦਵੀ ਨਾਲ ਨਿਵਾਜੇ ਗਏ ਸਨ। ਬੀਬੀ ਜੀ ਦੇ ਪਤੀ ਸ. ਸੰਤ ਸਿੰਘ ਹੋਰਾਂ ਦੇ ਨਾਨਾ ਜੀ, ਗੁਰੂ ਹਰੀ ਸਿੰਘ ਜੀ ਦੇ ਪਹਿਲੇ ਪਰਿਵਾਰ ਮਾਤਾ ਸਾਹਿਬ ਕੌਰ ਵਾਲੇ ਵਿਚੋਂ ਉਹਨਾਂ ਦੇ ਦੋਹਤਰੇ ਸਨ। ਇਸ ਤਰ੍ਹਾਂ ਪੰਥਕ ਜਜ਼ਬੇ ਨਾਲ ਲਬਰੇਜ਼ ਇਹ ਰਿਦਾ ਜਦੋਂ ਵੀ ਕਲਮ ਉਠਾਉਂਦਾ ਹੈ ਤਾਂ ਸ਼ਰਧਾ, ਸਿਦਕ, ਭਰੋਸਾ ਅਤੇ ਆਤਮ ਗਿਆਨ ਦੀਆਂ ਝੜੀਆਂ ਲੱਗ ਜਾਂਦੀਆਂ ਹਨ। ਬੀਬੀ ਬੇਅੰਤ ਕੌਰ ਨੇ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਤਿੰਨ ਭਾਸ਼ਾਵਾਂ ਵਿਚ ਐਮ.ਏ. ਕੀਤੀ, ਬੀ.ਟੀ. ਕੀਤੀ ਅਤੇ ਸਿੱਖਿਆ ਦੇ ਖੇਤਰ ਵਿਚ ਅੰਮ੍ਰਿਤਸਰ ਅਤੇ ਹਰਿਦੁਆਰ ਦੇ ਟਰੇਨਿੰਗ ਕਾਲਜਾਂ ਵਿਚ ਅਧਿਆਪਨ ਦਾ ਕੰਮ ਕੀਤਾ। ਸ਼ਹੀਦ ਬਿਸ਼ਨ ਸਿੰਘ ਪਬਲਿਕ ਸਕੂਲ ਦੀ ਦਿੱਲੀ ਵਿਖੇ ਸਥਾਪਨਾ ਹੋਈ ਤਾਂ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਰਕਾਰੀ ਨੌਕਰੀ ਛੱਡ ਕੇ ਇਸ ਦੀ ਪ੍ਰਿੰਸੀਪਲੀ ਸੰਭਾਲ ਲਈ। ਫਿਰ ਜਦੋਂ ਹੁਕਮ ਹੋਇਆ ਤਾਂ ਇਥੋਂ ਵੀ ਪਾਸੇ ਹੋ ਗਏ ਕਿਉਂਕਿ ਉਹ ਆਪਣੇ ਆਪ ਨੂੰ ਪੂਰਨ ਤੌਰ ਤੇ 'ਗੁਰੂ ਕੀ ਕਾਰ" ਵਿਚ ਸਮਝਦੇ ਹਨ ਅਤੇ ਉਹਨਾਂ ਦਾ ਭਰੋਸਾ ਹੈ ਕਿ ਹੋਰ ਵਡੇਰੇ ਕਾਰਜ ਉਹਨਾਂ ਤੋਂ ਸਪੰਨ ਕਰਵਾ ਕੇ 'ਵਿਸ਼ਵ ਨਾਥ' ਨੇ ਉਹਨਾਂ ਨੂੰ ਸਾਰੇ ਸੰਸਾਰ ਵਿਚ ਮਕਬੂਲ ਕਰ ਦੇਣਾ ਹੈ। ਅੱਜ ਕਲ੍ਹ ਉਹ ਮਾਨ ਸਰੋਵਰ ਗਾਰਡਨ, ਨਵੀਂ ਦਿੱਲੀ ਵਿਖੇ ਆਪਣੇ ਪਰਿਵਾਰ ਸਮੇਤ ਰਹਿ ਰਹੇ ਹਨ। ਪਰ ਉਨ੍ਹਾਂ ਦਾ ਜ਼ਿਆਦਾ ਵਕਤ ਪਠਨ ਪਾਠਨ ਅਤੇ ਲਿਖਣ ਵਿਚ ਹੀ ਬਤੀਤ ਹੁੰਦਾ ਹੈ।

ਬੀਬੀ ਜੀ ਨੇ ਪਹਿਲੀ ਪੁਸਤਕ, ਆਪਣੇ ਪਿਤਾ 'ਪੰਥ ਰਤਨ ਸੂਬਾ ਗੰਡਾ ਸਿੰਘ" ਦੇ ਜੀਵਨ ਚਰਿੱਤਰ ਬਾਰੇ ੧੯੯੦ ਈ. ਵਿਚ ਪ੍ਰਕਾਸ਼ਿਤ ਕਰਵਾ ਦਿੱਤੀ ਸੀ, ਸੂਬਾ ਜੀ ਦਾ ਜਨਮ ੧੯੯੫ ਈ. ਵਿਚ ਗੋਦਲਾਂ ਵਾਲੇ ਜ਼ਿਲ੍ਹਾ ਗੁਜਰਾਂ ਵਾਲਾ (ਹੁਣ ਪਾਕਿਸਤਾਨ ਦਾ ਪੱਛਮੀ ਪੰਜਾਬ) ਵਿਖੇ ਹੋਇਆ। ਬਾਅਦ ਵਿਚ ਉਹ ਸ਼ਹਿਰ ਗੁਜਰਾਂਵਾਲੇ ਵੱਸ ਗਏ। ਨੇੜੇ ਹੀ ਏਮਨਾਬਾਦ ਦਾ ਇਤਿਹਾਸਕ ਕਸਬਾ ਸੀ ਜਿੱਥੇ



Sri Satguru Jagjit Singh Ji eLibrary NamdhariElibrary@gmail.com

ਗੁਰੂ ਨਾਨਕ ਦੇਵ ਜੀ ਆਪਣੇ ਮਿੱਤਰ ਭਾਈ ਲਾਲੋ ਤਰਖਾਣ ਨੂੰ ਨਿਵਾਜਿਆ ਕਰਦੇ ਸਨ। ਬੀਬੀ ਜੀ ਲਿਖਦੇ ਹਨ—

"ਸੂਬਾ ਗੰਡਾ ਸਿੰਘ ਜੀ ਦਸਦੇ ਸਨ, ਕਿ ਬਚਪਨ ਤੋਂ ਹੀ ਉਨ੍ਹਾਂ ਨੂੰ ਸਾਧ-ਸੰਗਤ ਦੀ ਸੇਵਾ ਦਾ ਬੜਾ ਸ਼ੌਕ ਸੀ। ਗੁਰਦਵਾਰੇ ਜਾਕੇ ਜਲ ਛਕਾਉਣ ਦੀ ਸੇਵਾ ਕਰਨ ਵਿਚ ਉਨ੍ਹਾਂ ਨੂੰ ਖਾਸ ਸੁਆਦ ਆਉਂਦਾ ਸੀ। ਖਾਸ ਕਰਕੇ ਹਰ ਮਹੀਨੇ ਏਮਨਾਬਾਦ, ਰੋੜੀ ਸਾਹਿਬ ਗੁਰਦੁਆਰੇ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਸੇ ਵਕਤ ਰੋੜਾਂ ਦੀ ਵਿਛਾਈ ਕੀਤੀ ਸੀ, ਜਿਥੇ ਗੁਰੂ ਜੀ ਨੇ ਭਾਈ ਲਾਲੋ ਦੇ ਘਰੋਂ ਕੋਧਰੇ ਦਾ ਪ੍ਰਸ਼ਾਦਾ ਛਕਿਆ ਤੇ ਮਲਕ ਭਾਗੋ ਦੀਆਂ ਪੂਰੀਆਂ ਕਚੌਰੀਆਂ ਵਿਚੋਂ ਪਾਪ ਦੀ ਕਮਾਈ ਦਾ ਲਹੂ ਕੱਢਕੇ ਵਿਖਾਇਆ ਸੀ। ਉਥੇ ਜਾ ਕੇ ਸੇਵਾ ਕਰਦੇ ਹੁੰਦੇ ਸਨ।"...... (ਸੂਬਾ ਗੰਡਾ ਸਿੰਘ ਸਫਾ ੨੭)

ਨਾਮਧਾਰੀ ਪੰਥ ਵਿਚ ਤਿੰਨ ਸੰਤ ਕੇਸਰ ਸਿੰਘ ਬਹੁਤ ਪ੍ਰਸਿੱਧ ਹੋਏ ਹਨ— ਇਕ ਸੰਤ ਕੇਸਰ ਸਿੰਘ ਮੁਹਾਵੇ ਵਾਲੇ ਕੇਸਰ ਕਿੱਲੀ...... ਗਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਦੇ ਪ੍ਰੇਰਨਾ —ਸਰੋਤ। ਦੂਜੇ ਸੰਤ ਕੇਸਰ ਸਿੰਘ ਜੀ ਚੁੱਪ, ਸੇਖਵਾਂ ਜ਼ਿਲ੍ਹਾ ਗੁਜਰਾਂਵਾਲਾ ਅਤੇ ਤੀਜੇ ਸੰਤ ਕੇਸਰ ਸਿੰਘ, "ਚਵਿੰਡਾ" ਜ਼ਿਲ੍ਹਾ ਸਿਆਲਕੋਟ। ਸੰਤ ਇੰਦਰ ਸਿੰਘ 'ਚੱਕਰਵਰਤੀ' ਲਿਖਦੇ ਹਨ—

"ਮੈਂ ਮਸਤਾਂ ਦੇ ਸਰਦਾਰ, ਸੰਤ ਕੇਸਰ ਸਿੰਘ ਜੀ ਚਵਿੰਡਾ ਦੇ ਗੁਜਰਾਂ ਵਾਲੇ ਜਾਕੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਦਰਸ਼ਨ ਕੀਤੇ ਹਨ। ਉਹ ਜਦ ਬਾਂਹ ਖੜੀ ਕਰ ਕੇ 'ਹਾਇ' ਧੰਨ ਸਤਿਗੁਰੂ ਰਾਮ ਸਿੰਘ ਜੀ ਆਖਦੇ ਕਲੇਜਾ ਕੱਢ ਖੜਦੇ।" ...(ਕੂਕਿਆਂ ਬਾਰੇ, ਸਫਾ ੩੦੦)

ਚਵਿੰਡੇ ਵਾਲੇ ਸੰਤਾਂ ਨੇ ਜਦੋਂ ਮਿਸਤਰੀ ਗੰਡਾ ਸਿੰਘ ਹੋਰਾਂ ਨੂੰ ਨਾਮ ਦੀ ਦਾਤ ਦਿੱਤੀ ਤਾਂ ਅਖੌਤੀ ਧਰਮ ਪ੍ਰਚਾਰਕਾਂ ਵਾਂਗੂ ਲੰਮੇ ਚੌੜੇ ਨਸੀਹਤ ਨਾਮੇ ਦਾ ਬਖਾਨ ਨਹੀਂ ਕੀਤਾ ਸਗੋਂ ਇਹ ਕਿਹਾ, "ਭਾਈ, ਤੂੰ ਮਾਸ ਤੇ ਨਹੀਂ ਖਾਂਦਾ, ਸ਼ਰਾਬ ਤਾਂ ਨਹੀਂ ਪੀਂਦਾ, ਪਰ ਜੇ ਖਾਂਦਾ ਹੈ ਤਾਂ ਖਾਈ ਜਾਵੀਂ, ਜੇ ਪੀਂਦਾ ਹੈ ਤਾਂ ਪੀਵੀ ਜਾਵੀਂ, ਛੁਡਾਣ ਵਾਲੇ ਨੇ ਆਪੇ ਛੁਡਾ ਲੈਣਾ ਹੈ" (ਸਫਾ ੨੯)

ਇਹ ਪੁਸਤਕ ਬੀਬੀ ਜੀ ਦੇ ਪੂਜਨੀਕ ਪਿਤਾ ਜੀ ਨਾਲ ਸੰਤ ਕੇਸਰ ਸਿੰਘ ਚਵਿੰਡਾ ਵਾਲਿਆਂ ਦੀਆਂ ਜੀਵਨ ਸਾਖੀਆਂ ਦਾ ਸਰਸ ਤੇ ਸਰਲ ਸ਼ੈਲੀ ਵਿਚ ਵਰਣਨ ਕਰਦੀ ਹੈ।

ਸੰਤ ਕੇਸਰ ਸਿੰਘ ਪਿੰਡ ਸਖਾਣੇ ਦੇ ਹੁਕਮ ਸਿੰਘ 'ਸ਼ਾਹ' ਪਾਸ ਰਿਹਾ ਕਰਦੇ ਸਨ। ਇਕ ਵੇਰ ਸ਼ਾਹ ਜੀ ਦੀ ਪੁੱਤਰੀ ਨੂੰ ਉਸਦੇ ਘਰ ਪੁਚਾਉਣ ਦੀ ਸੇਵਾ ਸੰਤ ਕੇਸਰ ਸਿੰਘ ਹੋਰਾਂ ਨੂੰ ਮਿਲ ਗਈ। ਜਾਂਦਿਆਂ ਉਹ ਵੀਹ ਕੋਹ ਘੋੜੀ ਦੇ ਨਾਲ ਨਾਲ ਤੁਰੇ ਗਏ ਜਿਸ ਤੇ ਬੀਬੀ ਸੁਆਰ ਸੀ। ਵਾਪਸੀ ਤੇ ਸੰਤਾਂ ਆਪ ਤੇ ਘੋੜੀ ਤੇ ਕੀ ਚੜਨਾਂ ਸੀ ਘੋੜੀ ਦਾ ਤਾਹਰੂ ਤੇ ਕਾਠੀ ਵੀ ਆਪਣੇ ਸਿਰ ਤੇ ਚੁੱਕ ਲਈ ਤੇ ਘੋੜੀ ਦੀ ਲਗਾਮ ਫੜੀ ਵੀਹ ਕੋਹ ਵਾਟ ਪੈਰੀ ਮੁਕਾ ਲਈ ਸਿਰ ਦੇ ਭਾਰ ਸਣੇ। ਜਦੋਂ ਉਹਨਾਂ ਨੂੰ ਘੋੜੀ ਤੇ ਨਾਂ ਚੜ੍ਹਨ ਬਾਰੇ ਪੁੱਛਿਆ ਤਾਂ ਬੋਲੇ—

"ਸ਼ਾਹ ਜੀ, ਮੈਨੂੰ ਭਾਸਿਆ ਸੀ ਕਿ ਜਾਂਦੀ ਵਾਰੀ ਘੋੜੀ ਤੇ ਕਾਫੀ ਭਾਰ ਸੀ ਤੇ ਬੀਬੀ ਜੀ ਭੀ ਚੜ੍ਹੇ ਹੋਏ ਸਨ ਤੇ ਘੋੜੀ ਥੱਕ ਗਈ ਹੋਵੇਗੀ ? ਆਖਰ ਇਸ ਦੇ ਵਿਚ ਵੀ ਸਾਡੇ ਵਰਗੀ ਜਾਨ ਹੈ। ਇਸ ਵਾਸਤੇ ਮੈਂ ਹੁਣ ਘੋੜੀ ਨੂੰ ਕਿਸੇ ਤਰ੍ਹਾਂ ਦੀ ਖੇਚਲ ਦੇਣੀ ਯੋਗ ਨਹੀਂ ਸੀ ਸਮਝੀ ਫਿਰ ਵੀ ਰਸਤੇ ਦੀ ਕਾਫੀ ਥਕਾਵਟ ਇਸਨੂੰ ਹੋ ਗਈ ਹੋਵੇਗੀ।" ਸ਼ਾਹ ਜੀ ਤੇ ਹੋਰ ਵੇਖਣ ਵਾਲੇ ਸਭ ਲੋਕ ਸੰਤਾਂ ਦੇ ਇਸ ਕੋਮਲ ਤੇ ਦਿਆਲੂ ਸੁਭਾਵ ਤੋਂ ਬਹੁਤ ਪ੍ਰਭਾਵਿਤ ਹੋਏ। (.... ਸਫਾ ੧੬)

ਅੱਜ ਕਲ੍ਹ ਪਸ਼ੂਆਂ ਤੇ ਅੱਤਿਆਚਾਰ ਰੋਕਣ ਦੀਆਂ ਕਈ ਸਰਕਾਰੀ ਤੇ ਗੈਰ ਸਰਕਾਰੀ ਸੰਸਥਾਵਾਂ ਕਾਰਜਸ਼ੀਲ ਹਨ। ਪਰ ਅੱਜ ਤੋਂ ਤਕਰੀਬਨ ਸੌ ਵਰ੍ਹਾ ਪਹਿਲਾਂ ਇਹੋ ਜਿਹਾ ਆਚਰਣ ਬੇਜ਼ੁਬਾਨੇ ਪਸ਼ੂਆਂ ਨਾਲ ਕਰਨਾ ਕਿਸੇ ਮਹਾਂਪੁਰਖ ਦਾ ਹੀ ਸ਼ੇਵਾ ਹੋ ਸਕਦਾ ਹੈ।

ਸੂਬਾ ਜੀ ਨੇ ਪਹਿਲੇ ਹਵਨ ਯੱਗ ਸਮੇਂ ਇਕ ਐਸੇ ਯੰਤਰ ਦੀ ਈਜਾਦ ਕੀਤੀ ਜੋ ਹਵਨ ਦੀ ਅਗਨੀ ਤੇ ਘਿਓ ਅਤੇ ਫਿਰ ਜਲ ਦੇ ਛਿੱਟੇ ਆਪੇ ਹੀ ਸੁੱਟਦਾ ਸੀ। ਉਹਨਾਂ ਨੂੰ ਰਾਗ ਤਾਰ ਦੀਆਂ ਬਾਰੀਕੀਆਂ ਦੀ ਵੀ ਸੋਝੀ ਸੀ। ਗੁਜਰਾਂਵਾਲੇ ਤੋਂ ਬਾਦ ਦਿੱਲੀ ਦੀ ਨਾਮਧਾਰੀ ਸੰਗਤ ਨੂੰ ਨਿਵਾਜਦੇ ਹੋਏ ਇਹ ਵੱਡਾ— ਪਰਵਾਰੀ ਸੂਬਾ ਜੀ ੧੯੯੯ ਈ. ਵਿਚ ਅਕਾਲ ਚਲਾਣਾ ਕਰ ਗਏ। ਕਿਰਤੱਗ ਪੁੱਤਰੀ ਵੱਲੋਂ ਇਹ ਜੀਵਨ ਸਾਖੀਆਂ ਲਿਖ ਕੇ ਗੁਰਸਿੱਖ ਪਿਤਾ ਦੀ ਯਾਦ ਨੂੰ ਸਦੀਵੀ ਤੇ ਸੱਚਾ ਢੋਆ ਭੇਟ ਕੀਤਾ ਗਿਆ ਹੈ।

ਬੀਬੀ ਜੀ ਦੀ ਦੂਸਰੀ ਪੁਸਤਕ "ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਹੋਲੇ ਮਹੱਲੇ" ੧੯੯੧ ਈ. ਵਿਚ ਛਪੀ, ਜਦੋਂ ਨਾਮਧਾਰੀ ਦਰਬਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪਹਿਲੀ ਅਵਤਾਰ ਸ਼ਤਾਬਦੀ ਮਨਾ ਰਿਹਾ ਸੀ। ੧੯੦੬ ਈ. ਵਿਚ ਮਾਨਾਂਵਾਲਾ ਜ਼ਿਲ੍ਹਾ ਸ਼ੇਖ਼ੂਪੁਰਾ ਵਿਚ ਨੇਤਰਾਂ ਦੀ ਤਕਲੀਫ ਕਾਰਨ ਗੁਰੂ ਹਰੀ ਸਿੰਘ ਜੀ ਹੋਲੇ ਤੇ ਨਹੀਂ ਪੁੱਜੇ ਸਨ। ਸਾਹਿਬਜ਼ਾਦੇ ਪ੍ਰਤਾਪ ਸਿੰਘ ਹੋਰਾਂ ਨੂੰ ਦੋਹਾਂ ਮਾਤਾਵਾਂ, ਮਾਤਾ ਜੀਊਣ ਕੌਰ ਜੀ ਅਤੇ ਫਤੇਹ ਕੌਰ ਜੀ ਸਮੇਤ ਭੇਜਿਆ। ਈਸਵੀ ੧੯੦੭ ਵਿਚ ਨੁਸ਼ਹਿਰਾ ਜ਼ਿਲ੍ਹਾ ਗੁਜਰਾਤ ਵਿਚ ਪਹਿਲੇ ਅਤੇ ਸ੍ਰੀ ਜੀਵਨ ਨਗਰ ਜ਼ਿਲ੍ਹਾ ਸਿਰਸਾ (ਹਰਿਆਣਾ) ਵਿਖੇ ੧੯੫੯ ਈ. ਵਿਚ ਅੰਤਿਮ ਹੋਲੇ ਵਿਚ ਦਰਸ਼ਨ ਦਿੱਤੇ।

ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀਆਂ ਦੀ ਬਜਾਏ ਹੋਲੇ ਦੀ ਪਰੰਪਰਾ ਵਿਚ ਜੰਗਜੂ ਖਾਲਸੇ ਦੇ ਰੂਪ ਨੂੰ ਪ੍ਰਵਾਨਗੀ ਦਿੱਤੀ



Sri Satguru Jagjit Singh Ji eLibrary NamdhariElibrary@gmail.com

ਜਿੱਥੇ ਸ਼ੱਸਤਰਬੱਧ ਹੋ ਕੇ ਸਿੰਘਾਂ ਦੇ ਦਲ ਚੜ੍ਹਦੇ ਅਤੇ ਵੈਰੀਆਂ ਨਾਲ ਨਕਲੀ ਲੜਾਈਆਂ ਮੁੱਠ-ਭੇੜਾਂ ਦਾ ਅਭਿਆਸ ਵੀ ਹੁੰਦਾ। ਪ੍ਰਿੰਸੀਪਲ ਬੇਅੰਤ ਕੌਰ ਕਵੀ ਨਿਹਾਲ ਸਿੰਘ ਨੂੰ ਉਦਰਿਤ ਕਰਦੇ ਹਨ-

**"ਬਰਛਾ ਢਾਲ ਕਟਾਰਾ ਤੇਗਾ ਕੜਛਾ ਦੇਗਾ ਗੋਲਾ ਹੈ**
**ਛਕਾ ਪ੍ਰਸਾਦ ਸਜਾ ਦਸਤਾਰਾ ਅਰੁ ਕਰ ਦੋਨਾ ਟੋਲਾ ਹੈ,**
**ਸੁਭਟ ਸੁਚਾਲਾ ਅਰ ਲਖ ਬਾਹਾ ਕਲਗਾ ਸਿੰਘ ਸੁਚੋਲਾ ਹੈ,**
**ਅਪਰ ਮਛਹਿਰਾ ਦਾੜ੍ਹਾ ਜੈਸੇ, ਤੈਸੇ ਬੋਲਾ ਹੋਲਾ ਹੈ।"**

(ਹੋਲਾ ਮਹੱਲੇ ਸਫਾ ੩੦)

ਲੱਗਦਾ ਹੈ ਕਿ ਸਿੰਘਾਂ ਨੇ ਸਾਰੀ ਵਿਆਕਰਣ ਹੀ ਉਲਟਾ ਦਿੱਤੀ ਹੈ ਸਾਰੇ ਇਸਤਰੀ ਲਿੰਗ ਸ਼ਬਦਾਂ ਨੂੰ ਪੁਲਿੰਗ ਵਿਚ ਬਦਲ ਕੇ। ਆਸ ਹੈ ਨਾਰੀ ਮੁਕਤੀ ਵਾਲੇ ਖਿਮਾ ਕਰਨਗੇ।

ਸਤਿਗੁਰੂ ਰਾਮ ਸਿੰਘ ਜੀ ਨੇ ਜਦੋਂ ਪੰਜਾਬ ਵਿਚ ਦੁਬਾਰਾ ਖਾਲਸੇ ਨੂੰ ਸਾਜਿਆ ਤਾਂ ਉਹਨਾਂ ਨੇ ਵੀ ਹੋਲੇ ਦੇ ਤਿਉਹਾਰ ਦੀ ਸਮਾਜਿਕ, ਧਾਰਮਿਕ, ਸਭਿਆਚਾਰਕ ਅਤੇ ਸਿਆਸੀ ਪਛਾਣ ਨੂੰ ਕਾਇਮ ਰੱਖਦਿਆਂ ਪੰਜਾਬ ਦੇ ਵੱਖ-ਵੱਖ ਭਾਗਾਂ ਵਿਚ ੬ ਹੋਲੇ ਮਹੱਲੇ ਕੀਤੇ। ਉਹਨਾਂ ਦਾ ਆਖਰੀ ਹੋਲਾ ੧੮੭੧ ਈ. ਵਿਚ ਆਨੰਦਪੁਰ ਸਾਹਿਬ ਦੀ ਇਤਿਹਾਸਕ ਨਗਰੀ ਵਿਚ ਅਲੌਕਿਕ ਛਬ ਨਾਲ ਸੰਪੂਰਨ ਹੋਇਆ। ਪੁਜਾਰੀਆਂ ਅਤੇ ਤਖਤ ਵਾਲਿਆਂ ਨੇ ਖਦਸ਼ਾ ਪ੍ਰਗਟ ਕੀਤਾ ਸੀ ਕਿ ਕੂਕੇ ਸ਼ਾਇਦ ਕੇਸਗੜ੍ਹ ਸਾਹਿਬ ਤੇ ਕਬਜ਼ਾ ਕਰਨ ਆ ਰਹੇ ਹਨ। ਸਰਕਾਰ ਦੇ ਬੜੇ ਸਖਤ ਪ੍ਰਬੰਧ ਸਨ। ਸਤਿਗੁਰੂ ਜੀ ਨੇ ਸੂਬਾ ਲੱਖਾ ਸਿੰਘ ਜੀ ਨੂੰ ਕੁਝ ਵਿਸ਼ੇਸ਼ ਹਿਦਾਇਤਾਂ ਦੇ ਕੇ ਸਰਕਾਰ ਪਾਸ ਭੇਜਿਆ ਸੀ ਕਿ ਜੇ ਕੋਈ ਸਾਡੀ ਮਰਯਾਦਾ ਤੋਂ ਉਲਟ ਦਾਰੂ ਨਸ਼ੇ ਵਿਚ ਜਾ ਗੰਦ-ਮੰਦ ਬਕਦਾ ਆਏਗਾ ਸੋਧ ਦਿੱਤਾ ਜਾਏਗਾ। ਪ੍ਰਬੰਧ ਵਧੀਆ ਰਿਹਾ। ਉੱਚ ਅਧਿਕਾਰੀ ਵੀ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਆਏ। ਸੰਗਤ ਘੱਟੋ ਘੱਟ ਤੀਹ ਹਜ਼ਾਰ ਸੀ। ਇਸ ਸਮੇਂ ਅਜਿਹੇ ਠਾਠ ਬਣੇ ਵੇਖਕੇ ਕੁਝ ਦਰਸ਼ਕਾਂ ਨੇ ਅਗਲੇ ਵਰ੍ਹੇ ਫਿਰ ਸਤਿਗੁਰੂ ਜੀ ਵੱਲੋਂ ਏਥੇ ਹੀ ਹੋਲਾ ਕਰਨ ਦੀ ਬੇਨਤੀ ਕੀਤੀ। ਭਾਈ ਧਿਆਨ ਸਿੰਘ ਕਾਦਰਾਬਾਦੀ ਦੇ ਸ਼ਬਦਾਂ ਵਿਚ ਸਤਿਗੁਰੂ ਜੀ ਦਾ ਜੁਆਬ ਸੀ ਕਿ ਹੁਣ ਮੇਲੇ ਤਕਦੀਰਾਂ ਦੇ ਹਨ। ਉਹ ਮੁਲਕ ਦੀ ਰਾਜਸੀ, ਸਮਾਜਿਕ, ਸਥਿਤੀ ਨੂੰ ਭਾਂਪਣ ਦੇ ਸਮਰੱਥ ਸਨ ਅਤੇ ਉਹਨਾਂ ਨੂੰ ਦਿਸ ਰਿਹਾ ਸੀ ਕਿ ਹਜ਼ਾਰਾਂ ਸੰਗਤਾਂ ਦੇ ਇਕੱਠ ਵਿਚ ਉਹ ਸੁਤੰਤਰ ਵਿਚਰਦੇ ਬਸਤੀਵਾਦੀ ਹਾਕਮਾਂ ਨੂੰ ਭਾਉਂਦੇ ਨਹੀਂ। ਕਾਦਰਾਬਾਦੀ ਜੀ ਨੂੰ ਵੀ ਬੀਬੀ ਹੋਰਾਂ ਨੇ ਇਸ ਤਰ੍ਹਾਂ ਕੋਟ ਕੀਤਾ ਹੈ-

**"ਬੋਲੇ ਪ੍ਰਭ ਸੁਣੋਹ ਮਮ ਭ੍ਰਾਤ।**
**ਭਾਣੇ ਕੀ ਕਿਛ ਅਚਰਜ ਬਾਤ।**
**...ਪਰਾਲਬਧ ਸੇ ਦੇਖੇ ਹੋਲਾ।**
**ਜਾਇ ਬਦੇਸ ਕੋਇ ਦਿਨ ਚੋਲਾ।**
**ਇਹੋ ਮਹੱਲਾ ਹੋਲਾ ਖੇਲੇ।**
**ਨਦੀਆ ਵਾਹੁ ਸੰਜੋਗੀ ਮੇਲੇ।"**

(ਹੋਲੇ ਮਹੱਲੇ, ਸਫਾ ੩੨)

ਗੁਰੂ ਹਰੀ ਸਿੰਘ ਜੀ ਨੇ ਵੀ ਸਰਕਾਰੀ ਤੌਰ ਤੇ ਮਨਜ਼ੂਰੀ ਲੈ ਕੇ, ਜਦੋਂ ਸਖਤੀਆਂ ਦਾ ਦੌਰ ਕੁਝ ਘਟਿਆ, ੧੮੯੯ ਈ. ਤੋਂ ੧੯੦੫ ਈ. ਤੱਕ ਸੱਤ ਹੋਲੇ ਪੱਛਮੀ ਪੰਜਾਬ ਵਿਚ ਹੀ ਕੀਤੇ। ਉਹਨਾਂ ਦਾ ਆਖਰੀ ਹੋਲਾ ਨੁਸ਼ਹਿਰੇ (ਗੁਜਰਾਤ) ਅਤੇ ਸ੍ਰੀ ਭੈਣੀ ਸਾਹਿਬ ਦੋਹੀਂ ਥਾਈਂ ਹੋਇਆ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮਧਾਰੀ ਹੋਲੇ ਮਹੱਲਿਆਂ ਨੂੰ ਪੰਥ ਦੀ ਖਿਲਰੀ ਪੁੱਲਰੀ ਸ਼ਕਤੀ ਨੂੰ ਸੰਗਠਿਤ ਕਰਨ ਲਈ ਕੇਂਦਰ ਬਿੰਦੂ ਦੇ ਤੌਰ ਤੇ ਵਰਤਿਆ। ਜਿਵੇਂ ਕਿ ਆਮ ਤੌਰ ਤੇ ਹੁੰਦਾ ਹੀ ਹੈ ਜਦੋਂ ਬਾਹਰੋਂ ਦੁਸ਼ਮਣ ਦਾ ਹਮਲਾ ਤੇਜ਼ ਹੋਵੇ, ਓਦੋਂ ਘਰ ਵਿਚੋਂ ਵੀ ਨਵੇਂ ਨਵੇਂ ਸ਼ਰੀਕ ਜੰਮ ਪੈਂਦੇ ਹਨ। ਇਹ ਸਾਧੂ ਸੰਤ ਆਪਣੀਆਂ ਕਥਿਤ ਰਿੱਧੀਆਂ ਸਿੱਧੀਆਂ ਅਤੇ ਇਹਨਾਂ ਦੇ ਪੈਰੋਕਾਰ ਲੋਕਾਂ ਦੀ ਵਿਸ਼ਾਲ ਸੰਖਿਆ ਦੇ ਆਸਰੇ ਹਉਮੈ ਨੂੰ ਹੀ ਪੱਠੇ ਪਾਉਣ ਦੇ ਆਹਰ ਵਿਚ ਰੁੱਝੇ ਰਹਿੰਦੇ ਹਨ। ਪੰਥਕ ਮਸਲੇ ਇਹਨਾਂ ਦੇ ਆਪਣੇ ਸੁਆਰਥ ਅੱਗੇ ਗੌਣ ਹੋ ਜਾਂਦੇ ਹਨ। ਇਹੋ ਜਹੀਆਂ ਕਈ ਮੰਜੀਆਂ ਸਤਿਗੁਰੂ ਪ੍ਰਤਾਪ ਸਿੰਘ ਤੇ ਤਪ ਤੇਜ ਅੱਗੇ ਮੂਧੀਆਂ ਵੱਜ ਗਈਆਂ। ਯੁਵਾ ਸਤਿਗੁਰੂ ਨੇ ਆਪਣੀ ਇਤਿਹਾਸਕ ਅਤੇ ਧਾਰਮਿਕ ਹਸਤੀ ਨੂੰ ਨਾਮਧਾਰੀ ਭਾਈਚਾਰੇ ਵਿਚ ਪਈਆਂ ਤ੍ਰੇੜਾਂ ਨੂੰ ਮੇਟਣ ਲਈ ਬਖੂਬੀ ਵਰਤਿਆ ਅਤੇ ਕੌਮ ਦੇ ਸਲਾਨਾ ਸੰਮੇਲਨ ਹੋਲੇ ਮਹੱਲੇ ਦੀ ਵੱਡੀ ਭੂਮਿਕਾ ਰਹੀ। ਇਸ ਲਈ ਇਹਨਾਂ ਹੋਲਿਆਂ ਮਹੱਲਿਆਂ ਬਾਰੇ ਲਿਖਕੇ ਪ੍ਰਿੰਸੀਪਲ ਜੀ ਨੇ ਆਪਣੇ ਪੰਥ ਦਰਦੀ ਹੋਣ ਦਾ ਸਬੂਤ ਵੀ ਦਿੱਤਾ ਹੈ ਅਤੇ ਬਿਖਰੇ ਇਤਿਹਾਸ ਦੀਆਂ ਤੰਦਾਂ ਨੂੰ ਸੂਤਰਬੱਧ ਕਰਨ ਵਿਚ ਵੀ ਅਹਿਮ ਭੂਮਿਕਾ ਨਿਭਾਹੀ ਹੈ।

ਹਰ ਹੋਲੇ ਮਹੱਲੇ ਤੇ ਆਮ ਤੌਰ ਤੇ ਪਿਛਲੇ ਵਰ੍ਹੇ ਦੀਆਂ ਘਟਨਾਵਾਂ ਦਾ ਲੇਖਾ ਜੋਖਾ ਹੁੰਦਾ ਸੀ ਅਤੇ ਆਉਣ ਵਾਲੇ ਸਮੇਂ ਲਈ ਬਣਨ ਵਾਲੇ ਪ੍ਰੋਗਰਾਮਾਂ ਦੀ ਰੂਪ ਰੇਖਾ ਉਲੀਕੀ ਜਾਂਦੀ ਸੀ। ਬੀਬੀ ਜੀ ਨੇ ਹੋਲਿਆਂ ਦੇ ਵਸਤੂ ਅਤੇ ਰੂਪਕ ਪੱਖ ਤੇ ਇਉਂ ਝਾਤ ਪੁਆਈ ਹੈ-

"ਇਹਨਾਂ ਹੋਲਿਆਂ ਦੇ ਸਮੇਂ ਸਤਿਗੁਰੂ ਜੀ ਦਾ ਆਪਣੇ ਰਾਗੀਆਂ ਸਮੇਤ ਸੁਰੀਲੀਆਂ ਸੁਰਾਂ ਰਾਹੀਂ ਅੰਮ੍ਰਿਤ ਵੇਲੇ ਤੋਂ ਆਸਾ ਦੀ ਵਾਰ ਦਾ ਕੀਰਤਨ ਕਰਨਾ, ਮਨ ਖਿਚਵੀਆਂ ਧੁਨਾਂ ਰਾਹੀਂ, ਢੋਲਕ ਛੈਣਿਆਂ ਦੀ ਗੁੰਜਾਰ ਨਾਲ ਹੱਲੇ ਦੇ ਦੀਵਾਨ ਸਜਾਉਣੇ ਤੇ ਮਸਤਾਨਿਆਂ ਦੇ ਟੋਲਿਆਂ ਦਾ ਮਸਤਾਨੀ ਅਵਸਥਾ ਵਿਚ ਵਿਚਰਨ ਕਰਨਾ, ਮਨ ਮਰਜ਼ੀ ਦੀਆਂ ਤਰਜ਼ਾਂ ਨਾ ਪੜ੍ਹ ਕੇ ਸ਼ੁਧ ਸ਼ਾਸਤ੍ਰੀ ਸੰਗੀਤ ਦੇ ਆਧਾਰ



Sri Satguru Jagjit Singh Ji eLibrary NamdhariElibrary@gmail.com

ਤੇ ਕੀਰਤਨ ਕਰਨਾਂ "ਮਾਘ ਬਤੀਤ ਭਏ ਰੁਤਿ ਫਾਗਣ ਆਇ ਗਈ ਸਭ ਖੇਲਤ ਹੋਰੀ।"

"ਕਵੀ-ਦਰਬਾਰਾਂ ਵਿਚ ਵੱਖ-ਵੱਖ ਵਿਸ਼ਿਆਂ ਤੇ ਕਵਿਤਾਵਾਂ ਨਾਲ ਸਾਧ-ਸੰਗਤ ਨੂੰ ਅਨੰਦਿਤ ਕਰਨਾ, ਨਾਮਧਾਰੀ ਦਰਬਾਰ ਦੀ ਹੋਂਦ ਕਾਇਮ ਕਰਨ ਤੋਂ ਉਪਰੰਤ ਵਿਸ਼ੇਸ਼ ਇਕਤ੍ਰਤਾਵਾਂ ਕਰਕੇ ਕਈ ਤਰ੍ਹਾਂ ਦੇ ਮਤੇ ਪਾਸ ਕਰਨੇ, ਸਮੇਂ-ਸਮੇਂ ਸਿਰ ਉੱਘੇ ਜਥੇਦਾਰਾਂ, ਪ੍ਰਚਾਰਕਾਂ ਨੇ ਨਾਮਧਾਰੀ-ਇਤਿਹਾਸ ਦੇ ਵੱਖ-ਵੱਖ ਵਿਸ਼ਿਆਂ ਤੇ ਸਾਧ-ਸੰਗਤ ਨੂੰ ਗਿਆਨ ਪ੍ਰਦਾਨ ਕਰਕੇ ਸੂਝਵਾਨ ਬਨਾਉਣਾ, ਢਾਡੀਆਂ ਦਾ ਬੀਰ ਰਸ ਦੇ ਗੀਤ ਗਾਇਨ ਕਰਕੇ ਵਾਤਾਵਰਣ ਵਿਚ ਬੀਰ ਰਸ ਪ੍ਰਦਾਨ ਕਰਨਾ, ਹਵਨ ਕਰਕੇ ਵਾਤਾਵਰਣ ਨੂੰ ਸ਼ੁੱਧ ਤੇ ਸੁਗੰਧਮਈ ਬਨਾਉਣਾ, ਅੰਮ੍ਰਿਤ-ਪਾਨ ਕਰਾਕੇ ਕਈ ਸੱਜਣਾਂ ਨੂੰ ਸਿੰਘ ਸਜਾਉਣਾ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਆਦਿ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਉਣੇ, ਸਾਰੀ ਸਾਧ-ਸੰਗਤ ਨੂੰ ਆਪਣੇ ਪਵਿੱਤਰ ਹਸਤ-ਕੰਵਲਾਂ ਨਾਲ ਲੰਗਰ ਛਕਾਉਣਾ, ਸੂਤਰ ਕੱਤਣਾ ਤੇ ਸ਼ੁੱਧ ਪਾਠ ਉਚਾਰਣ ਤੇ ਕਵਿਤਾਵਾਂ ਪ੍ਰਤਿਯੋਗਤਾਵਾਂ (ਕਾਵਿ ਮੁਕਾਬਲੇ) ਕਰਾਕੇ ਸਤਿਗੁਰੂ ਪ੍ਰਤਾਪ ਸਿੰਘ ਜੀ.... ਵਿਜਯੀ ਪ੍ਰਤਿਯੋਗੀਆਂ ਨੂੰ ਪੁਰਸਕਾਰ ਵਿਤਰਣ ਕਰਕੇ ਉਤਸਾਹਿਤ ਕਰਨਾ, ਹੋਲੇ ਮਹੱਲਿਆਂ ਦੀਆਂ ਕੁਝ ਕੁ ਵਿਸ਼ੇਸ਼ਤਾਵਾਂ ਸਨ।" (ਹੋਲੇ ਮਹੱਲੇ....ਸਫਾ ੩੪-੩੫)

੧੯੦੯ ਈ. ਦੇ ਫਿੱਲੌਕੇ ਜ਼ਿਲ੍ਹਾ ਗੁਜਰਾਂਵਾਲੇ ਦੇ ਹੋਲੇ ਦੀ ਖਾਸ ਗੱਲ ਇਹ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਤੋਂ ਵਰੋਸਾਈ, ਗੰਗਾ ਕਿਨਾਰੇ ਕੌਤਕ ਵਾਲੀ, ਮਾਈ ਸਾਹਿਬੋ ਪੱਧਰੀ ਵਾਲੀ ਸਤਿਗੁਰੂ ਪ੍ਰਤਾਪ ਸਿੰਘ ਜੀ ਲਈ ਆਪਣੇ ਹੱਥੀਂ ਸੂਤ ਕੱਤ ਕੇ ਖੱਦਰ ਦਾ ਰੇਜਾ ਭੇਟਾ ਲਿਆਈ। ਉਸਦੇ ਬਸਤਰ ਪਹਿਨਕੇ ਹੀ ਸ੍ਰੀ ਹਜ਼ੂਰ ਨੇ ਸੁਖਮਨੀ ਸਾਹਿਬ ਦੀ ਬਾਣੀ ਕੰਠ ਕੀਤੀ ਸੀ। ਅਗਲੇ ਵਰ੍ਹੇ ਗਿੱਲ ਜ਼ਿਲ੍ਹਾ ਸ਼ੇਖੂਪੁਰਾ ਦੇ ਹੋਲੇ ਸਮੇਂ ਮਸਤੀ ਦਾ ਜੋ ਆਲਮ ਬਣਿਆ, ਸਤਿਗੁਰੂ ਜੀ ਉਸਦਾ ਅਕਸਰ ਜ਼ਿਕਰ ਕਰਿਆ ਕਰਦੇ ਸਨ ਕਿ ਉਹ ਖਾਸ ਹੀ ਸਮਾਂ ਸੀ। ਅਨੋਖੇ ਰਸ ਵਾਲਾ।

੧੯੧੪ ਈ. ਦੇ ਖੋਟੇ (ਫਿਰੋਜ਼ਪੁਰ) ਦੇ ਹੋਲੇ ਸਮੇਂ ਸੰਤ ਕੇਸਰ ਸਿੰਘ ਮੁਹਾਵੇ ਵਾਲੇ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਿਰ ਤੇ ਹੱਥ ਰੱਖ ਕੇ ਕਿਹਾ "ਬੱਚਾ ਰਾਜੀ ਏਂ।" ਤੇ ਫਿਰ ਉਸੇ ਮਸਤਾਂ ਦੇ ਸਰਦਾਰ ਨੇ ਦੂਜੇ ਪਲ ਹੱਥ ਜੋੜ ਦਿੱਤੇ, "ਪਾਤਸ਼ਾਹ ਤੂੰ ਪਹਿਰੇ ਤੇ ਸਮੇਂ ਦਾ ਮਾਲਕ ਏਂ। ਇਸ ਕੇਸਰ ਨੂੰ ਮਾਫ ਕਰ ਦੇ।" ਇਸ ਤਰ੍ਹਾਂ ਦੀ ਮਸਤ ਬਿਰਤੀ ਦਾ ਪਰਿਚਯ ਸੰਤ ਜਿਊਣ ਸਿੰਘ ਸਿਰਹਾਲੀ ਵਾਲੇ ੧੯੧੧ ਈ. ਦੇ ਲਾਹੌਰ ਦੇ ਹੋਲੇ ਸਮੇਂ ਦੇ ਚੁੱਕੇ ਸਨ।

੧੯੨੦ ਈ. ਦੇ ਵਰਨ (ਸ਼ੇਖੂਪੁਰਾ) ਪਿੰਡ ਦੇ ਹੋਲੇ ਦੀ ਵਿਸ਼ੇਸ਼ਤਾ ਸੀ, ਨਾਮਧਾਰੀ ਪੰਥ ਦੇ ਬੁਲਾਰੇ "ਸਤਿਜੁਗ" ਅਖਬਾਰ ਦਾ ਸ਼ੁਰੂ ਹੋਣਾ। ਇਹ ਉਦੋਂ ਲਾਹੌਰ ਤੋਂ ਛਪਦਾ ਹੁੰਦਾ ਸੀ। ਵਰਨਾਂ ਦੇ ਹੋਲੇ ਸਮੇਂ ਤੰਬੂਆਂ ਆਦਿ ਸਮਾਨ ਦੇ ਕਿਰਾਏ ਦਾ ਬਕਾਇਆ ਦੋ ਸੌ ਰੁਪੈ ਸੰਤ ਆਲਾ ਸਿੰਘ ਜੀ ਨੇ ਆਪਣੇ ਜਥੇ ਸਮੇਤ ਦੋ ਮਹੀਨੇ ਸੰਤ ਸੁੰਦਰ ਸਿੰਘ ਪਾਸ ਗਹਿਣੇ ਪੈ ਕੇ ਪੂਰਾ ਕੀਤਾ। ਲੋਕ ਜ਼ਮੀਨ ਜਾਇਦਾਦ ਤਾਂ ਗਹਿਣੇ ਪਾਉਂਦੇ ਸਨ, ਪਰ ਕੂਕਿਆਂ ਨੇ ਸਾਰਾ ਜਥਾ ਹੀ ਗਹਿਣੇ ਪਾ ਦਿੱਤਾ ਸੀ। ਢੋਟੀਆਂ (ਲਾਇਲਪੁਰ) ਦੇ ੧੯੨੩ ਈ. ਵਿਚ ਹੋਏ ਹੋਲੇ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨੇਜੇਬਾਜੀ ਦੇ ਜੌਹਰ ਵਿਖਾਏ। ਕਿਸੇ ਦੇ ਇਹ ਕਹਿਣ ਤੇ ਕਿ ਇਹ ਕਰਾਮਾਤ ਹੈ, ਸਤਿਗੁਰੂ ਜੀ ਨੇ ਕਿਹਾ, "ਇਹ ਕਰਾਮਾਤ ਨਹੀਂ, ਇਹ ਕਸਰਤ ਹੈ। ਮੈਂ ਨਿੱਤ ਦੌੜਦਾ ਹਾਂ, ਉਛਲਦਾ ਹਾਂ ਤੇ ਘੋੜੇ ਤੇ ਚੜ੍ਹਦਾ ਹਾਂ।" (... ਹੋਲੇ ਮਹੱਲੇ-ਸਫਾ ੫੫)

੧੯੩੩ ਈ. ਦੇ ਹੋਲੇ ਸਮੇਂ ਹੋਏ ਕਵੀ ਦਰਬਾਰ ਵਿਚ ਸ੍ਰੀ ਭੈਣੀ ਸਾਹਿਬ ਪਹਿਲਾ ਇਨਾਮ ਲਾਲ ਸਿੰਘ ਕੰਵਰ (ਬਾਦ ਵਿਚ ਪ੍ਰਸਿੱਧ ਇਨਕਲਾਬੀ ਆਗੂ, ਪ੍ਰਚਾਰਕ ਤੇ ਕਵੀ ਬਣੇ। ਤੇ ਦੂਜਾ ਗੁਰਬਖਸ਼ ਸਿੰਘ ਉਰਫ ਗੋਧਾ ਸਿੰਘ ਜੱਟ ਨੂੰ ਮਿਲਿਆ।

ਸਤਿਗੁਰੂ ਰਾਮ ਸਿੰਘ ਦਾ ਬ੍ਰਿਹਾ ਜਿੰਨੀ ਸ਼ਿੱਦਤ ਨਾਲ ਕੂਕਿਆਂ ਨੇ ਹੰਡਾਇਆ ਹੈ ਇਸਦੀ ਮਿਸਾਲ ਨਹੀਂ। ਬੰਕੋਕ (ਥਾਈਲੈਂਡ) ਦੇ ੧੯੫੦ ਈ. ਦੇ ਹੋਲੇ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੋਲੇ ਬਾਰੇ ਬਚਨ ਕੀਤਾ—

"ਹੋਲਾ, ਸਾਡਾ ਕਾਹਦਾ ਹੋਲਾ ਹੈ, ਹੋਲਾ ਤਾਂ ਹੀ ਹੋ ਸਕਦਾ ਹੈ, ਜੇ ਉਹ ਸਤਿਗੁਰੂ ਦਾ ਦਰਸ਼ਨ ਹੋਵੇ, ਉਸੇ ਤਰ੍ਹਾਂ ਸਾਧ-ਸੰਗਤ ਵਿਚ ਅਨੰਦ ਹੋਵੇ, ਸਿੱਖਾਂ ਵਿਚ ਈਰਖਾ ਦਵੈਸ਼ ਨਾ ਰਹੇ, ਦੁਨੀਆਂ ਉੱਤੇ ਕੋਈ ਦੁਖੀ ਨਾ ਰਹੇ, ਕਿਸੇ ਜਾਨਵਰ ਨੂੰ ਕੋਈ ਦੁੱਖ ਨਾ ਦੇਵੇ।" ਕਿਉਂਕਿ

"ਸਤਿਗੁਰੂ ਸਭਨਾਂ ਦਾ ਭਲਾ ਮਨਾਇੰਦਾ।"

(...ਹੋਲੇ ਮਹੱਲੇ... ਸਫਾ ੧੦੯)

੧੯੫੯ ਈ. ਵਿਚ ਸਤਿਗੁਰੂ ਜੀ ਦਾ ਆਖਰੀ ਹੋਲਾ ਸ੍ਰੀ ਜੀਵਨ ਨਗਰ ਦੀ ਪੁੰਨ ਭੂਮੀ ਤੇ ਹੋਇਆ। ਇਹ ਉਹ ਸਮਾਂ ਸੀ ਜਦੋਂ ਪੰਜਾਬ ਵਿਚ ਕੈਰੋਂਸ਼ਾਹੀ ਕਿਸਾਨਾਂ, ਮਜ਼ਦੂਰਾਂ, ਕਰਮਚਾਰੀਆਂ ਤੇ ਹੋਰ ਅੰਦੋਲਨਰਤ ਤਬਕਿਆਂ ਤੇ ਕਹਿਰ ਬਰਸਾ ਰਹੀ ਸੀ। ਸਤਿਗੁਰੂ ਰਾਮ ਸਿੰਘ ਜੀ ਦੀ ਗਊ ਗਰੀਬ ਦੀ ਰਖਿਆ ਦੀ ਇਨਕਲਾਬੀ ਵਸੀਅਤ ਦੇ ਪੈਰੋਕਾਰ ਸਤਿਗੁਰੂ ਜੀ ਇਸ ਸਭ ਬਾਰੇ ਚੁੱਪ ਕਿਵੇਂ ਰਹਿ ਸਕਦੇ ਸਨ। ਪ੍ਰਿੰਸੀਪਲ ਸਾਹਿਬਾ ਲਿਖਦੇ ਹਨ —

"ਬੈਟਰਮੈਂਟ ਟੈਕਸ ਬਾਰੇ ਸਤਿਗੁਰੂ ਜੀ ਨੇ ਗਹਿਰੇ ਦੁਖ ਦਾ ਪ੍ਰਗਟਾਵਾ ਕਰਦਿਆਂ ਫੁਰਮਾਇਆ, "ਬੈਟਰਮੈਂਟ ਕਿਸਾਨਾਂ ਨਾਲ ਬੜਾ ਅਨਿਆਇ ਹੈ। ਕਿਸਾਨਾਂ ਦੀਆਂ ਇਸ ਮਸਲੇ ਤੇ ਗ੍ਰਿਫਤਾਰੀਆਂ ਅਤੇ ਤਸ਼ੱਦਦ ਕੋਈ ਸਿਆਣੀ ਨੀਤੀ ਨਹੀਂ।



Sri Satguru Jagjit Singh Ji eLibrary NamdhariElibrary@gmail.com

ਸੱਚਮੁੱਚ ਗਰੀਬ ਕਿਸਾਨਾਂ ਦਾ ਦੋ ਸਾਲਾਂ ਦੀਆਂ ਜ਼ਰਈ ਉਪਜਾਂ ਕਮਜ਼ੋਰ ਪੈਦਾ ਹੋਣ ਨਾਲ ਤੇ ਅੰਨ ਦੀ ਅੱਤਿ ਦੀ ਮਹਿੰਗਾਈ ਕਰਕੇ ਲੱਕ ਟੁੱਟਾ ਪਿਆ ਹੈ। ਉੱਤੋਂ ਬੈਟਰਮੈਂਟ ਟੈਕਸ ਦਾ ਲਗਾਉਣਾ ਕੋਈ ਨਿਆਇ ਸੰਗਤ ਨਹੀਂ। ਸਤਿਗੁਰੂ ਜੀ ਜ਼ਿਕਰ ਕੀਤਾ ਕਿ ਕਾਂਗਰਸ ਸਰਕਾਰਾਂ, ਗਰੀਬ ਵੱਸੋਂ ਵੱਲ ਉੱਕਾ ਹੀ ਬੇਧਿਆਨੀ ਵਰਤ ਰਹੀਆਂ ਹਨ। ਭ੍ਰਿਸ਼ਟਾਚਾਰ ਜ਼ਿੰਦਾਬਾਦ ਤੇ ਮੁਖਾਲਿਫਾਂ ਵੱਲ ਕੱਟੜ ਰਵੱਈਆ, ਮੌਜੂਦਾ ਸਰਕਾਰਾਂ ਦੀ ਅਧੋਗਤੀ ਦੀਆਂ ਨਿਸ਼ਾਨੀਆਂ ਹਨ।"

ਇਉਂ ਅਸੀਂ ਵੇਖਦੇ ਹਾਂ ਕਿ "ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੋਲੇ ਮਹੱਲੇ" ਪੁਸਤਕ ਵਿਚ ਬੀਬੀ ਜੀ ਨੇ ਕਾਫੀ ਮਿਹਨਤ ਕੀਤੀ ਹੈ। ਪ੍ਰੰਤੂ ਤੱਥਾਂ ਦਾ ਵਰਣਨ ਕਰਨ ਲੱਗਿਆਂ ਜੇ ਉਹ ਆਪਣੀ ਜਾਣਕਾਰੀ ਦੇ ਸ੍ਰੋਤਾਂ ਦਾ ਵੀ ਵੇਰਵਾ ਦੇ ਦਿੰਦੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਣੀ ਸੀ। ਉਹਨਾਂ ਦੀ ਭਾਸ਼ਾ ਤੋਂ ਕਿਤੇ ਕਿਤੇ ਇਹ ਪ੍ਰਭਾਵ ਵੀ ਪੈਂਦਾ ਹੈ ਕਿ ਹਿੰਦੀ ਦੇ ਵੈਸੇ ਤਾਂ ਪ੍ਰਚਲਿਤ ਪ੍ਰੰਤੂ ਪੰਜਾਬੀ ਭਾਸ਼ੀਆਂ ਲਈ ਓਪਰੇ ਸ਼ਬਦਾਂ ਦਾ ਪ੍ਰਯੋਗ ਵੀ ਉਹ ਬਿਨਾਂ ਗੁਰੇਜ਼ ਤੋਂ ਕਰੀ ਜਾਂਦੇ ਹਨ, ਜੇ ਇਹਦੀ ਥਾਂ ਉਹ ਠੇਠ ਪੰਜਾਬੀ ਸ਼ਬਦਾਂ ਦੀ ਵਰਤੋਂ ਕਰਦੇ ਤਾਂ ਰਚਨਾ ਦੀ ਅਮੀਰੀ ਵਿਚ ਹੋਰ ਵੀ ਵਾਧਾ ਹੁੰਦਾ। ਬੋਲੀ ਦੀ ਸ਼ੁੱਧਤਾ ਅਤੇ ਠੇਠਤਾ ਨੂੰ ਕਾਇਮ ਰੱਖਕੇ ਹੀ ਇਸ ਦੀ ਟਕਸਾਲੀ ਦਿੱਖ ਨੂੰ ਕਾਇਮ ਰੱਖਿਆ ਜਾ ਸਕਦਾ ਹੈ। ਗੁਰੂ ਨਾਨਕ ਕੋਈ ਸੰਕੀਰਣ ਤਾਂ ਨਹੀਂ ਸਨ ਜਦੋਂ ਉਹ "ਬੋਲੀ ਅਵਰ ਤੁਮਾਰੀ" ਦਾ ਮਿਹਣਾ ਸੱਤਾਧਾਰੀ ਵਰਗ ਨਾਲ ਜੁੜੇ ਲੋਕਾਂ ਨੂੰ ਮਾਰਦੇ ਸਨ। ਦੂਜੇ ਦੀ ਖੁਸ਼ਾਮਦ ਵਿਚ ਹੀ ਕਈ ਵੇਰ ਅਸੀਂ ਹਮਕੀ ਤੁਮਕੀ ਕਰਕੇ ਆਪਣੇ ਮੂੰਹ ਦਾ ਸੁਆਦ ਵੀ ਕਿਰਕਿਰਾ ਕਰਦੇ ਹਾਂ। ਖੈਰ ਬੀਬੀ ਜੀ ਤੋਂ ਜ਼ਿਆਦਾ ਬਹੁਤ ਕਠਨ ਸ਼ਬਦਾਂ ਦੀ ਵਰਤੋਂ ਸਾਡੇ ਵਿਸ਼ਵ ਵਿਦਿਆਲਿਆਂ ਨਾਲ ਸੰਬੰਧਿਤ ਸੱਜਣ ਕਰਦੇ ਰਹੇ ਹਨ। ਮੋਟੀ ਗੱਲ ਭਾਸ਼ਾ ਦਾ ਆਪਣਾ ਸਰੂਪ ਕਾਇਮ ਰੱਖ ਕੇ ਹੀ ਤੁਸੀਂ ਕਿਸੇ ਵੀ ਰਚਨਾ ਦੇ ਮਿਆਰੀ ਹੋਣ ਦਾ ਪ੍ਰਮਾਣ ਹਾਸਿਲ ਕਰ ਸਕਦੇ ਹੋ।

੧੯੯੭ ਵਿਚ ਆਦਿ ਸ੍ਰੀ ਗ੍ਰੰਥ ਸਾਹਿਬ ਵਿਚ ਦਰਜ ਦੋ ਪ੍ਰਸਿੱਧ ਰਚਨਾਵਾਂ "ਬਾਰਾਂ ਮਾਂਹ ਤੁਖਾਰੀ" ਅਤੇ "ਬਾਰਾਂ ਮਾਂਹ ਮਾਝ" ਉਤੇ ਖੋਜ ਪੂਰਣ ਟਿੱਪਣੀਆਂ ਸਮੇਤ ਉਹਨਾਂ ਦੇ ਅਰਥ ਭਾਵ ਨੂੰ ਵਿਸਥਾਰਦੀ ਪੁਸਤਕ ਰਚੀ ਜਿਸ ਦਾ ਨਾਮਕਰਣ ਸਤਿਗੁਰੂ ਜਗਜੀਤ ਸਿੰਘ ਜੀ ਨੇ ਗੁਰਬਾਣੀ ਦੀ ਇਕ ਤੁਕ ਦੇ ਅਧਾਰ ਤੇ "ਦਰਸਨੁ ਦੇਹੁ ਦਇਆਪਤਿ ਦਾਤੇ" ਕੀਤਾ।

ਬਾਰਾਂ ਮਾਂਹ ਪੰਜਾਬੀ ਦਾ ਇਕ ਪ੍ਰਸਿੱਧ ਕਾਵਿ ਰੂਪ ਹੈ। ਪੰਜਾਬੀ ਤੋਂ ਇਲਾਵਾ ਹਿੰਦੀ ਦੀਆਂ ਬਹੁਤ ਸਾਰੀਆਂ ਉਪ ਭਾਸ਼ਾਵਾਂ ਵਿਚ ਵੀ ਇਸ ਵਿਧਾ ਦੀ ਵਰਤੋਂ ਮਿਲਦੀ ਹੈ। ਪੰਜਾਬ ਵਿਚ ਮੌਸਮ ਦੇ ਪੱਖੋਂ ਜਿੰਨੀ ਅਮੀਰੀ ਹੈ, ਉਹ ਭਾਰਤ ਸਮੇਤ ਦੁਨੀਆ ਦੇ ਹੋਰ ਖਿੱਤਿਆਂ ਵਿਚ ਘੱਟ ਹੀ ਮਿਲਦੀ ਹੈ। ਇਥੇ ਹਰ ਮਹੀਨੇ ਦੇ ਮੌਸਮ ਦੀ ਵੈਸੇ ਤਾਂ ਆਪਣੀ ਆਪਣੀ ਤਾਸੀਰ ਹੈ। ਕਿਸੇ ਮਹੀਨੇ ਦੇ ਪ੍ਰਭਾਵ ਸਦਕਾ ਜਿਹੋ ਜਿਹੀ ਸਰੀਰਕ ਦਸ਼ਾ ਬਣਦੀ ਹੈ। ਅਤੇ ਇਹ ਦਸ਼ਾ ਸਾਧਕ ਦੀਆਂ ਮਾਨਸਿਕ ਬਿਰਤੀਆਂ ਤੇ ਕਿਸ ਤਰ੍ਹਾਂ ਦਾ ਅਸਰ ਪਾਉਂਦੀ ਹੈ, ਬਾਰਾਂ ਮਾਂਹ ਵਿਚ ਇਸ ਤਰ੍ਹਾਂ ਦੇ ਵਿਸ਼ੇ ਨੂੰ ਨਿਭਾਇਆ ਜਾਂਦਾ ਹੈ। ਸਾਡੇ ਲੋਕ ਸਾਹਿਤ ਵਿਚ ਬਾਰਾਂ ਮਾਂਹ ਕਿਸੇ ਪਿਰ ਵਿਛੁੰਨੀ ਸੁਆਣੀ ਦੀ ਆਤਮਿਕ ਤੜਪ ਦਾ ਵਾਹਕ ਬਣਦਾ ਹੈ। ਇਸੇ ਲੋਕ ਗੀਤ ਸ਼ੈਲੀ ਵਿਚ ਸੰਤ ਤਰਨ ਸਿੰਘ ਵਹਿਮੀ ਰਚਿਤ ਬਾਰਾਂ ਮਾਂਹ ਦੀਆਂ ਕੁਲ ਤੁੱਕਾਂ ਅਜੇ ਵੀ ਚੇਤੇ ਵਿਚ ਸੱਜਰੀਆਂ ਹਨ—

**"ਜੇਠ ਘੋੜਾ ਹੇਠ ਵੇ**
**ਲੈ ਆਇਉ ਨਾ।**
**ਹਾੜ ਪਈ ਮੈਨੂੰ ਧਾੜ**
**ਵੇ ਘਬਰਾਇਉਂ ਨਾ।**
**ਸਾਵਣ ਤੇਰਾ ਆਵਣ**
**ਹੋਇਆ ਬੀਬਾ ਨਾ।**
**ਭਾਦੋਂ ਭਰਮ ਭੁਲਾਣੀ**
**ਬਾਝ ਨਸੀਬਾਂ ਨਾ।"**

ਬੀਬੀ ਜੀ ਆਪਣੀ ਪੁਸਤਕ ਦੇ ਆਰੰਭ ਵਿਚ ਬਾਰਹ ਮਾਂਹ ਕਾਵਿ ਰੂਪ ਦੀ ਪ੍ਰੀਭਾਸ਼ਾ ਹਿੰਦੀ "ਸ਼ਬਦ ਸਾਗਰ ਅਨੁਸਾਰ" ਇਉਂ ਕਰਦੇ ਹਨ—

"ਵਹ ਪਦਯ ਯਾ ਗੀਤ ਜਿਸਮੇਂ ਬਾਰਹ ਮਹੀਨੋਂ ਕੀ ਪ੍ਰਾਕ੍ਰਿਤਕ ਵਿਸ਼ੇਸ਼ਤਾਓਂ ਕਾ ਵਰਣਨ ਕਿਸੀ ਵਿਰਹੀ ਯਾ ਵਿਰਹਣੀ ਕੇ ਮੂੰਹ ਸੇ ਕਰਾਯਾ ਗਯਾ ਹੋ।"

ਉਹ ਗੁਰੂ ਸਾਹਿਬ ਦੇ ਬਾਰਹ ਮਾਹਾਂ ਤੋਂ ਇਲਾਵਾ ੧੯੨੦ ਈ. ਵਿਚ ਪ੍ਰੇਮੀ ਵੀਰ ਸਿੰਘ ਦੁਆਰਾ ਗੁਰੂ ਗੋਬਿੰਦ ਸਿੰਘ ਜੀ ਅਤੇ ਉਹਨਾਂ ਦੇ ਸਿੰਘਾਂ ਦੀ ਸ਼ਾਨ ਵਿਚ ਰਚੇ, ਭਾਈ ਚੰਦਾ ਸਿੰਘ, ਕਾਲਾ ਸਿੰਘ ਅਤੇ ਨਿਹਾਲ ਸਿੰਘ ਦੁਆਰਾ ਸਤਿਗੁਰੂ ਰਾਮ ਸਿੰਘ ਅਤੇ ਮਸਤਾਨੇ ਦੀਵਾਨੇ ਨਾਮਧਾਰੀਆਂ ਬਾਰੇ ਰਚੇ ਬਾਰਹ ਮਾਹ ਦਾ ਜ਼ਿਕਰ ਵੀ ਕਰਦੇ ਹਨ।

ਬਾਰਹ ਮਾਹ ਰਾਗ ਤੁਖਾਰੀ ਗੁਰੂ ਨਾਨਕ ਦੇਵ ਜੀ ਦੀ ਅੰਤਿਮ ਰਚਨਾ ਕਰਕੇ ਮੰਨੀ ਜਾਂਦੀ ਹੈ। ਬੀਬੀ ਜੀ ਨੇ ਭਾਈ ਬਾਲੇ ਦੀ ਜਨਮ ਸਾਖੀ ਦਾ ਹਵਾਲਾ ਦਿੱਤਾ ਹੈ—

"ਤਬ ਸੰਗਤਿ ਲਗੀ ਸਬਦੁ ਗਾਵਣਿ ਅਲਾਹੁਣੀਆਂ। ਤਬ ਬਾਬਾ ਬਿਸਮਾਦ ਦੇ ਘਰ ਆਇਆ। ਤਿਤੁ ਮਹਲਿ ਹੁਕਮ ਹੋਇਆ, ਰਾਗੁ ਤੁਖਾਰੀ ਕੀਤਾ, ਬਾਬਾ ਬੋਲਿਆ ਬਾਰਹ ਮਾਹ, ਰਾਤਿ, ਅੰਮ੍ਰਿਤ ਵੇਲਾ ਹੋਆ, ਚਲਾਣੈ ਕੇ ਵਖਤਿ।"

(ਦਰਸਨੁ ਦੇਹੁ ਦਇਆਪਤਿ ਦਾਤੇ...੨੪)



Sri Satguru Jagjit Singh Ji eLibrary NamdhariElibrary@gmail.com

ਇਸ ਬਰਹ ਮਾਹ ਵਿਚ ਗੁਰੂ ਬਾਬੇ ਨਾਨਕ ਦੇ ਦੇਸ ਪਿਆਰ ਅਤੇ ਕੁਦਰਤ ਪ੍ਰੇਮ ਦੇ ਵੀ ਦਰਸ਼ਨ ਹੁੰਦੇ ਹਨ। ਪ੍ਰਿੰਸੀਪਲ ਤੇਜਾ ਸਿੰਘ ਕਹਿੰਦੇ ਸਨ ਕਿ ਦੇਸ਼ ਪਿਆਰ ਦਾ ਮੁੱਢ ਘਰ ਦੇ ਪਿਆਰ ਦੇ ਬੱਝਦਾ ਹੈ। ਸੋ ਵੈਸੇ ਤਾਂ ਗੁਰੂ ਨਾਨਕ ਸਮੇਂ ਸਥਾਨ ਦੀਆਂ ਹੱਦਾਂ ਤੋਂ ਪਾਰ ਲੰਘ ਜਾਣ ਵਾਲਾ ਇਕ ਬ੍ਰਹਿਮੰਡੀ ਨਹੀਂ ਤਾਂ ਕੌਮਾਂਤਰੀ ਵਿਅਕਤੀ ਤਾਂ ਹੈ, ਪਰ ਜੰਮਿਆ ਤਾਂ ਉਹ ਬਾਰ ਦੇ ਇਕ ਪਿੰਡ "ਤਲਵੰਡੀ ਰਾਇ ਭੋਇ" ਵਿਚ ਸੀ ਅਤੇ ਹੁਣ ਜਦੋਂ ਗੁਰੂ ਅੰਤਿਮ ਸਫਰ ਦੀ ਤਿਆਰੀ ਲਈ ਅੱਖਾਂ ਮੀਟ ਰਿਹਾ ਹੈ ਤਾਂ ਬੀਤਿਆ ਵਕਤ ਚਲਚਿੱਤਰ ਜਿਉਂ ਸਾਹਮਣੇ ਆ ਰਿਹਾ ਹੈ। ਇਸ ਵਿਸਮਾਦ ਦੀ ਅਵਸਥਾ ਵਿਚ ਬਾਬਾ ਨਾਨਕ, ਆਪਣਾ ਪਿੰਡ ਆਪਣੇ ਖੇਤ, ਆਪਣੇ ਵਣ ਕਰੀਰ, ਛੱਪੜ-ਟੋਬੇ ਟਿੱਡੇ ਅਤੇ ਬੀਂਡ੍ਹੇ ਅਤੇ ਸਮੁੱਚੀ ਬਾਰ, ਵਰ੍ਹੇ ਦੇ ਬਾਰ੍ਹਾਂ ਮਹੀਨਿਆਂ ਵਿਚ ਕੀ ਕੀ ਵੇਸ ਧਾਰਨ ਕਰਦੀ ਹੈ ਇਸ ਸਭ ਕਾਸੇ ਨੂੰ ਯਾਦ ਕਰਕੇ ਆਪਣੇ ਅਖੀਰੀ ਸਫਰ ਨੂੰ ਆਨੰਦ ਮਈ ਬਣਾ ਰਿਹਾ ਹੈ।

ਪ੍ਰਿੰਸੀਪਲ ਜੀ ਇਸ ਬਾਰਹ ਮਾਹ ਦੇ ਵਿਸ਼ੇ ਵਸਤੂ ਨੂੰ ਇਉਂ ਸਮੇਟਦੇ ਹਨ–

"ਸੱਚੇ ਪਾਤਸ਼ਾਹ ਜੀ ਨੇ ਇਸ ਨੂੰ ਰਾਗ ਤੁਖਾਰੀ ਵਿਚ ਲਿਖਿਆ ਹੈ। ਇਹ ਰਾਗ ਸਰਦੀ ਦਾ ਹੈ, ਵਿਯੋਗ, ਪੀੜਾ, ਕਸਕ, ਦਰਦ, ਤੜਪ ਦਾ ਪ੍ਰਤੀਕ ਹੈ। ਆਤਮਾ ਆਪਣੀ ਪਰਮ-ਆਤਮਾ ਤੋਂ ਵਿਛੜਕੇ ਤੜਪ ਰਹੀ ਹੈ, ਲੁੱਛ ਰਹੀ ਹੈ ਤੇ ਸੱਚੇ ਪਾਤਸ਼ਾਹ ਜੀ ਇਸ ਵਿਛੋੜੇ ਦੀ ਸਿਕ ਨੂੰ ਹਮੇਸ਼ਾ ਹਮੇਸ਼ਾ ਲਈ ਖਤਮ ਕਰਨਾ ਚਾਹੁੰਦੇ ਹਨ। ਉਨ੍ਹਾਂ ਨੂੰ ਆਪਣੇ ਪਿਆਰੇ ਪ੍ਰੀਤਮ ਦੀ ਯਾਦ ਰਾਤ ਦਿਨ ਸਤਾਉਂਦੀ ਹੈ, ਤੜਪਾਉਂਦੀ ਹੈ... ਉਸ ਦਾ ਕੋਈ ਮੀਤ ਨਹੀਂ, ਉਸ ਦਾ ਕੋਈ ਸਖਾ ਬੰਧਪ ਨਹੀਂ, ਉਸਦਾ ਕੋਈ ਸਾਜਨ ਨਹੀਂ। ਇਸ ਲਈ ਸਾਧਕ ਨੂੰ ਇਕ ਪਲ ਵੀ ਗੁਜ਼ਾਰਨਾ ਕਠਿਨ ਹੋ ਰਿਹਾ ਹੈ। ....ਪਪੀਹਾ ਆਪਣੀਆਂ ਉੱਚੀਆਂ ਸੁਰਾਂ ਵਿਚ ਆਪਣੇ ਪ੍ਰੀਤਮ ਨੂੰ ਪੁਕਾਰ ਰਿਹਾ ਹੈ। ਕੋਇਲ ਕੂ-ਕੂ ਦੀ ਮਿਠਾਸ ਭਰਪੂਰ ਅਵਾਜ਼ ਵਿਚ ਕੂਕ ਰਹੀ ਹੈ, ਪਰ ਕੰਤ ਦੇ ਦਰਸ਼ਨ ਨਹੀਂ ਮਿਲ ਰਹੇ। ਪ੍ਰੀਤਮ ਦੇ ਦਰਸ਼ਨਾਂ ਦੀ ਤਾਂਘ ਵਿਆਕੁਲ ਕਰ ਰਹੀ ਹੈ, ਵਿਛੋੜੇ ਦੇ ਪਲ ਮੁੱਕ ਹੀ ਨਹੀਂ ਰਹੇ, ਆਪਣੇ ਪਿਆਰੇ ਪ੍ਰੀਤਮ ਤੋਂ ਬਿਨਾਂ ਇਕ ਪਲ, ਇਕ ਘੜੀ ਹਓਕੇ ਸਿਸਕੀਆਂ ਬਣ ਰਹੇ ਹਨ। (ਉਹੀ ਸਫਾ ੨੫)

ਇਸ ਰਚਨਾ ਦਾ ਪ੍ਰਕਿਰਤੀ ਚਿਤਰਨ ਵੀ ਕਮਾਲ ਦਾ ਹੈ। ਲੇਖਿਕਾ ਦਾ ਕਥਨ ਹੈ–

"ਸਤਿਗੁਰੂ ਨਾਨਕ ਦੇਵ ਜੀ ਨੇ ਪ੍ਰਕਿਰਤੀ ਦੇ ਚਿੱਤਰ ਨੂੰ ਅਤਿਅੰਤ ਸੁੰਦਰ ਸ਼ੈਲੀ ਵਿਚ ਚਿਤਰਨ ਕੀਤਾ ਹੈ। ਕੁਦਰਤ ਦਾ ਜਿੰਨਾ ਬਹੁ-ਰੰਗਾ ਸਾਫ ਸੁੰਦਰ ਵਰਨਣ ਇਸ ਬਾਣੀ ਵਿਚ ਮਿਲਦਾ ਹੈ ਉਹ ਹੋਰ ਕਿਧਰੇ ਨਹੀਂ ਮਿਲਦਾ। ਸ੍ਰੀ ਗੁਰੂ... ਜੀ ਨੇ ਬਿਰਹੋਂ ਨੂੰ ਹੋਰ ਤੇਜ਼ ਕਰਨ ਲਈ, ਕੁਦਰਤ ਦੇ ਦ੍ਰਿਸ਼ਾਂ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਉਲੀਕਿਆ ਹੈ। ਬਦਲਦੀਆਂ ਹੋਈਆਂ ਰੁੱਤਾਂ, ਰੁੱਤਾਂ ਅਨੁਸਾਰ ਬਦਲਦਾ ਹੋਇਆ ਵਾਤਾਵਰਣ ਬਿਰਹਣੀ ਦੀ ਪੀੜਾ ਨੂੰ ਹੋਰ ਉਤੇਜਿਤ ਕਰਦਾ ਹੈ।

ਇਸ ਦੀ ਬੋਲੀ ਦੀ ਚਰਚਾ ਕਰਦਿਆਂ ਸਾਧਾਰਨ ਤੇ ਕੁਦਰਤੀ ਵੇਗ ਵਾਲੀ ਬੋਲੀ ਆਖਿਆ ਗਿਆ ਹੈ। ਸਥਾਨਕ ਸ਼ਬਦਾਵਲੀ ਵਿਚ ਬ੍ਰਿਹੋਂ ਕੁੱਠਿਆਂ ਦੇ ਦਿਲੀ ਜਜ਼ਬਿਆਂ ਦੀ ਸਟੀਕ ਤਰਜਮਾਨੀ ਕੀਤੀ ਗਈ ਹੈ। "ਪਤੀ" ਸ਼ਬਦ ਲਈ ਹੀ ਪਿਆਰਾ, ਪ੍ਰਿਅ, ਸਹੁ, ਪਿਰ, ਪ੍ਰੀਤਮ, ਭਤਾਰ, ਸਾਜਨ, ਢੋਲਾ, ਵਰ ਆਦਿ ਅਤੇ "ਪਤਨੀ" ਵਾਸਤੇ ਧਨ, ਸਾਧਨ, ਸੇਜ, ਦੁਹਾਗਣ, ਸੁਹਾਗਣ, ਕੰਤ, ਭਤਾਰ, ਪਿਰ, ਸਹੁ ਇਤਿਆਦਿ ਸ਼ਬਦਾਂ ਦੀ ਵਰਤੋਂ ਤੇ ਚਾਨਣਾ ਪਾਇਆ ਗਿਆ ਹੈ। ਆਮ ਪਾਠਕਾਂ ਨੂੰ ਲੇਖਿਕਾ ਦੇ ਇਸ ਬਾਰਾਂ ਮਾਂਹ ਬਾਰੇ ਕੱਢੇ ਸਿੱਟਿਆਂ ਨਾਲ ਸਹਿਮਤ ਹੋਣਾ ਹੀ ਪਵੇਗਾ–

'ਜੇਕਰ ਇਹ ਕਹਿ ਦਿੱਤਾ ਜਾਵੇ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਰਾਹੀਂ ਰਾਗ ਤੁਖਾਰੀ ਵਿੱਚ ਬਾਰਹ-ਮਾਹ ਕਲਾ ਦੀਆਂ ਸਿਖਰਾਂ ਨੂੰ ਛੋਹ ਰਿਹਾ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਏਗੀ। ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਇਸ ਬਾਰਹ-ਮਾਂਹ ਦੀ ਆਪਣੀ ਹੀ ਇਕ ਖਾਸ ਵਿਸ਼ੇਸ਼ਤਾ ਹੈ, ਤੇ ਆਪਣੇ ਆਪ ਵਿਚ ਇਹ ਇਕ ਅਦੁਤੀ ਅਤੇ ਸਰਵ-ਸਰੇਸ਼ਟ ਰਚਨਾ ਹੈ।"

ਪਿੰਗਲੇ ਵਾਲੀ ਬੀਬੀ ਰਜਨੀ, ਗੁਰੂ ਬਾਲਕ ਸਿੰਘ ਜੀ ਦੇ ਸਿੱਖ ਭਾਈ ਸੰਗਤਾ ਜੀ, ਬਾਬਾ ਬੈਂਕਾ ਜੀ ਲਬਾਲਬ, ਬਾਲਮੀਕ, ਭਗਤ ਪ੍ਰਹਿਲਾਦ, ਮਾਤਾ ਸੀਤਾ, ਰਾਜਾ ਅੰਬ੍ਰੀਕ, ਰਾਜਾ ਜਨਕ, ਸ਼ੇਖ ਫਰੀਦ, ਜਿਊਣ ਸਿੰਘ ਸਿਰਹਾਲੀ, ਸੰਤ ਜਮੀਅਤ ਸਿੰਘ ਕਾਹਨਾ ਕਾਛਾ, ਬਾਬਾ ਜਮੀਅਤ ਸਿੰਘ ਗਿੱਲ, ਸੰਤ ਰਾਮ ਸਹਾਇ ਜੀ, ਬਾਬਾ ਬੁੱਢਾ ਸਿੰਘ ਜੀ, ਲਹਿਣਾ ਸਿੰਘ ਘਰਜਾਖ, ਸੰਤ ਜਵਾਹਰ ਸਿੰਘ ਮਿਰਜ਼ੇ ਵਾਲੀਆ ਆਦਿ ਨਾਮਧਾਰੀ ਸਮੁਦਾਇ ਦੀਆਂ ਪਹੁੰਚੀਆਂ ਹਸਤੀਆਂ ਦੀਆਂ ਸਾਖੀਆਂ ਨਾਲ ਜੋੜ ਕੇ ਆਮ ਪਾਠਕ ਦੀ ਇਸ ਵਿਸ਼ੇ ਵਿਚ ਦਿਲਚਸਪੀ ਨੂੰ ਜਗਾਇਆ ਗਿਆ ਹੈ। ਗੁਰਬਾਣੀ ਦੀ ਸੰਪ੍ਰਦਾਇਕ ਵਿਆਖਿਆ ਵਿਚ ਇਸ ਤਰ੍ਹਾਂ ਦੇ ਪਰਸੰਗ ਸ਼ਰਧਾਵਾਨ ਸਿੱਖਾਂ ਦੇ ਮੂੰਹੋਂ ਅਕਸਰ ਆਮ ਸੁਣੇ ਜਾਂਦੇ ਹਨ ਅਤੇ ਇਸੇ ਢੰਗ ਨੂੰ ਇਸ ਪੁਸਤਕ ਵਿਚ ਵਰਤਿਆ ਗਿਆ ਹੈ।

ਬਾਰਹ ਮਾਹ ਮਾਝ ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ। ਲੇਖਿਕਾ ਇਸ ਨੂੰ ਗੁਰੂ ਨਾਨਕ ਦੀ ਬਾਰਹ ਮਾਹ ਦੀ ਲੜੀ ਨੂੰ ਹੋਰ ਅਗੇ ਤੋਰਿਆ ਵੇਖਦੀ ਹੈ। ਸਤਿਗੁਰੂ ਸ਼ਰਨ ਵਿਚ ਜਾ ਕੇ ਜੀਵਨ ਦੀ ਆਖਰੀ ਮੰਜ਼ਿਲ ਨੂੰ ਪ੍ਰਾਪਤ ਕਰਨਾ ਇਸ ਦਾ



Sri Satguru Jagjit Singh Ji eLibrary NamdhariElibrary@gmail.com

ਕੇਂਦਰੀ ਭਾਵ ਹੈ। ਲੇਖਿਕਾ ਦੇ ਅਨੁਸਾਰ "ਜਿੱਥੇ ਇਕ ਪਾਸੇ ਬਾਰਹ ਮਾਹ ਤੁਖਾਰੀ ਭਾਵਾਂ ਨਾਲ ਓਤ-ਪ੍ਰੋਤ ਹੈ, ਦੂਸਰੇ ਪਾਸੇ ਬਾਰਹ ਮਾਹ ਮਾਝ ਫਲਸਫੇ ਨਾਲ ਭਰਪੂਰ ਹੈ।" ਦੋਹਾਂ ਬਾਰਹ ਮਾਹਾਂ ਵਿਚ ਅਲੰਕਾਰਾਂ ਦੀ ਵਰਤੋਂ ਰੂਪਕ ਪੱਖ ਅਤੇ ਬਿੰਬ ਵਿਧਾਨ ਤੇ ਵੀ ਚੰਗਾ ਚਾਨਣਾ ਪਾਇਆ ਗਿਆ ਹੈ।

ਇਸ ਬਾਰਹ ਮਾਹ ਦੇ ਵੱਖ ਵੱਖ ਮਹੀਨਿਆਂ ਨਾਲ ਵੀ ਸਾਖੀਆਂ, ਹੱਡ ਬੀਤੀਆਂ ਦੇ ਸਾਡੇ ਨਿਕਟ ਵਾਲੇ ਸਮੇਂ ਦੇ ਹਵਾਲੇ ਦਿਤੇ ਗਏ ਹਨ। "ਇਕ ਖਿਨੁ ਤਿਸੁ ਬਿਨੁ ਜੀਵਣਾ" ਸਿਰਲੇਖ ਹੇਠ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਿਛੋੜੇ ਨੂੰ ਇਉਂ ਚਿਤਰਿਆ ਗਿਆ ਹੈ —

"ਸਮਦਰਸੀ ਗ਼ਰੀਬ ਨਿਵਾਜ, ਸੰਗੀਤ ਦੇ ਪ੍ਰੇਮੀ, ਅਧਿਆਤਮਕ ਉੱਚਤਾ ਦੇ ਮਾਲਕ, ਬੇ-ਜ਼ਬਾਨਾ ਦੇ ਪਾਲਕ, ਦੇਸ਼ ਰਟਨ ਰਾਹੀਂ ਮਨੁੱਖਾਂ ਦਾ ਉਧਾਰ ਕਰਨ ਵਾਲੇ, ਸਾਦਗੀ ਦੇ ਪੀਰ, ਗਊਆਂ ਦੇ ਕਾਹਨ, ਹਿੰਸਾ ਦੇ ਵਿਰੋਧੀ, ਬਖਸ਼ਸ਼ਾਂ ਦੇ ਭੰਡਾਰੇ, ਕਰਨੀ ਕਥਨੀ ਵਿਚ ਸਾਮੰਜਸ ਲਿਆਉਣ ਵਾਲੇ ਪੀਆ ਅੱਜ ਕਿੱਥੇ ? ਉਨ੍ਹਾਂ ਤੋਂ ਬਿਨਾਂ ਇਕ ਸੁਆਸ ਲੈਣਾ ਵੀ ਵਿਅਰਥ ਹੈ। (..........ਉਹੀ ਸਫਾ ੧੬੭)

ਨਾਮਧਾਰੀਆਂ ਨੇ ਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਨੂੰ ਬਹੁਤ ਡੂੰਘਾ ਹੰਡਾਇਆ। ਇਸ ਲਈ ਅਜਿਹੇ ਦਰਦ-ਕੁੱਠਿਆਂ ਅਤੇ ਬਿਰਹੋਂ -ਮਾਰਿਆਂ ਲਈ ਜਿੱਥੇ "ਦਰਸਨ ਦੇਹੁ ਦਇਆਪਤਿ ਦਾਤੇ" ਉਨ੍ਹਾਂ ਦੀ ਆਤਮਿਕ ਸ਼ਕਤੀ ਨੂੰ ਬਲਵਾਨ ਕਰੇਗੀ ਉੱਥੇ ਆਮ ਸਿਖ ਸੰਸਾਰ ਅਤੇ ਪੰਜਾਬੀ ਸਾਹਿਤ ਦੇ ਪਾਠਕ ਵੀ ਇਸ ਪੁਸਤਕ ਤੋਂ ਆਪਣਾ ਰਾਹ ਰੁਸ਼ਨਾ ਸਕਦੇ ਹਨ। ਅੰਤ ਵਿਚ ਪਹਿਲੇ ਅਤੇ ਪੰਜਵੇ ਗੁਰੂ ਦੇ ਬਾਰਹ ਮਾਹਾਂ ਦਾ ਤੁਲਨਾਤਮਿਕ ਅਧਿਐਨ ਪੇਸ਼ ਕਰਕੇ ਇਹ ਸਿੱਟਾ ਕੱਢਿਆ ਗਿਆ ਹੈ ਕਿ ਬਾਰਹ ਮਾਹ ਮਾਝ ਦੀ ਰਚਨਾ ਵੀ ਬਾਰਹ-ਮਾਹ ਤੁਖਾਰੀ ਦੀਆਂ ਨੀਹਾਂ ਤੇ ਕੀਤੀ ਗਈ ਹੈ ਅਤੇ ਉਸ ਵਿਚਲੇ ਵਿਚਾਰਾਂ ਨੂੰ ਹੀ ਅੱਗੇ ਤੋਰਿਆ ਗਿਆ ਹੈ।

ਜਿਸ ਕਾਰਜ ਸਦਕਾ ਬੀਬੀ ਬੇਅੰਤ ਕੌਰ ਜੀ ਦਾ ਨਾਮ, ਗੁਰੂ-ਪ੍ਰੇਮੀਆਂ ਦੀਆਂ ਨਜ਼ਰਾਂ ਵਿਚ ਅਮਰਤਾ ਨੂੰ ਪਰਾਪਤ ਕਰ ਜਾਏਗਾ, ਉਹ ਹੈ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜਨ ਕਲਿਆਣ ਲਈ ਦਿਤੇ ਉਪਦੇਸ਼ਾਂ ਨੂੰ ਸੰਕਲਿਤ ਕਰਕੇ ਛਪਵਾਉਣਾ। "ਲਾਲ ਏਹਿ ਰਤਨ" ਨਾਮ ਦੀਆਂ ਪੁਸਤਕ ਲੜੀਆਂ ਦੀਆਂ ਪਹਿਲੀਆਂ ਦੋ ਜਿਲਦਾਂ ਕ੍ਰਮਵਾਰ ੧੯੯੫ ਈ. ਅਤੇ ੧੯੯੯ ਈ. ਵਿਚ ਛਪ ਗਈਆਂ ਹਨ ਜਿਹਨਾਂ ਵਿਚ ੧੯੪੮, ੧੯੫੦, ੧੯੫੧ ਅਤੇ ੧੯੫੨ ਈ. ਤੱਕ ਥਾਈਲੈਂਡ ਦੇ ਦੌਰਿਆ ਦੌਰਾਨ ਰੀਕਾਰਡ ਹੋਏ ਭਾਸ਼ਨ ਹਨ। ਪਿਛਲੇ ਸਾਲਾਂ ੧੯੫੯ ਈ. ਤੱਕ ਦੇ ਭਾਸ਼ਨ ਤਿੰਨ ਹੋਰ ਜਿਲਦਾਂ ਵਿਚ ਛਪਣ ਵਾਸਤੇ ਸੁਹਿਰਦ ਪ੍ਰਕਾਸ਼ਕਾ ਦੀ ਉਡੀਕ ਵਿਚ ਸਨ।

ਇਹ ਠੀਕ ਹੈ ਕਿ ਇਹ ਸਾਰੇ ਭਾਸ਼ਨ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਹੀ ਉਚਾਰਨ ਕੀਤੇ ਗਏ ਸਨ, ਪ੍ਰੰਤੂ ਇਹਨਾਂ ਨੂੰ ਪੁਸਤਕ ਰੂਪ ਦੇਣ ਲਈ ਜੋ ਪਰਿਸ਼ਰਮ ਜ਼ਰੂਰੀ ਸੀ ਉਹ ਬੀਬੀ ਜੀ ਦੇ ਹੀ ਵੱਸ ਦੀ ਗੱਲ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ੧੯੬੪ ਈ. ਤੋਂ ਹੀ ਇਹਨਾਂ ਭਾਸ਼ਨਾਂ ਦੀ ਸਾਂਭ ਸੰਭਾਲ ਅਤੇ ਇਹਨਾਂ ਨੂੰ ਅੱਖਰਾਂ ਦਾ ਰੂਪ ਦੇ ਕੇ ਕਾਪੀਆਂ ਤੇ ਲਿਖਾਉਣ ਦਾ ਕਾਰਜ ਤਾਂ ਵਿਢਿਆ ਹੋਇਆ ਸੀ। ਉਹਨਾਂ ਦੇ ਅਸ਼ੀਰਵਾਦ ਤੋਂ ਬਿਨਾਂ ਤਾਂ ਕੋਈ ਵੀ ਇਹ ਕਾਰਜ ਸੰਪੰਨ ਕਰਨ ਬਾਰੇ ਸੋਚ ਵੀ ਨਹੀਂ ਸੀ ਸਕਦਾ ਪ੍ਰੰਤੂ ਇਸਦੀ ਸੰਪਾਦਨਾਂ ਵਿਚ ਵਡੇਰੀ ਜ਼ਿੰਮੇਵਾਰੀ ਨਿਭਾ ਕੇ ਬੀਬੀ ਹੋਰਾਂ ਨੇ ਇਤਿਹਾਸਕ ਕਾਰਜ ਕਰ ਵਿਖਾਇਆ ਹੈ। ਭਾਵੇਂ ਸਤਿਗੁਰੂ ਜੀ ਤੋਂ ਇਲਾਵਾ ਇਸ ਕੰਮ ਦੇ ਹੋਰ ਸਹਿਯੋਗੀਆਂ ਜਿਹਨਾਂ ਵਿਸ਼ੇ ਵਸਤੂ ਨਾਮ ਗ੍ਰਾਮ ਸਪਸ਼ਟ ਕਰਨ ਵਿਚ ਹਿੱਸਾ ਪਾਇਆ ਉਹਨਾਂ ਦਾ ਵਰਨਣ ਭੂਮਿਕਾ ਵਿਚ ਆ ਗਿਆ ਹੈ ਜਿਹਾ ਕਿ "ਪੰਥ ਰਤਨ ਮਾਸਟਰ ਨਿਹਾਲ ਸਿੰਘ, ਪੰਥ ਭੂਸ਼ਨ ਸ੍ਰੀ ਐਚ. ਐਸ. ਹੰਸਪਾਲ, ਪ੍ਰੀਤਮ ਸਿੰਘ ਕਵੀ, ਅਮਰ ਭਾਰਤੀ, ਗਿਆਨ ਮਾਰਤੰਡ ਪੰਡਿਤ ਗੋਪਾਲ ਸਿੰਘ, ਪੰਡਿਤ ਰਾਜਿੰਦਰ ਸਿੰਘ ਗੁਰੂਸਰ, ਕੁੰਦਨ ਸਿੰਘ ਨਕਈ, ਜਸਵਿੰਦਰ ਸਿੰਘ ਹਿਸਟੋਰੀਅਨ, ਸੰਤ ਸਿੰਘ ਰਿਟਾਇਡ ਜੀ. ਐਮ. (ਬੀ. ਐਚ. ਈ. ਐਲ.) (ਬੀਬੀ ਜੀ ਦੇ ਪਤੀ ਦੇਵ), ਸੰਤ ਜਗਤਾਰ ਸਿੰਘ ਆਦਿ।"

ਪੰਜ ਜਿਲਦਾਂ ਵਿਚ ਛਾਪਣ ਵਾਲੇ ਇਹਨਾਂ ਉਪਦੇਸ਼ਾਂ ਦੇ ਕਾਲ-ਖੰਡ ਅਤੇ ਵਿਸ਼ੇ ਵਸਤੂ ਬਾਰੇ ਆਪ ਇਉਂ ਗਿਆਤ ਪੁਆਉਂਦੇ ਹਨ :

"ਸਤਿਗੁਰੂ ਜੀ ਨੇ ੧੯੦੬ ਤੋਂ ੧੯੫੯ ਤਕ ਨਾਮਧਾਰੀ ਪੰਥ ਦੀ ਰਹਿਨੁਮਾਈ ਕੀਤੀ। ਇਸ ਸਮੇਂ ਵਿਚ ਆਪ ਜੀ ਨੇ ਅਨਗਿਣਤ ਬਚਨ ਕਰਕੇ ਅਨੇਕਾਂ ਹਿਰਦਿਆਂ ਨੂੰ ਤ੍ਰਿਪਤ ਕੀਤਾ, ਪਰ ਸੰਨ ੧੯੪੮ ਤੋਂ ੧੯੫੯ ਤਕ ਵਿਦੇਸ਼ੀ ਦੌਰਿਆਂ ਸਮੇਂ ਦਿੱਤੇ ਪ੍ਰਵਚਨ ਹੀ ਟੇਪਾਂ ਰਾਹੀਂ ਉਪਲਬਧ ਹੋ ਸਕੇ ਹਨ। ਇਨ੍ਹਾਂ ਵਿਚ ਸਤਿਗੁਰੂ ਜੀ ਨੇ ਸਤਿਗੁਰੂ ਬਿਲਾਸ ਦੀ ਕਥਾ ਤੇ ਵਿਆਖਿਆ ਕੀਤੀ ਹੈ ਤੇ ਨਾਲ ਵੱਖ-ਵੱਖ ਵਿਸ਼ਿਆਂ ਸਮਾਜਿਕ, ਰਾਜਨੀਤਿਕ, ਧਾਰਮਿਕ, ਆਤਮਿਕ, ਸਭਿਆਚਾਰਕ, ਵਿਦਿਅਕ, ਆਰਥਿਕ ਤੇ ਖੋਜ ਭਰਪੂਰ, ਗਿਆਨ ਵਰਧਕ, ਅਨੰਦ ਦਾਇਕ ਪ੍ਰਭਾਵਸ਼ਾਲੀ ਸ਼ਬਦਾਂ ਵਿਚ ਚਾਨਣ ਪਾਇਆ ਹੈ।

ਕੁਝ ਕੁ ਵੰਨਗੀਆਂ ਇਸ ਪ੍ਰਕਾਰ ਹਨ :-

**ਸਤਿਗੁਰੂ :**

੧ ਗੁਰੂ ਰਿਸ਼ਤਿਆਂ ਤੋਂ ਉਚੀ ਚੀਜ਼ ਹੈ, ਉਹ ਇਨ੍ਹਾਂ ਸਭਨਾਂ ਤੋਂ ਵਖਰੀ ਚੀਜ਼ ਹੈ, ਜਿਹਨਾਂ ਨੇ ਤੇ ਸਮਝ ਲਿਆ ਸਤਿਗੁਰੂ, ਉਹਨਾਂ ਨੂੰ ਤੇ ਮਿਲ ਗਿਆ—ਸਭ ਕੁਝ, ਜਿਹੜੇ



Sri Satguru Jagjit Singh Ji eLibrary NamdhariElibrary@gmail.com

ਰਿਸ਼ਤੇਦਾਰੀ 'ਚ ਅੜੇ ਰਹੇ, ਉਹਨਾਂ ਦਾ ਕੁਝ ਨਹੀਂ ਬਣਦਾ।

੫ ਜਿਸ ਦਿਨ ਸਤਿਗੁਰਾਂ (ਸ੍ਰੀ ਸਤਿਗੁਰੂ ਰਾਮ ਸਿੰਘ ਜੀ) ਨੇ ਦਰਸ਼ਨ ਦਿੱਤੇ, ਅਸੀਂ ਪੇਸ਼ ਹੋਏ, ਵਿੱਚੇ ਮੈਂ ਭੀ ਤੁਹਾਡੇ ਨਾਲ ਰਗੜੀਦੇ ਜਾਣਾ ਹੈ, ਕਿਉਂਕਿ ਅਸੀਂ ਹੁਕਮਾਂ ਉੱਤੇ ਨਹੀਂ ਚੱਲ ਰਹੇ।

੬. ਸਤਿਗੁਰੂ ਐਸੀ ਚੀਜ਼ ਹੈ ਕਿ ਜਿਸਨੂੰ ਕੋਈ ਛਲ ਨਹੀਂ ਸਕਦਾ, ਜਿਸਨੂੰ ਕੋਈ ਦਬਾ ਨਹੀਂ ਸੱਕਦਾ। ਖੇਡ ਹੈ—ਕੁਦਰਤ ਦੀ।

## ਸਿੱਖ

੧ ਧੰਨ ਸਤਿਗੁਰੂ! ਧੰਨ ਸਤਿਗੁਰੂ ਦੇ ਸਿੱਖ!! ਜਿਹੜੇ ਸਭ ਬਚਨ ਮੰਨਦੇ ਹਨ ਕਿਉਂਕਿ ਗੁਰੂ ਨੇ ਜੋ ਹੁਕਮ ਦਿਤਾ ਹੈ, ਸਿਖ ਨੇ ਮੰਨਿਆ ਤਾਂ ਗੁਰਮੁਖ ਜੇ ਗੁਰੂ ਦਾ ਹੁਕਮ ਨਹੀਂ ਮੰਨਿਆਂ, ਮਨ ਦੇ ਆਖੇ ਲੱਗਿਆ ਤਾਂ ਮਨਮੁੱਖ।

੩. ਜਿਹੜਾ ਸਿੱਖ, ਸਿੱਖ ਨੂੰ ਗੁਰੂ ਦਾ ਰੂਪ ਨਹੀਂ ਜਾਣਦਾ ਉਸ ਨੂੰ ਸਿਖੀ ਦਾ ਪਤਾ ਨਹੀਂ ਕੁਝ ਲੱਗਿਆ ਕਿ ਸਿਖੀ ਕੀ ਚੀਜ਼ ਹੈ।

### ਸਾਂਝੀਵਾਲਤਾ :

੨. ਐਥੇ ਜਿਹੜੇ ਤੁਸੀਂ ਸਰੀਰ ਬੈਠੇ ਹੋ, ਇਉਂ ਨਾ ਦੇਖਿਆ ਕਰੋ ਕਿ ਇਹ ਹਿੰਦੂ ਹੈ, ਸਿਖ ਹੈ, ਮੋਨਾ ਹੈ, ਦਾੜ੍ਹੀ ਵਾਲਾ ਹੈ। ਕੇਸਾਂ ਵਾਲਾ ਹੈ। ਇਹ ਕਾਲੀ ਪੱਗ ਵਾਲਾ ਹੈ, ਚਿੱਟੀ ਵਾਲਾ ਹੈ ਇਹ ਕ੍ਰਿਪਾਨ ਵਾਲਾ ਹੈ, ਇਹ ਮਾਲਾ ਵਾਲਾ ਹੈ। ਤੁਸੀਂ ਹਿੰਦੁਸਤਾਨੀ ਇਥੇ ਆਏ ਹੋ, ਤੁਸੀਂ ਰਲਕੇ ਬਹਿਕੇ, ਸਭ ਆਪੋ ਆਪਣੇ ਇਸ਼ਟ ਨੂੰ ਅਰਾਧੋ।

**ਸੱਚ ਤੇ ਸੁੱਚ :**

ਸੱਚ ਤੇ ਸੁੱਚ ਦ੍ਰਿੜਾਈ, ਅੰਦਰੋਂ ਵੀ ਸੁੱਚੇ ਹੋਵੇ ਬਾਹਰੋਂ ਵੀ ਸੁੱਚੇ ਹੋਵੇ। ਜੇ ਤੁਸੀਂ ਅੰਦਰੋਂ ਕਿਸੇ ਨੂੰ ਦੁਖੀ ਦੇਖਦੇ ਹੋ, ਈਰਖਾ ਕਰਦੇ ਹੋ, ਤੁਹਾਡਾ ਅੰਦਰ ਦੁਖੀ ਹੋ ਜਾਂਦਾ ਹੈ ਤਾਂ ਤੁਸੀਂ ਜੂਠੇ ਹੋ ਜਾਂਦੇ ਹੋ। ਧਿਆਨ ਦਿਓ।

**ਧਰਮ ਦੀ ਕਿਰਤ :**

ਧਰਮ ਦੀ ਕਿਰਤ ਕਰਨ ਵਾਲਿਆਂ ਦਾ ਥੋੜਾ ਵੀ ਬਹੁਤਾ ਹੋ ਜਾਂਦਾ ਹੈ।

### ਕਚਹਿਰੀ :

ਮੈਂ ਸਾਰਿਆਂ ਅੱਗੇ ਅਰਜ਼ ਕਰਦਾਂ, ਜਿਨ੍ਹਾਂ ਦੇ ਆਪਸ ਵਿਚ ਵੀ ਕੋਈ ਇਕ ਦੂਏ ਨਾਲ ਝਗੜਾ ਹੈ ਉਹਨਾਂ ਨੂੰ ਕਚਹਿਰੀ ਵਿਚ ਨਹੀਂ ਜਾਣਾ ਚਾਹੀਦਾ, ਦੋ ਚਹੁੰ ਦਿਨਾਂ ਵਿਚ ਸਭ ਆਪੋ ਆਪਣੇ ਦੱਸਣ ਤਾਂ ਕਿ ਜਿੰਨੀ ਕੁ ਸਾਡੀ ਵਾਹ ਲੱਗ ਅਸੀਂ ਉਹ ਸਾਰੇ ਨਬੇੜ ਲਈਏ, ਕੋਈ ਰੌਲਾ ਨਾ ਕਿਸੇ ਦਾ ਰਹਿ ਜਾਏ।"

(.... ਲਾਲ ਏਹਿ ਰਤਨ ਜਿਲਦ ਪਹਿਲੀ ੯-੧੦-੧੧)

ਇਹ ਪੁਸਤਕਾਂ ਨਾਮਧਾਰੀ ਇਤਿਹਾਸ ਦੇ ਪਾਠਕਾਂ ਵਾਸਤੇ ਤਾਂ ਦਸਤਾਵੇਜ਼ੀ ਅਹਿਮੀਅਤ ਰੱਖਦੀਆਂ ਹਨ ਕਿਉਂਕਿ ਮਲੇਰਕੋਟਲੇ ਦੇ ਸਾਕੇ ਤੋਂ ਕੁੱਲ ੧੮ ਵਰ੍ਹੇ ਬਾਦ ਹੀ ਸਤਿਗੁਰ ਪ੍ਰਤਾਪ ਸਿੰਘ ਜੀ ਪ੍ਰਗਟ ਹੋਏ ਸਨ। ਉਸ ਸਮੇਂ ਦੇ ਬਹੁਤ ਸਾਰੇ ਸਿੱਖ ੧੯੩੦-੩੫ ਈ. ਤੱਕ ਜੀਵਤ ਰਹੇ ਸਨ। ਮਾਤਾ ਜੀਵਨ ਕੌਰ ਜੀ ਵੀ ਉਸ ਸਮੇਂ ਦੇ ਪ੍ਰਤੱਖ ਦਰਸ਼ੀ ਸਨ। ਸੋ ਸਤਿਗੁਰੂ ਜੀ ਦੇ ਭਾਸ਼ਨਾਂ ਵਿਚੋਂ ਇਤਿਹਾਸਿਕ ਬਾਰੀਕੀਆਂ ਅਤੇ ਗੁਰਮਤ ਫਲਸਫੇ ਨੂੰ ਸਮਝਣ ਵਾਲੀਆਂ ਘਟਨਾਵਾਂ ਦਾ ਬੜਾ ਸਜੀਵ ਵਰਣਨ ਮਿਲਦਾ ਹੈ।

ਸਤਿਗੁਰੂ ਜੀ ਦੀ ਸੰਬੋਧਨੀ ਸ਼ੈਲੀ ਸਪਸ਼ਟ ਅਤੇ ਨਿਖੜਵੀਂ ਸੀ। ਇਹ ਆਪਣੇ ਸਰੋਤਿਆਂ ਦਾ ਮਨ ਇਕਾਗਰ ਕਰਨ ਲਈ ਕੈਸੇ ਜਟਕੇ ਪ੍ਰਮਾਣ ਦੇ ਸਕਦੇ ਹਨ। ਪਹਿਲੇ ਭਾਗ ਦਾ ਆਰੰਭ ਹੀ ਹੇਠਲੀਆਂ ਸਤਰਾਂ ਨਾਲ ਹੁੰਦਾ ਹੈ –

"ਭਾਈ ਸਾਹਿਬ ਹਰਨਾਮ ਸਿੰਘ ਜੀ—ਸਾਡੇ ਰਾਗੀ ਸਿੰਘ, ਜਿਮੀਦਾਰ ਸਨ। ਜਿਸ ਵੇਲੇ ਕਰਦੇ ਸੀ ਸ਼ੁਰੂ ਕੀਰਤਨ ਤੇ ਵਿਆਖਿਆ, ਇਹੋ ਹੀ ਪ੍ਰਮਾਣ ਦਿੰਦੇ ਸਨ ਕਿ ਜਿਸ ਵਕਤ ਬੱਦਲ ਹੋ ਜਾਏ, ਜਿਹੜੇ ਜ਼ਿਮੀਦਾਰ ਸਿਆਣੇ ਹਨ ਉਹ ਬਾਰਸ਼ ਪੈਣ ਤੋਂ ਪਹਿਲੇ ਹੀ ਕਹੀਆਂ ਲੈ ਕੇ ਆਪਣੇ ਖੇਤਾਂ ਦੇ ਵੱਟ-ਬੰਨੇ ਬੰਨ੍ਹ ਲੈਂਦੇ ਹਨ। ਇਸ ਵਾਸਤੇ ਕਿ ਜੇ ਬਾਰਿਸ਼ ਹੋਈ ਤਾਂ ਪਾਣੀ ਨਾ ਰੁੜ੍ਹ ਜਾਏ। ਜਿਹੜੇ ਲੋਕ ਖਿਆਲ ਨਹੀਂ ਰੱਖਦੇ, ਜਿਸ ਵਕਤ ਬਾਰਿਸ਼ ਹੁੰਦੀ ਹੈ, ਉਹਨਾਂ ਦੇ ਖੇਤਾਂ ਦਾ ਪਾਣੀ ਰੁੜ੍ਹ ਕੇ ਉਹਦੀ ਤਾਕਤ ਵੀ ਲੈ ਜਾਂਦਾ ਹੈ। ਦੂਸਰੇ ਦੇ ਖੇਤਾਂ ਵਿਚ ਚਲਾ ਜਾਂਦਾ ਹੈ।

ਇਸੇ ਤਰ੍ਹਾਂ ਸਾਧ-ਸੰਗਤ ਵਿਚ ਆ ਕੇ ਜਦੋਂ ਕਿਸੇ ਜਗ੍ਹਾ ਕਿਸੇ ਸੁਸਾਇਟੀ, ਸਭਾ ਵਿਚ ਜਾਈਏ, ਬੈਠੀਏ, ਵਿਆਖਿਆਨ-ਕਥਾ-ਕੀਰਤਨ ਸੁਣੀਏ ਤਾਂ ਆਪਣੀਆਂ ਵੱਟਾਂ-ਬੰਨੇ, ਕੰਨ, ਅੱਖਾਂ, ਜ਼ੁਬਾਨ, ਮਨ, ਇਹਨੂੰ ਉਪਰਲੇ ਪਾਸੇ ਲਾਈਏ ਤੇ ਕੋਈ ਚੀਜ਼ ਮਿਲ ਜਾਂਦੀ ਹੈ, ਜੇ ਵੱਟਾਂ ਬੰਨੇ ਨਾ ਬੱਝੇ ਹੋਣ, ਝਾਕੀਏ ਕਿਸੇ ਵੱਲ, ਗੱਲ ਕਿਸੇ ਨਾਲ ਕਰਦੇ ਰਹੀਏ, ਕੰਨ ਕਿਧਰੇ ਕਰ ਛੱਡੀਏ ਤੇ ਫਿਰ ਸੁਣਦਾ ਕੁਝ ਨਹੀਂ।"

ਭਾਈ ਧਿਆਨ ਸਿੰਘ ਕਾਦਰਾਬਾਦੀ ਦੇ "ਸਤਿਗੁਰੂ ਬਿਲਾਸ" ਪੁਸਤਕ ਦੀ ਕਥਾ, ਜੋ ਸ੍ਰੀ ਮੁਖ ਤੋਂ ਕੀਤੀ ਜਾਂਦੀ ਸੀ, ਇਹਨਾਂ ਭਾਸ਼ਣਾਂ ਦਾ ਮੁੱਖ ਵਿਸ਼ਾ ਹੈ। ਉਂਞ ਉਹ ਨਾਮਧਾਰੀ ਕਵੀਆਂ ਬਾਰਾਂ ਮਾਹ ਵਾਲੇ ਚੰਦਾ ਸਿੰਘ ਝੱਬਰ, ਨਿਹਾਲ ਸਿੰਘ, ਗਿਆਨੀ ਕਾਲਾ ਸਿੰਘ ਨੰਗਲ ਵਾਲੇ ਤੋਂ ਬਿਨਾਂ ਸੂਰਜ ਪ੍ਰਕਾਸ਼, ਪੰਥ ਪ੍ਰਕਾਸ਼, (ਗਿਆਨੀ ਗਿਆਨ ਸਿੰਘ ਅਤੇ ਰਤਨ ਸਿੰਘ ਭੰਗੂ ਵਾਲੇ ਦੋਵੇਂ), ਨਰਾਇਣ ਹਰੀ ਉਪਦੇਸ਼, ਸੌ ਸਾਖੀ, ਸਾਖੀ ਵੱਡ ਤੀਰਥ ਵਾਲੀ, ਰਹਿਤਨਾਮੇ, ਹੁਕਮਨਾਮੇ, ਗੁਰਿੰਡ ਨਾਮਾ, ਭਾਈ ਗੁਰਦਾਸ ਅਤੇ ਭਾਈ ਨੰਦ ਲਾਲ ਜੀ ਦੀ ਰਚਨਾ, ਅੱਲਾ ਯਾਰ ਜੋਗੀ, ਜਨਮ ਸਾਖੀਆਂ, ਸ੍ਰੀ ਆਦਿ



Sri Satguru Jagjit Singh Ji eLibrary NamdhariElibrary@gmail.com

ਗਰੰਥ ਅਤੇ ਦਸਮ ਗਰੰਥ, ਹਨੂਮਾਨ ਨਾਟਕ, ਵਿਰਾਗ ਸਾਗਰ ਅਦਿ ਗ੍ਰੰਥਾਂ ਦੇ ਹਵਾਲੇ ਵੀ ਦਿੰਦੇ ਹਨ ਜਿਸੇ ਨਾਲ ਵਿਸ਼ੇ ਦਾ ਵਿਸਥਾਰ ਹੋ ਕੇ ਵੀ ਇਕ ਕੇਂਦਰੀ ਨੁਕਤੇ ਤੇ ਸਰੋਤੇ ਪਾਠਕ ਦਾ ਧਿਆਨ ਟਿਕਿਆ ਰਹਿੰਦਾ ਹੈ। ਵਕਤਾ ਦੀ ਖੂਬੀ ਇਸੇ ਗੱਲ ਵਿਚ ਹੁੰਦੀ ਹੈ ਕਿ ਉਹ ਆਪਣੇ ਸਰੋਤਿਆਂ ਵਿਚ ਦਿਲਚਸਪੀ ਬਣਾਈ ਰੱਖਦਾ ਹੈ ਜਿਹਨਾਂ ਦੀ ਉਂਗਲੀ ਫੜਕੇ ਉਹ ਕਦੇ ਉਹਨਾਂ ਨੂੰ ਅਕਾਸ਼ ਵਿਚ ਉਡਾਉਂਦਾ ਹੈ ਕਦੇ ਪਤਾਲ ਲੋਕ ਦੀ ਸੈਰ ਕਰਾਉਂਦਾ ਹੈ ਕਦੇ ਪਿੰਡ-ਸ਼ਹਿਰ ਗਿਰਾਂ ਅਤੇ ਕਦੇ ਖੂੰਖਾਰ ਜਾਨਵਰਾਂ ਨਾਲ ਸ਼ਿੰਗਾਰੇ ਹੋਏ ਵਣਾਂ ਪਰਬਤਾਂ ਵਿਚ ਲੈ ਜਾਂਦਾ ਹੈ। ਸਤਿਗੁਰੂ ਜੀ ਸਿੱਖਾਂ ਦੇ ਮਨਾਂ ਵਿਚ ਗੁਰਸਿੱਖ ਵਾਲਾ ਜੀਵਨ ਜੀਉਣ ਦੀ ਪ੍ਰੇਰਨਾ ਪੈਦਾ ਕਰਦੇ ਸਨ। ਉਹਨਾਂ ਆਪਣਾ ਆਤਮਿਕ ਬਲ ਮਜ਼ਬੂਤ ਕਰਨ ਲਈ ਕਥਨੀ ਤੇ ਕਰਨੀ ਦੇ ਸੂਰੇ ਬਣਨ ਦੀ ਪ੍ਰੇਰਨਾ ਦਿੰਦੇ ਹਨ

ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਵਿਚ ਉਹਨਾਂ ਦੇ ਰੰਗੂਨ ਮਰਗੋਈ ਜਾਕੇ ਦਰਸ਼ਨ ਕਰਨ ਵਿਚ, ਸਿੰਘਾਂ ਨੇ ਜੋ ਜੋ ਜਫ਼ਰ ਜਾਲੇ, ਉਸ ਦਾ ਵੀ ਇਹਨਾਂ ਭਾਸ਼ਣਾਂ ਵਿਚ ਸਜੀਵ ਵਰਣਨ ਹੈ ਅਤੇ ਰਾਮ ਵਿਯੋਗੀ ਕਿਹੋ ਜਹੀ ਹਾਲਤ ਵਿਚ ਰਹਿੰਦੇ ਸਨ ਇਸ ਦਾ ਜ਼ਿਕਰ ਵੀ ਕਲਾਤਮਕ ਸਿਖਰਾਂ ਛੂੰਹਦਾ ਹੈ –

"ਬਾਬਾ ਹਰਨਾਮ ਸਿੰਘ ਜੀ - ਫਰੀਦਕੋਟ ਦੀ ਰਿਆਸਤ ਭਾਣਾ ਪਿੰਡ ਜੋ ਤਿੰਨ ਕੋਹ ਫਰੀਦਕੋਟ ਤੋਂ ਹੈ - ਦੇ ਲੰਬੜਦਾਰ ਸਨ। ਉਨ੍ਹਾਂ ਦੇ ਘਰ ਮਾਈ ਜ। ਦਾ ਨਾਂ ਚੰਦੋ ਸੀ ....... ਜਿਤਨਾ ਚਿਰ ਸਰੀਰ ਰਿਹਾ ਬਾਬਾ ਜੀ ਨੇ ਕੇਸਾਂ ਨੂੰ ਘਿਓ (ਜਾਂ ਤੇਲ) ਨਹੀਂ ਲਾਇਆ - ਪ੍ਰਸ਼ਾਦਾ ਚੋਪੜ ਕੇ ਨਹੀਂ ਛਕਿਆ, ਪੈਰੀਂ ਜੋੜਾ ਨਹੀਂ ਪਾਇਆ, ਮੰਜੀ ਉਤੇ ਸੁੱਤੇ ਨਹੀਂ।...... ਮਾਈ ਚੰਦੋ ਜੀ ਦਾ ਭੀ ਇਹੀ ਹਾਲ ਰਿਹਾ, ਉਨ੍ਹਾਂ ਦੇ ਨੇਤਰਾਂ ਵਿਚੋਂ ਜਲ ਨਹੀਂ ਸੀ ਬੰਦ ਹੁੰਦਾ। ਮਾਈ (ਜੀਵਨ ਕੌਰ) ਜੀ ਦੱਸਦੇ ਸਨ, ਜੇ ਸਿਖ ਆ ਜਾਣ ਸੇਵਾ ਕਰਦੇ ਫਿਰਨਾ, ਜਲ ਵਗਦਾ ਰਹਿਣਾ, ਜੇ ਸਿਖ ਤੁਰ ਜਾਣ ਤੇ ਢਾਹੀ ਮਾਰਨੀਆਂ।" (ਉਹੀ ਸਫਾ ੨੨੯)

ਨਾਮਧਾਰੀ ਪੰਥ ਦੇ ਵਿਕਾਸ ਵਾਸਤੇ ਕੀ ਕੀ ਮੁਸ਼ਕਿਲਾਂ ਆਈਆਂ। ਲੋਕ ਮਾਨਸਿਕਤਾ ਕੀ ਸੀ ? ਜਿਸ ਤਰ੍ਹਾਂ ਤੰਗੀਆਂ ਤੁਰਸ਼ੀਆਂ ਦੇ ਦਿਨ ਖਿੜੇ ਮੱਥੇ, 'ਹੁਕਮਿ ਰਜਾਈ' ਚੱਲ ਕੇ ਕੱਟੇ ਜਾ ਰਹੇ ਸਨ। ਇਕ ਪਰੰਪਰਾ ਜਿਸ ਦੇ ਪਿਛੇ ਅਥਾਹ ਕੁਰਬਾਨੀਆਂ ਸਨ, ਤਪ ਤਿਆਗ ਸੀ, ਵਿਕਸਿਤ ਹੋ ਰਹੀ ਸੀ। ਮਹਾਰਾਜਾ ਰਣਜੀਤ ਸਿੰਘ ਤੋਂ ਬਾਦ ਪੰਜਾਬੀ ਅਤੇ ਵਿਸ਼ੇਸ਼ ਕਰ ਸਿੱਖ ਪਹਿਚਾਣ ਬਣਾਈ ਰੱਖਣ ਲਈ ਨਾਮਧਾਰੀਆਂ ਦਾ ਇਤਿਹਾਸਕ ਰੋਲ ਅਜੋਕੇ ਬੁੱਧੀਜੀਵੀਆਂ ਨੂੰ ਨਹੀਂ ਦਿਸ ਰਿਹਾ ਜਿਹੜੇ "ਕੂਕੇ ਸਿੱਖ ਨਹੀਂ" ਦਾ ਪ੍ਰਲਾਪ ਵੇਲੇ ਕੁਵੇਲੇ ਕਰਦੇ ਰਹਿੰਦੇ ਹਨ।

"ਇਕ ਸਿੰਘ ਸੁਜਾਨ ਸਿੰਘ ਸਤਿਗੁਰਾਂ (ਗੁਰੂ ਰਾਮ ਸਿੰਘ ਜੀ) ਸਜਾਇਆ ਮੁੱਡੀਆਂ (ਜ਼ਿਲ੍ਹਾ ਲੁਧਿਆਣਾ) 'ਚ ਪਹਿਲੇ ਪਹਿਲ ਜਦੋਂ ਆਏ ਨੇ। ਸੁਜਾਨ ਸਿੰਘ ਆਖਿਆ, " ਮਹਾਰਾਜ ਮੇਰੇ ਕੋਲ ਝਾਲ ਨਹੀਂ ਸਿੱਖਾ ਦੀ ਝੱਲੀ ਜਾਂਦੀ।"

ਸਤਿਗੁਰੂ ਕਹਿੰਦੇ, "ਭਾਈ ਸੁਜਾਨ ਸਿੰਹਾਂ ਜੇ ਘਰ ਵਿਚ ਹੋਰ ਕੁਛ ਨਾਂ ਹੋਏ, ਸਿੱਖ ਆਏ ਨੂੰ ਜਲ ਦਾ ਛੰਨਾ ਲੈ ਕੇ ਮਿਲ ਪਈਏ, ਮੂੰਹ ਸਿੱਧਾ ਰਵੇ।"

(....... ਲਾਲ, ਏਹਿ ਰਤਨ, ਭਾਗ ਦੂਜਾ, ਸਫਾ ੩੦੯-੩੧੦)

ਸਤੀ ਦੇ ਸੰਤੋਖੀ ਖਾਏ ਸਿਖ ਅਕਸਰ ਪ੍ਰਸ਼ਾਦ ਛਕਣ ਸਮੇਂ ਕਹਿੰਦੇ ਹਨ। ਪਰ ਕਿਹੋ ਜਿਹੇ ਸੰਤੋਖੀ ਸਨ ਇਸ ਪੰਥ ਦੇ ਲੋਕ ਜੋ ਅਪਣਿਆਂ ਵਿਚ ਵਿਚਰਦੇ ਹੋਏ ਹਰ ਔਖੀ ਘੜੀ ਨੂੰ ਜੀ ਆਇਆਂ ਕਹਿਕੇ ਮਿਲਦੇ ਅਤੇ ਉੜੇ ਥੁੜੇ ਗਰੀਬ ਕਿਸਾਨਾਂ ਨਾਲ ਸਾਂਝ ਪਾਕੇ ਅਨੰਦਿਤ ਹੁੰਦੇ। ਥਾਈਲੈਂਡ ਦੇ ਬੰਕੋਕ ਨਿਵਾਸੀ ਰੱਜੇ ਪੁੱਜੇ ਨਾਮਧਾਰੀ ਸੇਠਾਂ ਨੂੰ ਆਪ ਨੇ ਇਸ ਤਰ੍ਹਾਂ ਦੇ ਸੁਦਾਮਿਆਂ ਦਾ ਪ੍ਰਸੰਗ ਸੁਣਾ ਕੇ ਸਤਿਗੁਰੂ ਪ੍ਰਤਾਪ ਸਿੰਘ ਗੌਰਵੰਤ ਹੁੰਦੇ ਹਨ।

"ਮੈਂ ਹੁਣ ਤੁਹਾਨੂੰ ਕੀ ਦੱਸਾਂ, ਮੈਨੂੰ ਸਾਰੀ ਜ਼ਿੰਦਗੀ 'ਚ ਇਕ ਵਕਤ ਮਿਲਿਆ ਹੈ। ਬਾੜ੍ਹੀਆਂ ਵਾਲੇ ਪਿੰਡ ਵਿਚ (ਜ਼ਿਲ੍ਹਾ ਸ਼ੇਖਪੂਰਾ) ਭਾਈ ਬੀਰ ਸਿੰਘ ਜੀ ਹੋਰੀਂ ਹੁੰਦੇ ਸਨ, ਇਕ ਨਾਮਧਾਰੀ ਸਿੰਘ, ਹੀਰਾ ਸਿੰਘ ਖਤਰਾਵਾਂ, (ਜ਼ਿਲ੍ਹਾ ਅੰਮ੍ਰਿਤਸਰ ਦੇ ਭਰਾ ਸੂਰਤ ਸਿੰਘ ਦੇ ਚਾਚੇ ਤਾਏ।.......... ਅਣਆਈ ਉਸ ਸਾਲ ਇਤਨੀ ਲੱਗੀ ਹੋਈ ਸੀ ਕਿ ਲੋਕਾਂ ਨੇ ਦਰਖਤ ਵੱਢ ਕੇ ਸੜਕਾਂ ਦੇ ਡੰਗਰਾਂ ਨੂੰ ਚਾਰ ਲਏ ਸੀ। ਨਨਕਾਣੇ ਸਾਹਿਬ ਦਾ ਮੇਲਾ ਸੀ ਅਸੀਂ ਘੋੜੀਆਂ ਵਾਲਿਆਂ ਦੇ ਨਾਲ ਰਾਤ ਨੂੰ ਰਹੇ ......... ਬਾਬਾ ਬੂਟਾ ਸਿੰਘ ਹੋਰਾਂ ਦੇ ਨਾਲ। ਮਾਤਾ ਜੀ ਵੱਡੇ। ਮਹਾਰਾਜ ਨਿਹਾਲ ਸਿੰਘ ਜੀ, ਗੁਰਦਿਆਲ ਸਿੰਘ ਜੀ, ਅਸੀਂ ਦਸ ਪੰਦਰਾਂ ਸਰੀਰ ਬਾੜ੍ਹੀਆਂ ਆ ਗਏ। ਓਹਨਾਂ ਸਿੱਖਾਂ ਦੇ ਘਰ ਗਏ। ਓਹਨਾਂ ਦੇ ਘਰ ਕਣਕ ਦਾ ਆਟਾ ਵੀ ਨਹੀਂ ਸੀ, ਘਿਓ ਤਾਂ ਕਿੱਥੇ ? ਉਹਨਾਂ ਦੇ ਸਾਰੇ ਪਿੰਡ ਵਿਚ ਚਹੁੰ ਅਨਿਆ ਦਾ ਘਿਓ ਭਾਲਿਆ, ਨਹੀਂ ਮਿਲਿਆ। ਪ੍ਰਸ਼ਾਦੇ ਮਿੱਸੇ ਤੰਦੂਰੇ ਲਾਏ। ਅੱਧ ਸੇਰ ਪੱਕਾ ਦੁੱਧ ਉਨ੍ਹਾਂ ਦੇ ਘਰ ਸੀ ਜਿਹੜਾ ਤੱਤਾ ਧਰਿਆ ਹੋਇਆ ਸੀ। ਉਹ ਲਿਆ ਕੇ ਸਾਨੂੰ ਸਾਰਿਆਂ ਨੂੰ ਦਿਤਾ ਅਸੀਂ ਥੋੜਾ-ਥੋੜਾ ਵੰਡਿਆ। ਉਨ੍ਹਾਂ ਪ੍ਰਸ਼ਾਦਿਆਂ ਵਰਗਾ ਸੱਚੀ ਗੱਲ ਹੈ .... ਸਾਰੀ ਜ਼ਿੰਦਗੀ 'ਚ ਇਹੋ ਜਿਹਾ ਸਵਾਦ ਨਹੀਂ ਆਇਆ। ...... ਉਹ ਚੀਜ਼ ਸੀ ਸਿਖੀ ਦੇ ਵਿਚ, ਪ੍ਰੇਮ ਦੇ ਵਿਚ।........ ਸਾਡਾ ਹੁਣ ਕੰਮ ਕੀ ਹੈ ? ਸਭ ਤੋਂ ਵੱਡੀਆਂ ਸਤਿਗੁਰਾਂ ਦੀਆਂ ਖੁਸ਼ੀਆਂ, ਵੱਡੇ ਮੇਲੇ ਇਹ ਹਨ, ਜੇ ਗਰੀਬਾਂ ਦੇ ਮੂੰਹ ਅੰਨ ਪਵੇ, ਜੇ ਨੰਗੇ ਨੂੰ ਕੱਪੜਾ ਮਿਲ ਜਾਏ, ਜੇ ਕਿਸੇ ਗਰੀਬ



Sri Satguru Jagjit Singh Ji eLibrary NamdhariElibrary@gmail.com

ਦਾ ਕਾਰਜ ਸਰ ਜਾਏ। ਸਤਿਗੁਰੂ ਕ੍ਰਿਪਾ ਕਰਨ ਮੇਰੇ ਤੇ ਵੀ ਤੁਸੀਂ ਇਹ ਕ੍ਰਿਪਾ ਕਰੋ, ਮੇਰਾ ਮਨ ਵੀ ਇਸ ਗੱਲ ਵੱਲ ਦੇਖਦਾ ਰਿਹਾ ਕਰੇ, ਸਾਰਾ ਵਕਤ ਨਹੀਂ ਇਕੋ ਜਿਹਾ ਰਹਿੰਦਾ। ਇਹ ਬੜੀ ਜ਼ਰੂਰੀ ਚੀਜ਼ ਹੈ।" (..... ਉਹੀ ੩੧੦-੧੧)

ਆਸ ਕਰਨੀ ਚਾਹੀਦੀ ਹੈ ਕਿ ਬਾਕੀ ਤਿੰਨ ਜਿਲਦਾਂ ਜੋ ਸੰਪਾਦਿਤ ਹੋ ਚੁੱਕੀਆਂ ਹਨ ਅੱਖਰਾਂ ਦੇ ਜਾਮੇ ਵਿਚ ਛੇਤੀ ਹੀ ਆ ਜਾਣਗੀਆਂ ਤੇ ਹੁਣ ਤੱਕ ਦੇ ਮੌਜੂਦ ਨਾਮਧਾਰੀ ਸਾਹਿਤ ਵਿਚ ਇਕ ਜ਼ਿਕਰਯੋਗ ਵਾਧਾ ਹੋਏਗਾ। ਬੀਬੀ ਜੀ ਇਸ ਅਦੁੱਤੀ ਸੇਵਾ ਲਈ ਧੰਨਤਾ ਦੇ ਪਾਤਰ ਹਨ।

ਖਾਲਸਾ ਸਾਜਨਾ ਦੇ ੩੦੦ ਸਾਲਾ ਆਯੋਜਨਾਂ ਦੇ ਸੰਦਰਭ ਵਿਚ ਬੀਬੀ ਬੇਅੰਤ ਕੌਰ ਨੇ ਕੌਮਾਂਤਰੀ ਭਾਈਚਾਰੇ ਨੂੰ ਨਾਮਧਾਰੀ ਸਮਾਜ ਸਤਿਗੁਰੂਆਂ, ਸ਼ਹੀਦੀ, ਸਾਕਿਆਂ, ਰਹਿਤ ਮਰਯਾਦਾ ਅਤੇ ਇਸਦੇ ਇਤਿਹਾਸ ਤੇ ਪੰਛੀ ਝਾਤ ਪੁਆਉਣ ਖਾਤਿਰ ਅੰਗ੍ਰਜ਼ੀ ਵਿਚ "ਦੀ ਨਾਮਧਾਰੀ ਸਿੱਖਜ਼' ਨਾਂ ਦੀ ਵੱਡ ਆਕਾਰੀ ੬੬ ਪੰਨਿਆ ਵਾਲੀ ਬਹੁਤ ਵਧੀਆ ਛਾਪੀ ਹੋਈ ਰਚਨਾ ਪ੍ਰਸਤੁਤ ਕੀਤੀ। ਪਹਿਲੇ ਗੁਰੂ ਜੀ ਤੋਂ ਲੈਕੇ ਹੁਣ ਵਰਤਮਾਨ ਸਤਿਗੁਰੂ ਜੀ ਤੱਕ ਪੂਰਾ ਕੁਰਸੀਨਾਮਾ ਦਿਤਾ ਹੈ। ਸੁਰਜੀਤ ਸਿੰਘ "ਜੀਤ" ਵਲਾਇਤ ਵਾਸੀ ਤੋਂ ਇਲਾਵਾ ਵਿਸ਼ਵ ਪ੍ਰਸਿੱਧ ਇਤਿਹਾਸਕਾਰ ਡਬਲਊ. ਐਚ. ਮੈਕਲੌਡ ਅਤੇ ਖੁਸ਼ਵੰਤ ਸਿੰਘ ਦੀਆਂ ਕੂਕਿਆਂ ਬਾਰੇ ਵੀ ਲਿਖਤਾਂ ਦਰਜ ਕੀਤੀਆਂ ਹਨ।

ਬੀਬੀ ਹੋਰਾਂ ਨੇ ਆਦਿ ਗ੍ਰੰਥ ਦੇ ਬਾਰਾਂ ਮਾਹਾਂ ਤੋਂ ਬਾਦ ਦਸਮ ਗ੍ਰੰਥ ਵਿਚ ਆਏ ਦੋ ਬਾਰਾ ਮਾਹਾਂ ਤੇ "ਇਹ ਸੁੰਦਰਿ ਸਯਾਮ ਕੀ ਮਾਨ ਤਮੈ" ਅਤੇ "ਬਚਿੱਤਰ ਨਾਟਕ ਇਕ ਅਪੂਰਵ ਕ੍ਰਿਤੀ", ਇਹਨਾਂ ਬਾਣੀਆ ਦਾ ਵਿਸਤਰਿਤ ਅਧਿਅਨ ਕਰਕੇ ਪ੍ਰਕਾਸ਼ਿਤ ਕਰਵਾਈਆਂ ਹਨ। ਉਹਨਾਂ ਤੇ ਚਰਚਾ ਕਦੇ ਫੇਰ ਸਹੀ।

ਉਂਝ ਨਾਮਧਾਰੀ ਸ਼ਹੀਦਾਂ ਤੇ ਹੋਰ ਸਿਖ ਸ਼ਹੀਦਾਂ ਬਾਰੇ ਪ੍ਰਸਿੱਧ ਬੀਬੀਆਂ ਅਤੇ "ਨਾਮਧਾਰੀ ਰਹਿਤ ਮਰਿਆਦਾ" ਬਾਰੇ ਵੀ ਤਿੰਨ ਪੁਸਤਕਾ ਤਿਆਰ ਹਨ। ਬੀਬੀ ਜੀ ਆਪਣੇ ਪੰਥ ਦੇ ਅਨੁਸ਼ਾਸਨ ਵਿਚ ਦ੍ਰਿੜ ਰਹਿੰਦੇ ਹਨ ਅਤੇ ਕੋਈ ਵੀ ਰਚਨਾ ਵਰਤਮਾਨ ਸਤਿਗੁਰੂ ਜੀ ਜਾਂ ਉਹਨਾਂ ਵੱਲੋਂ ਥਾਪੀ ਪੜਤਾਲ ਕਮੇਟੀ ਦੀ ਮਨਜ਼ੂਰੀ ਤੋਂ ਬਿਨਾਂ ਛਾਪੇ ਲਈ ਨਹੀਂ ਭੇਜਦੇ। ਉਹਨਾਂ ਆਪਣਾ ਵਸੀਲਿਆਂ ਤੋਂ ਵਧਕੇ ਵੀ ਇਹ ਗਿਆਨ ਗੰਗਾ ਵਹਾਉਣ ਦਾ ਉਪਰਾਲਾ ਕੀਤਾ ਹੈ। ਕਲਮ ਕਾਰ ਜੋ ਆਪਣੀ ਰਚਨਾ ਦੇ ਮਾਧਿਅਮ ਨਾਲ ਆਉਣ ਵਾਲੇ ਸਮੇਂ ਦੀਆ ਲੋੜਾਂ ਦੀ ਪੂਰਤੀ ਕਰ ਰਿਹਾ ਹੁੰਦਾ ਹੈ। ਜਿਸਦਾ ਉਸਨੂੰ ਖੁਦ ਨੂੰ ਵੀ ਕੋਈ ਬੋਧ ਨਹੀਂ ਹੁੰਦਾ। ਬੀਬੀ ਹੋਰਾਂ ਨੇ ਆਪਣੇ ਸਯੋਗ ਜੀਵਨ ਸਾਥੀ ਸ੍ਰ. ਸੰਤ ਸਿੰਘ ਅਤੇ ਸੁਲੱਗ-ਪੁੱਤਰਾਂ ਨੂੰਹਾਂ ਦੀ ਸਹਾਇਤਾ ਨਾਲ ਜੋ ਕਾਰਜ ਥੋਹੜੇ ਸਮੇਂ ਵਿਚ ਹੀ ਸੰਪੰਨ ਕਰ ਲਏ ਹਨ ਉਸਨੂੰ ਵੇਖ ਕੇ ਉਹਨਾਂ ਦੇ ਜਜ਼ਬੇ ਸਿਰੜ ਤੇ ਸਿਦਕ ਨੂੰ ਸਲਾਮ ਕਰਨੀ ਬਣਦੀ ਹੈ। ਸੂਬਾ ਗੰਡਾ ਸਿੰਘ ਜੀ ਦੀ ਲਾਡਲੀ ਬੱਚੀ ਅਪਣੀ ਸਿਰਜਣ ਪ੍ਰਕਿਰਿਆ ਦੁਆਰਾ ਨਾਮਧਾਰੀ ਜਗਤ ਦੇ ਸਾਹਿਤਕ ਪਛੜੇਵੇਂ ਨੂੰ ਦੂਰ ਕਰਨ ਲਈ ਏਸੇ ਲਗਨ, ਚਾਉ ਅਤੇ ਉਮਾਹ ਨਾਲ ਜੁੱਟੀ ਰਹੇ। ਗੁਰੂ ਪਿਆਰਿਆਂ ਮਸਤਾਨਿਆ, ਸ਼ਹੀਦਾਂ ਅਤੇ ਆਸ਼ਕਾਂ-ਸਾਦਕਾਂ ਦਾ ਇਹ ਪੰਥ ਆਪਣੇ ਪ੍ਰਤੀ ਕੀਤੀਆਂ ਇਸ ਬੀਬੀ ਦੀਆਂ ਸੇਵਾਵਾਂ ਦਾ ਉੱਚ ਮੁਲੰਕਨ ਕਰੇਗਾ ਹੀ, ਪੰਜਾਬੀ ਸਾਹਿਤ ਦੀਆਂ ਉਂਗਲਾਂ ਤੇ ਗਿਣੇ ਜਾਣ ਵਾਲੀਆਂ ਭੈਣਾਂ ਵਿਚ ਵੀ ਉਹਨਾਂ ਦਾ ਬਣਦਾ ਸਥਾਨ ਲਾਜ਼ਮੀ ਨਿਸਚਿਤ ਹੋਵੇਗਾ। ਇਹ ਮੇਰਾ ਵਿਸ਼ਵਾਸ ਹੈ।

**ਕਰੀਵਾਲਾ (ਸਿਰਸਾ)**

੨੦.੭.੨੦੦੦

# ਸੁੰਦਰਤਾ

ਸੁੰਦਰਤਾ ਦੀ ਭਾਲ ਵਿਚ ਭਾਵੇਂ ਅਸੀਂ ਸਾਰੀ ਦੁਨੀਆ ਦਾ ਚੱਕਰ ਲਾ ਆਈਏ, ਜੇਕਰ ਉਹ ਸਾਡੇ ਅੰਦਰ ਨਹੀਂ ਤਾਂ ਕਿਤੇ ਨਹੀਂ ਮਿਲੇਗੀ।

**—ਐਮਰਸਨ**

* ਸੁੰਦਰਤਾ ਅਤੇ ਸਦਾਚਾਰ ਸ਼ਖਸੀਅਤ ਦੇ ਸਮਾਨ ਅਤੇ ਸੁਤੰਤਰ ਤੱਤ ਹਨ।

—ਲਾਲਾ ਹਰਦਿਆਲ ਹਿੰਟਸ ਫਾਰ ਸੈਲਫ ਕੱਲਚਰ

* ਅਨੇਕ ਅਤਿ ਸੁੱਚੇ ਮੋਤੀ
  ਸਾਗਰ ਦੀਆਂ ਅਣਘੋਖੀਆਂ ਕਾਲੀਆਂ ਕੰਦਰਾਂ
  ਵਿਚ ਛੁਪੇ ਰਹਿੰਦੇ ਹਨ।
  ਤੇ ਅਨੇਕ (ਅਤਿ ਸੁੰਦਰ) ਫੁੱਲ
  ਅਣਸਲਾਹੇ ਹੀ ਖਿੜਨ ਵਾਸਤੇ ਜੰਮਦੇ ਹਨ।

**—ਥਾਮਸ ਗਰੇ**

* ਖੂਬਸੂਰਤੀ ਤਾਂ ਰੱਬ ਸਭ ਨੂੰ ਦਿੰਦਾ ਹੈ
  ਪਰ ਸੁਭਾਅ ਕਿਸੇ ਕਿਸੇ ਨੂੰ

**—ਅਗਿਆਤ**

* ਸੋਹਣਾ ਉਹ ਜੋ ਸੋਹਣੇ ਕੰਮ ਕਰੇ।

**—ਅਗਿਆਤ**

* ਸੁੰਦਰਤਾ ਵੇਖਣ ਵਾਲੇ ਦੀ ਅੱਖ ਵਿਚ ਹੁੰਦੀ ਹੈ
  ਵੇਖੀ ਜਾਣ ਵਾਲੀ ਚੀਜ਼ ਵਿਚ ਨਹੀਂ।

—ਇਕ ਕਹਾਵਤ



Sri Satguru Jagjit Singh Ji eLibrary NamdhariElibrary@gmail.com

# ਦਖਣੀ ਅਫ਼ਰੀਕਾ ਦੀ ਯਾਤਰਾ

—ਜਗਦੀਸ਼ ਸਿੰਘ

੯ ਦਸੰਬਰ ੧੯੯੯ ਕੇਪ ਟਾਊਨ ਵਿਚ ਸੰਸਾਰ ਦੇ ਧਰਮਾਂ ਦੀ ਸੰਸਦ ਸਮਾਪਤ ਹੋਣ ਬਾਦ ਅਜ ਇਹ ਸਾਡਾ ਪਹਿਲਾਂ ਦਿਨ ਸੀ। ਏਨੇ ਦਿਨ ਰਸਮੀ ਤੇ ਗ਼ੈਰ ਰਸਮੀ ਸਰਗਰਮੀਆਂ ਵਿਚ ਪੂਰੀ ਤਰ੍ਹਾਂ, ਰੁਝੇ ਰਹੇ ਸਾਂ। ਸਾਡੇ ਨੈਰੋਬੀ ਵਾਲੇ ਮਿਤਰ ਵਾਪਸ ਜਾ ਚੁੱਕੇ ਸਨ। ਹੁਣ ਅਪਣਾ ਰਾਹ ਆਪ ਹੀ ਬਨਾਉਣਾ ਸੀ। ਸਾਡੇ ਕੋਲ ਇਕੋ ਤੰਦ ਸੀ, ਸਾਡਾ ਡਰਾਇਵਰ ਅਨਵਰ। ਉਹ ਸਾਡਾ ਗਾਈਡ ਵੀ ਸੀ ਅਤੇ ਸਚ ਮੁੱਚ ਇਸ ਕੰਮ ਵਾਸਤੇ ਢੁਕਵਾਂ ਵੀ। ਇਥੇ ਨਿਤ ਯਾਤਰੂਆਂ ਨਾਲ ਉਹਦਾ ਵਾਹ ਪੈਂਦਾ ਹੀ ਸੀ ਇਸ ਵਾਸਤੇ ਡਰਾਇਵਰੀ ਤੋਂ ਇਲਾਵਾ ਇਕ ਚੰਗੇ ਗਾਈਡ ਦੇ ਗੁਣ ਵੀ ਉਸ ਵਿਚ ਕੁਦਰਤੀ ਸਨ। ਹਲੀਮੀ ਆਜਜ਼ੀ ਆਦਰ ਸਤਿਕਾਰ, ਮਿਠ ਬੋਲਣਾ ਅਤੇ ਡਿਊਟੀ ਦੀ ਪਕਿਆਈ।

ਅੱਜ ਦੇ ਦਿਨ ਵਾਸਤੇ ਦੋ ਹੀ ਪ੍ਰੋਗਰਾਮ ਨਿਸਚਿਤ ਹੋਏ। ਇਕ ਤਾਂ ਸੀ ਕੇਪ ਟਾਊਨ ਸ਼ਹਿਰ ਦੀ ਪਛਾਣ ਨਾਲ ਜੁੜਿਆ ਪਹਾੜ, ਟੇਬਲ ਮਾਊਨਟੇਨ ਅਤੇ ਦੂਸਰਾ ਸੀ ਨੈਲਸਨ ਮੰਡੇਲਾ ਦੇ ਕੈਦਖਾਨੇ ਵਾਲਾ ਪਾਣੀ ਨਾਲ ਘਿਰਿਆ ਟਾਪੂ ਰਾਬਨ ਆਈਲੈਂਡ। ਸਾਰੀ ਯਾਤਰਾ ਬਾਰੇ ਅਗਊਂ ਵਾਕਫੀ (ਜ਼ਬਾਨੀ ਤੇ ਛੱਪੀ ਹੋਈ) ਅਨਵਰ ਤੋਂ ਮਿਲ ਗਈ ਸੀ। ਦੁਪਹਿਰੋਂ ਪਹਿਲਾਂ ਟੇਬਲ ਮਾਊਨਟੇਨ ਤੇ ਜਾਣਾ ਸੀ ਅਤੇ ਬਾਦ ਵਿਚ ਰਾਬਨ ਆਈਲੈਂਡ। ਜਦੋਂ ਅਸੀਂ ਕੇਪ ਟਾਊਨ ਆਏ ਸੀ ਤਾਂ ਇੰਜ ਲਗਦਾ ਸੀ ਕਿ ਸ਼ਹਿਰ ਦਾ ਨਕਸ਼ਾ ਜਾਂ ਆਲਾ ਦੁਆਲਾ ਦਿਮਾਗ ਦੇ ਕਿਸੇ ਕੋਣੇ ਵਿਚ ਸੁਰੱਖਿਅਤ ਪਿਆ ਹੈ। ਸ਼ਾਇਦ ਪਹਿਲੋਂ ਵੇਖਿਆ ਹੈ ਜਾਂ ਇਹੋ ਜਿਹਾ ਕੁਝ ਹੋਰ ਵੇਖਿਆ ਹੈ। ਅਸਲ ਕਾਰਨ ਇਹ ਸੀ ਜਦੋਂ ਵੀ ਕਿਤੇ ਕੇਪ ਟਾਊਨ ਸ਼ਹਿਰ ਨੂੰ ਵੇਖਿਆ, ਕਿਸੇ ਤਸਵੀਰ ਪੁਸਤਕ ਰਸਾਲੇ ਵਿਚ ਜਾਂ ਫਿਲਮ ਵਿਚ ਤਾਂ ਇਕ ਐਸੇ ਪਹਾੜ ਦੇ ਪੈਰਾਂ ਹੇਠ ਹੀ ਵੇਖਿਆ ਜੋ ਤਰਾਸ਼ ਕੇ ਉਪਰੋਂ ਪਧਰਾ ਚਪਟਾ ਕੀਤਾ ਹੋਇਆ ਲਗਦਾ ਸੀ। ਉਚੀਆਂ ਨੀਵੀਆਂ ਚੋਟੀਆਂ ਵਾਲਾ ਨਹੀਂ ਸਗੋਂ ਬਲਾਕ ਦੇ ਬਲਾਕ ਜੇਹਾ ਹੀ। ਇਕ ਰਾਤ ਅਸਮਾਨ ਵਲ ਤਕਾਉਂਦਿਆਂ ਸੂਬਾ ਸਤਨਾਮ ਸਿੰਘ ਨੇ ਕਿਹਾ ਸੀ ਉਹ ਬਦਲਾਂ ਵਿਚ ਤੁਸੀਂ ਤਾਰਿਆਂ ਦੀਆਂ ਖ਼ੂਬਸੂਰਤ ਲੜੀਆਂ ਦੇਖ ਰਹੇ ਹੋ ਨਾ। ਮੇਰੇ ਹਾਂ ਕਹਿਣ ਤੇ ਉਹਨਾਂ ਕਿਹਾ ਕਿ ਇਹ ਦਰਅਸਲ ਟੇਬਲ ਮਾਊਨਟੇਨ ਤੇ ਜਗ ਰਹੀਆਂ ਬੱਤੀਆਂ ਹਨ। ਸਚ ਮੁਚ ਖੁਲੇ ਆਕਾਸ਼ ਵਿਚ ਉਹ ਬੱਤੀਆਂ ਅਸਮਾਨੀ ਤਾਰੇ ਹੀ ਲਗਦੇ ਸਨ।

ਸਾਡੇ ਸਮੁੰਦਰ ਕੰਢੇ ਡੇਰੇ ਤੋਂ ਵੀ ਰਾਤ ਨੂੰ ਜਗਮਗਾਉਂਦੇ ਸ਼ਹਿਰ ਅਤੇ ਪਿਛੇ ਟੇਬਲ ਮਾਉਂਟੇਨ ਦਾ ਨਜ਼ਾਰਾ ਇਵੇਂ ਸੀ ਜਿਵੇਂ ਬਹੁਤ ਵਡੇ ਦੇਵਤਾ ਦੇ ਪੈਰਾਂ ਵਿਚ ਇਹ ਬਹੁਤ ਵਿਸ਼ਾਲ ਲਿਸ਼ਕਦੇ ਹੀਰਿਆਂ ਜੜਿਆ ਥਾਲ ਪਿਆ ਹੋਵੇ। ਪਰ ਅਸੀਂ ਤਾਂ ਦਿਨ ਵੇਲੇ ਜਾ ਰਹੇ ਸਾਂ। ਮੱਠੀ ਮੱਠੀ ਧੁੱਪ ਵਿਚ ਮੌਸਮ ਸਾਫ ਸ਼ਫਾਫ ਸੀ। ਗੱਡੀ ਉਚੀ ਤੋਂ ਉਚੀ ਹੁੰਦੀ ਜਾ ਰਹੀ ਸੜਕ ਤੇ ਦੌੜ ਰਹੀ ਸੀ। ਅੰਤ ਅਸੀਂ ਟੇਬਲ ਮਾਊਂਟੇਨ ਦੇ ਪੈਰਾਂ ਵਿਚ ਜਾ ਖਲੋਤਾਂ ਇੱਥੇ ਬਹੁਤ ਰੌਣਕ ਸੀ, ਭੀੜ ਸੀ ਅਤੇ ਚੀਜ਼ਾਂ ਵੇਚਣ ਵਾਲੇ ਛੋਟੇ ਮੋਟੇ ਦੁਕਾਨਦਾਰ ਵੀ ਸਨ। ਬਹੁਤ ਸਾਰੇ ਕਾਲੇ ਲੋਕ ਇਥੇ ਦਰਸ਼ਕਾਂ ਦੇ ਰੂਪ ਵਿਚ ਬੈਠੇ ਹੋਏ ਸਨ। ਜਿਵੇਂ ਮੇਲਾ ਵੇਖਣ ਆਏ ਹੋਣ। ਅਤੇ ਉਹਨਾਂ ਲਈ ਮੁਖ ਆਕਰਸ਼ਨ ਸੀ ਮੁਸਾਫਰਾਂ ਨੂੰ ਥਲਿਓ ਚੁਕ ਕੇ ਤਾਰ ਕੇ ਰਸੇ ਰਾਹੀਂ ਉਪਰ ਲਿਜਾਣ ਵਾਲੀ ਘੁਮਦੀ ਹੋਈ ਟਰਾਲੀ। ਇਹ ਹਵਾਈ ਟਰਾਲੀ ਦਾ ਰਾਹ ਦੋ ਕੁ ਸਾਲ ਪਹਿਲਾਂ ਹੀ ਬਣਿਆ ਹੈ ਅਕਤੂਬਰ ੧੯੯੭ ਵਿਚ। ਇੰਨਜੀਨਰਿੰਗ ਦਾ ਕਮਾਲ ਹੈ। ੧੦੮੫ ਮੀਟਰ ਉੱਚੀ ਪਹਾੜੀ ਹੈ ਤੇ ਟਰਾਲੀ ਲੋਹੇ ਦੀਆਂ ਤਾਰਾਂ ਰਾਹੀਂ ੧੨੦੦ ਮੀਟਰ ਦਾ ਤਿਰਛਾ ਸਫਰ ਤੈ ਕਰਦੀ ਹੈ। ਅਸਲ ਵਿਚ ਦੋ ਟਰਾਲੀਆਂ ਹਨ।

ਇਕ ਟਰਾਲੀ ਜਾਂਦੀ ਹੈ ਇਕ ਆਉਂਦੀ ਹੈ। ਅਸੀਂ ੬੫ ਰੈਂਡ ਫੀ ਸਵਾਰੀ ਦੇ ਕੇ ਅਠ ਟਿਕਟਾਂ ਲਈਆਂ। ਲਿਫਟਾਂ ਅਤੇ ਪੌੜੀਆਂ ਰਾਹੀਂ ਬਹੁਤ ਉਚੇ ਪਲੇਟਫਾਰਮਾ ਤੇ ਪਹੁੰਚੇ ਜਿਥੇ ਦੋਹਾਂ ਟਰਾਲੀਆਂ ਵਾਸਤੇ ਵਖਰੇ-ਵਖਰੇ ਪਲੇਟਫਾਰਮ ਬਣੇ ਹੋਏ ਸਨ। ਬਹੁਤ ਜੁਗਤ ਨਾਲ ਯਾਤਰੂ ਟਰਾਲੀਆਂ ਵਿਚ ਸਵਾਰ ਕੀਤੇ ਗਏ। ਫੇਰ ਸਫਰ ਸ਼ੁਰੂ ਹੋ ਹੋਇਆ। ਇਹ ਟਰਾਲੀ ਇਕ ਗੋਲ ਕਮਰੇ ਵਰਗੀ ਸੀ ਜਿਸ ਦੇ ਬਾਹਰ ਸ਼ੀਸ਼ੇ ਲੱਗੇ ਹੋਏ ਸਨ। ਆਲੇ ਦੁਆਲੇ ਥਲੇ ਉਪਰ ਨਜ਼ਾਰਾ ਵੇਖਣ ਵਾਸਤੇ। ਇਹ ੧੨੦੦ ਮੀਟਰ ੧੦ ਮਿੰਟ ਵਿਚ ਮੁਕਾ ਲੈਂਦੀ ਹੈ। ਇਹ ਕੇਂਦਰੀ ਧੁਰੇ ਦੁਆਲੇ ਘੁਮਦੀ ਵੀ ਜਾਂਦੀ ਹੈ। ਅੰਦਰੋਂ ਤਾਂ ਇਵੇਂ ਹੀ ਲਗਦਾ ਹੈ ਜਿਵਲੇਂ ਉਡਨ ਖਟੋਲਾ ਹਵਾ ਵਿਚ ਉਡ ਰਿਹਾ ਹੈ। ਪਹਾੜੀ ਦੇ ਪੈਰ ਦੂਰ ਹੁੰਦੇ ਗਏ ਅਤੇ ਚੋਟੀ ਨੇੜੇ ਆਉਂਦੀ ਗਈ। ਆਲੇ ਦੁਆਲੇ ਦਾ ਨਜ਼ਾਰਾ ਵੀ ਦਿਸਦਾ ਰਿਹਾ। ਹੋਰ ਦੂਰ ਵਾਲੇ ਪਹਾੜ ਵੀ। ਵਾਪਸ ਆ ਰਹੀ ਟਰਾਲੀ ਵੀ ਲਾਗਿਓ ਲੰਘ ਗਈ। ਤੇ ਲਓ ਜੀ ਅਸੀਂ ਸਿਖਰ ਤੇ ਪੁੱਜ ਗਏ। ਅਸਲੀ ਕਹਾਣੀ ਤਾਂ ਏਨੀ ਹੀ ਹੈ।

ਉਪਰ ਪਹਾੜ ਦੇ ਸਿਖਰ ਤੋਂ ਥਲੇ ਕੇਪ ਟਾਊਨ ਸ਼ਹਿਰ ਦਾ ਨਜ਼ਾਰਾ ਸੀ ਸਮੁੰਦਰ ਸੀ, ਜਹਾਜ਼ ਸਨ ਸੜਕਾਂ ਤੇ ਇਮਾਰਤਾਂ ਬਸ ਜਿਵੇਂ ਤੁਸੀਂ ਜਹਾਜ਼ ਤੋਂ ਵੇਖ ਰਹੇ ਹੋਵੋ। ਪਹਾੜ ਉਪਰ ਰਸਤੇ ਬਣੇ ਹੋਏ ਸਨ, ਸੈਰ ਕਰਨ ਵਾਸਤੇ। ਫੁਲ ਬੂਟੇ ਲਗੇ ਹੋਏ ਸਨ ਕਿਤੇ ਕਿਤੇ ਘਾਹ ਵੀ ਸੀ। ਬਾਕੀ ਸਭ ਪੱਥਰ ਹੀ ਸਨ। ਫਿਰਨ ਤੁਰਨ ਵਾਸਤੇ ਪਿਕਨਿਕ ਵਾਸਤੇ ਵਧੀਆ ਥਾਂ ਸੀ। ਛੁੱਟੀ ਵਾਲਾ ਦਿਲ ਕਟਣ ਵਾਸਤੇ ਠੀਕ ਟਿਕਾਣਾ ਸੀ। ਪਰੇ ਤੋਂ ਪਰੇ ਸੈਰ ਕਰੋ। ਖਾਣ ਤੇ 'ਪੀਣ' ਵਾਸਤੇ ਵਿਵਸਥਾ



Sri Satguru Jagjit Singh Ji eLibrary NamdhariElibrary@gmail.com

ਸੀ। ਹੋਟਲ ਸਨ ਅਤੇ ਤੋਹਫੇ ਖਰੀਦਣ ਵਾਸਤੇ ਦੁਕਾਨਾਂ ਸਨ। ਛੋਟੇ ਮੋਟੇ ਜਾਨਵਰ ਵੀ ਸਨ ਬਿਲੇ ਬਾਂਦਰ ਆਦਿ ਤੇ ਖਰਗੋਸ਼ਾਂ ਜਿਹੇ ਚੂਹੇ ਵੀ। ਨਜ਼ਾਰੇ ਵੇਖੋ, ਵੰਨ ਸੁਵੰਨੇ ਲੋਕਾਂ ਨੂੰ ਮਿਲੋ ਫੋਟੋ ਖਿਚਵਾਓ ਜੇ ਤਗੜੇ ਖਾਣੇ ਨਮਕੀਨ, ਬਿਸਕੁਟ ਆਦਿ ਲੈ ਗਏ ਹੋ ਤਾਂ ਖੂਬ ਛਕੋ ਭੁੱਖ ਬਹੁਤ ਲਗੇ ਗੀ। ਦੂਰ ਦੂਰ ਤਕ ਸੈਰ ਕਰੋ ਥੱਕ ਜਾਓ ਤਾਂ ਵਾਪਸ ਆ ਜਾਓ। ਵਾਪਸੀ ਤੇ ਮੁੜ ਟਰਾਲੀ ਦਾ ਹੂਟਾ ਲਵੋ। ਤੁਸੀਂ ਘੰਟੇ ਵਿਚ ਵੀ ਵਾਪਸ ਆ ਸਕਦੇ ਹੋ ਤੇ ਸਾਰਾ ਦਿਨ ਲਾ ਕੇ ਵੀ। ਅਸੀਂ ਅਤਿ ਨਵੀਨ (Ultra Modern Cable way) ਰੱਸੇ ਦੇ ਰਸਤੇ ਦਾ ਸਫਰ ਕਰ ਲਿਆ ਸੀ। ਸਫਰ ਜੋ ਹਰ ਯਾਤਰੂ ਦੀ ਸੂਚੀ ਵਿਚ ਸਭ ਤੋਂ ਉਪਰ ਹੁੰਦਾ ਹੈ।

ਦੁਪਹਿਰ ਤੋਂ ਬਾਦ ਅਸੀਂ ਰੌਬਨ ਟਾਪੂ ਦੀ ਯਾਤਰਾ ਵਾਸਤੇ ਚਲੇ। ਰਾਬਨ ਟਾਪੂ ਸਮੁੰਦਰ ਦੇ ਵਿਚ ਉਹ ਥਾਂ ਹੈ ਜਿਥੇ ਦਖਣੀ ਅਫਰੀਕਾ ਦੇ ਕੌਮੀ ਨੇਤਾ ਨੈਲਸਨ ਮੰਡੇਲਾ ਅਤੇ ਹੋਰ ਆਜ਼ਾਦੀ ਸੰਗਰਮੀਆਂ ਨੂੰ ਕੈਦ ਰਖਿਆ ਗਿਆ ਸੀ। ਇਥੇ ਜਾਣ ਵਾਸਤੇ ਵਡੀਆਂ ਮੋਟਰ ਕਿਸ਼ਤੀਆਂ ਜਾਂਦੀਆਂ ਸਨ ਇਹਨਾਂ ਵਿਚ ਅੰਦਰ ਬਾਹਰ ਬੈਠਣ ਲਈ ਥਾਂ ਸੀ। ਸੌ ਕੁ ਬੰਦਾ ਆਸਾਨੀ ਵਾਲ ਬੈਠ ਸਕਦਾ ਸੀ। ਇਹਨਾਂ ਨੂੰ ਅਸੀਂ ਨਿਕਚੂ ਸਮੁੰਦਰੀ ਜਹਾਜ਼ ਵੀ ਕਹਿ ਸਕਦੇ ਹਾਂ। ਸਦਾ ਵਾਂਗ ਬਹੁ ਕੌਮੀ ਅਤੇ ਬਹੁ ਨਸਲੀ ਅਤੇ ਸਭ ਰੰਗ ਦੇ ਲੋਕ ਯਾਤਰਾ ਤੇ ਜਾ ਰਹੇ ਸਨ। ਕਿਸ਼ਤੀਆਂ ਦੇ ਚਲਣ ਵਾਲੀ ਥਾਂ ਕਾਫੀ ਵਿਸ਼ਾਲ ਸੀ ਅਤੇ ਬਹੁਤ ਸਾਰੇ ਪਲੇਟਫਾਰਮ ਧੁਰ ਸਮੁੰਦਰ ਦੇ ਅੰਦਰ ਤਕ ਬਣੇ ਹੋਏ ਸਨ। ਬਹੁਤ ਵਡਾ ਬਾਜ਼ਾਰ ਸੀ ਇਥੇ ਜਿਥੇ ਹਰ ਪ੍ਰਕਾਰ ਦਾ ਖਾਣ ਦਾ ਸਾਮਾਨ ਅਤੇ ਤੋਹਫੇ ਖਰੀਦਣ ਦੀਆਂ ਦੁਕਾਨਾਂ ਸਨ। ਬਹੁਤ ਰੌਣਕ ਵਾਲਾ ਥਾਂ ਸੀ। ਮੋਟਰ ਬੋਟ ਹੌਲੀ-ਹੌਲੀ ਪਾਣੀ ਵਿਚ ਠਿੱਲ ਪਈ। ਅਜ ਦੇ ਬਹੁ ਨਸਲੀ ਲੋਕਾਂ ਦੀ ਭੀੜ ਵਿਚ ਇਕ ਨੌਜਵਾਨ ਪਾਕਸਤਾਨੀ ਮੁੰਡਾ ਵੀ ਸੀ ਜੋ ਘਰੋੜ ਘਰੋੜ ਕੇ ਠੇਠ ਪੰਜਾਬੀ ਵਿਚ ਗਲਾਂ ਕਰਦਾ ਸੀ ਲਾਹੌਰ ਦੇ ਲਹਿਜੇ ਵਿਚ। ਕੁਝ ਚੜ੍ਹ ਕੇ ਵੀ ਬੋਲਦਾ ਸੀ। "ਅਸੀਂ ਤਾਂ ਜੀ ਜੋ ਗਲ ਕਰਦੇ ਆਂ ਠੋਕ ਕੇ ਕਰਦੇ ਆਂ" ਐਸੇ ਵਾਰਤਾਲਾਪ ਬੋਲਦਾ ਸੀ। ਓਹਦੇ ਨਾਲ ਇਕ ਨੌਜਵਾਨ ਕੁੜੀ ਸੀ ਜੋ ਚੁੱਪ ਗੜੁਪ ਸੀ। ਉਹ ਦਖਣੀ ਅਫਰੀਕਾ ਦੀ ਹੀ ਸੀ ਅਤੇ ਰਲੀ ਮਿਲੀ ਨਸਲ ਦੀ ਸੀ। ਓਸ ਕੁੜੀ ਦੀ ਮਾਂ ਵੀ ਨਾਲ ਹੀ ਸੀ। ਸ਼ਾਇਦ ਇਥੇ ਰਹਣਿ ਵਾਸਤੇ ਉਸ ਮੁੰਡੇ ਦਾ ਕੋਈ ਜੁਗਾੜ ਹੋਵੇ। ਅਜਿਹੇ ਜੁਗਾੜ ਉਥੇ ਟਿਕਣ ਜਾਂ ਉਥੋਂ ਅਗਾਂਹ ਜਾਣ ਵਾਸਤੇ ਨੌਜਵਾਨ ਲੋਕ ਬਣਾ ਲੈਂਦੇ ਹਨ। ਇਕ ਲਾਹੌਰੀਆ ਗਾਲੜੀ ਮੁੰਡਾ ਅਪਣੀ ਸਾਥਣ ਦਾ ਤੁਆਰਫ ਕਰਾਉਂਦਿਆਂ ਕਹਿਣ ਲਗਾ "ਇਹ ਸਿਖਣੀ ਜੇ"। ਸਾਨੂੰ ਲਗਾ ਇਹ ਹੁਣ ਜ਼ਿਆਦਤੀ ਕਰ ਰਿਹਾ ਹੈ। ਜਸਵਿੰਦਰ ਸਿੰਘ ਨੇ ਉਸਦਾ ਇੰਟਰਵੀਊ ਲਿਆ। ਤੂੰ ਇੱਥੇ ਕੀ ਕਰਦਾਂ ਹੈ ? ਜੀ ਮੈਂ ਪੜਦਾ। ਹਾਂ ਕਿਥੇ ? ਕੀ ਮਜ਼ਮੂਨ ਨੇ ? ਕਦੋਂ ਦਾ ਆਇਐ ਹੈਂ ਆਦਿ ਆਦਿ ਤਾਂ ਉਹ ਕੁਝ ਝਪਕ ਗਿਆ। ਤਾਰਾ ਸਿੰਘ ਅਨਜਾਣ ਹੋਰਾਂ ਕਿਹਾ ਤੂੰ ਲਾਹੌਰ ਦਾ ਹੈਂ ? ਲਾਹੌਰਣਾਂ ਬਾਰੇ ਤੂੰ ਸੁਣਿਆਂ ਹੈ ? ਅਗੋਂ ਓਹਨਾਂ ਪ੍ਰੋ. ਮੋਹਨ ਸਿੰਘ ਦੀ ਕਵਿਤਾ ਚੋਂ ਸੁਣਾ ਦਿਤਾ "ਸੱਕ ਮਲਦੀਆਂ ਰਾਵੀ ਦੇ ਪਤਨਾਂ ਨੂੰ ਅੱਗ ਲਾਉਣ ਲਹੌਰਣਾਂ ਚਲੀਆਂ ਨੀ" ਉਹ ਕਹਿਣ ਲਗਾ ਤੁਸੀਂ ਤਾਂ ਸ਼ਾਇਰ ਵੀ ਹੋ। ਓਹਦੀ ਬੋਲਤੀ ਬੰਦ ਕਰਣ ਵਾਸਤੇ ਏਨਾ ਕੁਝ ਕਾਫੀ ਸੀ।

ਅੱਧੇ ਕੁ ਘੰਟੇ ਦਾ ਸਫਰ ਸੀ ਸਮੁੰਦਰ ਦੇ ਪਾਣੀਆਂ ਉਤੇ। ਸ਼ਹਿਰ ਦੂਰ ਹੁੰਦਾ ਛੋਟਾ ਹੋਈ ਜਾ ਰਿਹਾ ਸੀ ਅਤੇ ਪਾਣੀਆਂ ਵਿਚ ਘਿਰੀ ਧਰਤੀ ਰੌਬਨ ਆਈ ਲੈਂਡ ਨਾਮ ਦਾ ਟਾਪੂ ਵੱਡੇ ਤੋਂ ਵਡੇਰਾ ਦਿਸਣ ਲਗ ਪਿਆ ਸੀ। ਅਸੀਂ ਉਪਰ ਸਿਖਰ ਤੇ ਬੈਠ ਕੇ ਯਾਤਰਾ ਦਾ ਅਨੰਦ ਲਿਆ।

ਇਹ ਟਾਪੂ ਅਸਲ ਵਿਚ ਉਜਾੜ ਥਾਂ ਹੈ। ਪੋਰਟ ਤੋਂ ਤੁਰ ਕੇ ਮੁਖ ਧਰਤੀ ਵਲ ਕਾਫੀ ਅਗੇ ਜਾ ਕੇ ਬਸਾਂ ਦਾ ਪਰਬੰਧ ਸੀ। ਬੱਸਾਂ ਵਿਚ ਬੈਠਾ ਕੇ ਪਹਿਲਾਂ ਇਸ ਟਾਪੂ ਦਾ ਗੇੜਾ ਲਵਾਇਆ ਗਿਆ ਵਖ-ਵਖ ਥਾਵਾਂ ਦਿਖਾਈਆਂ ਗਈਆਂ ਜਿੱਥੇ ਕੈਦੀਆਂ ਕੋਲੋਂ ਮੁਸ਼ਕਤ ਕਰਵਾਈ ਜਾਂਦੀ ਸੀ। ਇਹ ਕੋਈ ਨਜ਼ਾਰੇ ਵਾਲੀ ਗਲ ਨਹੀਂ ਸੀ। ਵੇਖ ਕੇ ਤ੍ਰਾਸ ਤ੍ਰਾਸ ਕਰ ਉਠੀਦਾ ਵੀ ਕਿ ਇਥੇ ਬੰਦੇ ਜਿਊਂਦੇ ਕਿਵੇਂ ਰਹਿੰਦੇ ਹੋਣਗੇ। ਬੰਦੇ ਦਾ ਬੰਦੇ ਉਤੇ ਜ਼ੁਲਮ ਕਿਸ ਹੱਦ ਤਕ ਹੋ ਸਕਦਾ ਹੈ। ਧੁਰ ਸਮੁੰਦਰ ਦੇ ਅੰਦਰ ਜਿਥੇ ਚਾਰੇ ਪਾਸੇ ਪਾਣੀ ਹੀ ਪਾਣੀ ਹੈ ਉਥੇ ਵੀ ਮਨੁਖ ਤੋਂ ਖਤਰਾ ਬਣਿਆ ਰਹਿੰਦਾ ਹੈ। ਇਕ ਪਾਸੇ ਅਥਾਹ ਜ਼ੁਲਮ ਨਾਲ ਦੂਜੇ ਨੂੰ ਜ਼ੇਰ ਕਰਨ ਵਾਲੇ ਸਨ ਤੇ ਦੂਜੇ ਪਾਸੇ ਪੋਟਾ ਪੋਟਾ ਕਟਵਾ ਕੇ ਵੀ ਸਿਰੜ ਨੂੰ ਉੱਚਾ ਰਖਣ ਵਾਲੇ। ਲੋਕ ਸਨ। ਆਜ਼ਾਦੀ ਦੀ ਦੇਵੀ ਅਗੇ ਸਿਰ ਭੇਟ ਕਰਨ ਵਾਲੇ ਤੋਬਾ ਤੋਬਾ ਵਾਹ ਵਾਹ।

ਮੁਖ ਜੇਹਲ ਦੇ ਕੋਲ ਬਸਾਂ ਤੋਂ ਉਤਾਰ ਦਿਤਾ ਗਿਆ। ਬਸ ਦਾ ਡਰਾਈਵਰ ਇਕ ਪੁਰਾਣਾ ਆਜ਼ਾਦੀ ਸੰਗਰਾਮੀਆਂ ਸੀ। ਉਹਨੂੰ ਪਤਾ ਲਗਾ ਅਸੀਂ ਭਾਰਤ ਤੋਂ ਗਏ ਸਾਂ। ਪ੍ਰੋ. ਤਾਰਾ ਸਿੰਘ ਅਣਜਾਣ ਨੂੰ ਕਲਾਵੇ ਵਿਚ ਲੈ ਕੇ ਕਹਿਣ ਲਗਾ "ਮਹਾਤਮਾ ਗਾਂਧੀ ......." ਮੈਂ ਕਿਹਾ "ਗੁਰੂ ਰਾਮ ਸਿੰਘ" ਤੇ ਉਹਨੂੰ ਦਸਿਆ ਕਿ ਸਤਿਗੁਰੂ ਰਾਮ ਸਿੰਘ ਨੇ ਨਾ ਆਜ਼ਾਦੀ ਸੰਗਰਾਮ ਮਹਾਤਮਾ ਤੋਂ ੬੦ ਸਾਲ ਪਹਿਲਾਂ ਸ਼ੁਰੂ ਕੀਤੀ ਸੀ। ਅਸੀਂ ਉਸ ਗੁਰੂ ਜੀ ਦੇ ਪੈਰੋਕਾਰ ਹਾਂ। ਅਸੀਂ ਇਸ ਥਾਂ ਨੂੰ ਟੂਰਿਸਟ (ਯਾਤਰੀ) ਵਾਂਗ ਮਾਨਣ ਲਈ ਨਹੀਂ ਆਏ ਸਗੋਂ ਅਕੀਦਤ ਪੇਸ਼ ਕਰਣ ਵਾਸਤੇ ਆਏ ਹਾਂ। ਓਹਦੀ ਗਲਵਕੜੀ ਵਿਚੋਂ ਇਨਸਾਨੀਅਤ ਦੀ ਏਕਤਾ ਦਾ ਨਿੱਘ ਆ ਰਿਹਾ ਸੀ।

ਮੁਖ ਜੇਹਲ ਵਿਚ ਅਸੀਂ ਕੋਈ ਡੇਢ ਘੰਟਾ ਰਹੇ। ਇਹ ਪੱਕੀ ਜੇਹਲ ਸੀ ਅਤੇ ਇਸ ਵਿਚ ਛੋਟੀਆਂ ਛੋਟੀਆਂ ਕੋਠੜੀਆਂ ਸਨ ਅੰਗਰੇਜ਼ੀ ਵਿਚ ਸੈਲ ਆਖਦੇ ਹਨ। ਇਹ ਸਾਰਾ ਥਾਂ ਹੁਣ ਅਜਾਇਬ ਘਰ ਹੀ ਹੈ। ਇਕ ਜੇਹਲ ਦਾ ਨਕਸ਼ਾ ਬੜਾ ਗੁੰਝਲਦਾਰ ਸੀ। ਇਕ ਤਾਂ ਹਰ ਕੋਠੜੀ ਪੱਕੀ ਬਣਾਈ ਸੀ



Sri Satguru Jagjit Singh Ji eLibrary NamdhariElibrary@gmail.com

ਬਾਹਰ ਤਗੜੇ ਲੋਹੇ ਦੇ ਜੰਗਲੇ ਸਨ, ਦੂਸਰੇ ਇਥੋਂ ਥੋਹੜੀ ਕੀਤਿਆਂ ਬਾਹਰ ਨਹੀਂ ਸੀ ਨਿਕਲਿਆ ਜਾ ਸਕਦਾ। ਭੂਲ ਭੁਲੀਈਆਂ ਐਸੀਆਂ ਸਨ।

ਜੱਥਿਆਂ ਦੇ ਜੱਥੇ ਇਥੇ ਹਨ ਯਾਤਰੂਆਂ ਦੇ ਫਿਰ ਰਹੇ ਸਨ ਪਰ ਸਾਰੇ ਇਕ ਦੂਜੇ ਤੋਂ ਵਖਰੇ। ਬਗੈਰ ਗਾਈਡ ਤੋਂ ਬਾਹਰ ਆਉਣਾ ਔਖਾ ਸੀ। ਹਰ ਸੈਲ ਵਿਚ ਕਿਸੇ ਆਜ਼ਾਦੀ ਸੰਗਰਾਮੀਏ ਦੀ ਤਸਵੀਰ ਅਤੇ ਓਹਦੇ ਬਾਰੇ ਜਾਣਕਾਰੀ ਸੀ। ਹੁਣ ਇਥੇ ਮਸ਼ੀਨੀ ਉਪਕਰਣ ਲਗਾਏ ਗਏ ਸਨ ਅਤੇ ਬਟਣ ਦਵਾਉਣ ਨਾਲ ਟੇਪ ਦੀ ਆਵਾਜ਼ ਵਿਚ ਕੋਈ ਨਵੀਂ ਕਹਾਣੀ ਸੁਣਾਈ ਜਾਂਦੀ। ਕਹਾਣੀ ਸੰਘਰਸ਼ ਅਤੇ ਕੁਰਬਾਨੀ ਦੀ।

ਜੇਹਲ ਨੂੰ ਬਹੁਤ ਸਾਰੇ ਹਿਸਿਆਂ ਏ, ਬੀ. ਸੀ. ਡੀ. ਆਦਿ ਵਿਚ ਵੰਡਿਆ ਗਿਆ ਸੀ। ਏ ਸੈਕਸ਼ਨ ਦੇ ਬਾਹਰ ਬੋਰਡ ਲਗਾ ਸੀ ਜਿਸ ਤੇ ਲਿਖਿਆ ਸੀ Cell Stories ਕੋਠੜੀਆਂ ਦੀਆਂ ਕਹਾਣੀਆਂ ਅੰਗਰੇਜ਼ੀ ਵਿਚ ਇਸ ਦੀ ਇਬਾਰਤ ਇੰਜ ਸੀ।

Cell Stories

* You are entering the A-Section of the Robben Island Prison Museum. This section consists mainly of 40 single cells.

* A section was primarily used for screening and grading prisoners as they arrieved on the Island. The length of imprisonment in A-Section was arbitrary and varied according to each prisoner's circumstances.

* This section is being transformed into an exhibtion entitled cell stories.

* Cell stories is an archive and exhibtion site for the collected memories and mementos of ex-political prisoners.

ਤੁਸੀਂ ਰਾਬਨ ਟਾਪੂ ਜੇਹਲ ਅਜਾਇਬ ਘਰ ਦੇ ਏ ਭਾਗ ਵਿਚ ਦਾਖਲ ਹੋ ਰਹੇ ਹੋ। ਇਸ ਭਾਗ ਵਿਚ ਮੁਖ ਤੌਰ ਤੇ ਚਾਲੀ ਅਕਿਹਰੇ ਸੈਲ (ਕੋਠੜੀਆਂ) ਹਨ।

* ਜਦੋਂ ਕੈਦੀ ਟਾਪੂ ਤੇ ਪੁੱਜਦੇ ਸਨ ਤਾਂ ਉਹਨਾਂ ਦੀ ਜਾਂਚ ਪੜਤਾਲ ਅਤੇ ਦਰਜਾ ਬੰਦੀ ਕਰਨ ਵਾਸਤੇ ਏ ਸੈਕਸ਼ਨ ਵਰਤਿਆ ਜਾਂਦੀ ਸੀ। ਏ ਸੈਕਸ਼ਨ ਵਿਚ ਕੈਦ ਦੀ ਮਿਆਦ ਯਕਤਰਫਾ ਹੁੰਦੀ ਸੀ ਅਤੇ ਹਰ ਕੈਦੀ ਦੇ ਹਾਲਾਤ ਅਨੁਸਾਰ ਵੱਖੋ ਵੱਖ ਹੁੰਦੀ ਸੀ।

* ਏਸ ਸੈਲ ਨੂੰ ਇਕ ਨਮਾਇਸ਼ ਵਿਚ ਬਦਲਿਆ ਜਾ ਰਿਹਾ ਹੈ ਜਿਸ ਦਾ ਨਾਮ ਹੈ "ਸੈਲ ਸਟੋਰੀਜ਼"

* 'ਸੈਲ ਸਟੋਰੀਜ਼ ਸਾਬਕਾ ਰਾਜਸੀ ਕੈਦੀਆਂ ਦੀਆਂ ਇਕਠੀਆਂ ਕੀਤੀਆਂ ਯਾਦਾਂ ਅਤੇ ਮੋਮੈਂਟੋਜ਼ ਵਾਸਤੇ ਆਰਕਾਈਵਜ਼ ਅਤੇ ਨੁਮਾਇਸ਼ ਗਾਹ ਹੈ।

ਅਸੀ ਤਾਂ ਸੈਰ ਕਰਨ ਗਏ ਸੀ ਅਤੇ ਸਮਾਂ ਵੀ ਬਹੁਤ ਥੋਹੜਾ ਸੀ ਪਰ ਇਥੇ ਤਾਂ ਦੁਖ ਦਰਦ ਦੀਆਂ ਹੂਕਾਂ ਆ ਰਹੀਆਂ ਸਨ। ਇਹ ਕੋਈ ਮਾਨਣ ਵਾਲੀ ਥਾਂ ਥੋਹੜੀ ਸੀ। ਇਹਨਾਂ ਕਹਾਣੀਆਂ ਨੂੰ ਸੁਣਨ ਜਾਨਣ ਲਈ ਤਾਂ ਲਮਾ ਸਮਾਂ ਚਾਹੀਦਾ ਸੀ। ਕਿੰਨੇ ਹੀ ਦਿਨ। ਪਤਾ ਨਹੀਂ ਕਿਉਂ ਇਹਨਾਂ ਉਜਾੜ ਪਏ ਸੈਲਾਂ ਵਿਚ ਸਾਡਾ ਵਿਚਰਣ ਨੂੰ ਜੀ ਕਰਦਾ ਸੀ। ਜਾਪਦਾ ਸੀ ਉਹਨਾਂ ਗੁਮਨਾਮ ਸੂਰਮਿਆਂ, ਸ਼ਹੀਦਾਂ ਦੇ ਅਸੀਂ ਰੂ-ਬ-ਰੂ ਹੋਈਏ। ਉਹਨਾਂ ਦੀ ਘਾਲਣਾ ਸੁਣ ਕੇ ਦਿਲ ਕੰਬ ਉਠਦਾ ਸੀ। ਏਨਾ ਜ਼ੁਲਮ ਅਤੇ ਅਗੋਂ ਏਡਾ ਜਿਗਰਾ। ਜੇ ਸਾਮਰਾਜੀ ਜ਼ੁਲਮ ਦੀ ਇੰਤਹਾ ਸੀ ਤਾਂ ਅਗੋਂ ਆਜ਼ਾਦੀ ਲਈ ਮਰ ਮਿਟਣ ਵਾਲੀ ਸਪਿਰਟ ਦੀ ਵੀ ਇੰਤਹਾ ਸੀ। ਸਿਦਕ ਦਾ ਵੀ ਅੰਤ ਨਹੀਂ ਸੀ। ਚਾਰੇ ਪਾਸਿਆਂ ਤੋਂ ਡੂੰਘੇ ਸਮੁੰਦਰ ਦੇ ਪਾਣੀਆਂ ਨਾਲ ਘਿਰੀ ਰੋਬਨ ਟਾਪੂ ਦੀ ਉਜਾੜ ਧਰਤੀ। ਫੇਰ ਉਹਦੇ ਵਿਚ ਕਿਲੇ ਵਰਗੀਆਂ ਉਚੀਆਂ, ਕੰਧਾ, ਕੰਡਿਆਲੀਆਂ ਤਾਰਾਂ, ਅਤੇ ਬੰਦੂਕਾਂ ਦੇ ਪਹਿਰੇ , ਫੇਰ ਜੇਹਲ ਅੰਦਰ ਪਿੰਜਰੇ ਵਰਗੀਆਂ ਕੋਠੜੀਆਂ। ਉਹਨਾਂ ਅੰਦਰ ਬੰਦ ਇਨਸਾਨ। ਫੇਰ ਵੀ ਉਹਨਾਂ ਤੋਂ ਹਕੂਮਤਾਂ ਨੂੰ ਭੈ ਆਉਂਦਾ ਰਿਹਾ। ਓਹਨਾਂ ਅੰਦਰ ਬੰਦ ਬੰਦਿਆਂ ਨੇ ਆਜ਼ਾਦੀ ਦੇ ਸੋਨ ਸੁਨਿਹਰੇ ਭਵਿਖ ਦਾ ਸੁਪਨਾ ਵੇਖਿਆ ਅਤੇ ਫੇਰ ਉਸ ਨੂੰ ਹਕੀਕਤ ਵਿਚ ਬਦਲਿਆਂ। ੮੩ ਸਾਲ ਦੇ ਨੈਲਸਨ ਮੰਡੇਲਾ ਦੇ ਬੁੱਢੇ ਹੱਡਾਂ ਵਿਚ ਇਸ ਜੇਹਲ ਨੇ ਅਪਾਰ ਮਜ਼ਬੂਤੀ ਲਿਆਂਦੀ। ਇਰਾਦਿਆਂ ਵਿਚ ਹੋਰ ਬੁਲੰਦੀ ਲਿਆਂਦੀ ਅਤੇ ਅੱਜ ਉਹ ਦੁਨੀਆਂ ਵਿਚ ਮਨੁੱਖੀ ਆਜ਼ਾਦੀ ਅਤੇ ਕੁਰਬਾਨੀ ਦਾ ਪ੍ਰਤੀਕ ਹੈ।

ਬਾਹਰ ਨਿਕਲੇ ਤਾਂ ਇਕ ਬੋਰਡ ਉਤੇ ਆਜ਼ਾਦੀ ਸੰਗਰਾਮੀਆਂ ਦੇ ਰਹੋ ਭਰੇ ਮੁਜ਼ਾਹਰੇ ਦੀ ਤਸਵੀਰ ਸੀ ਜਿਸ ਤੇ ਮੋਟੇ ਅਖਰਾਂ ਵਿਚ ਲਿਖਿਆ ਸੀ 'ਆਜ਼ਾਦੀ' Freedom-ਨਾਲ ਵਿਆਖਿਆ ਸੀ "We want Robben island to reflect the triumph of Freedom and human dignity over appression and humilation.

"ਅਸੀਂ ਚਾਹੁੰਦੇ ਹਾਂ ਕਿ ਜ਼ੁਲਮ ਅਤੇ ਬੇਇਜ਼ਤੀ ਉਤੇ ਆਜ਼ਾਦੀ ਅਤੇ ਮਾਨਵੀ ਵਕਾਰ ਦੀ ਜਿਤ ਨੂੰ ਰਾਬਨ ਟਾਪੂ ਰੂਪਮਾਨ ਕਰੇ"

ਮੇਰੇ ਮਨ ਵਿਚ ਪੰਜਾਬੀ ਕਵਿਤਾ ਦੇ ਬੋਲ ਗੂੰਜ ਰਹੇ ਸਨ—

ਪਿਆਰ ਸਾਡੇ ਦੀ ਕਦਰ ਇਸ ਵਤਨ ਦੀ ਮਿੱਟੀ ਕਰੇ
ਦੇਸ਼ ਦੀ ਸਵਾਧੀਨਤਾ ਪਲਦੀ ਲਹੂ ਦੇ ਆਸਰੇ
ਮਿਟ ਗਏ ਜੋ ਵਤਣ ਦੀ ਇਜ਼ਤ ਲਈ
ਯਾਦ ਓਹਨਾਂ ਦੀ ਸਦਾ ਸੱਜਰੀ ਰਹੇ ਮਘਦੀ ਰਹੇ।

(ਚਲਦਾ)



Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

✆ 61040
Code : 01824

**For Fitting Diesel Engines in Foreign**

**&**

**INDIAN CAR BODIES**




*Specialists in :*

**Mercedes Benz Car Repairing**

**AMARJIT MOTOR GARAGE**

G.T. Road, Opp. Jalandhar Octroi Post,
PHAGWARA



Sri Satguru Jagjit Singh Ji eLibrary NamdhariElibrary@gmail.com

## ਭੈਣੀ ਸਾਹਿਬ ਵਿਚ ਕਵੀ ਦਰਬਾਰ

ਲੁਧਿਆਣਾ— ਨਾਮਧਾਰੀ ਕੇਂਦਰ ਸ੍ਰੀ ਭੈਣੀ ਸਾਹਿਬ ਜ਼ਿਲਾ ਲੁਧਿਆਣਾ ਵਿਖੇ ਹਰ ਸਾਲ ਦੀ ਤਰ੍ਹਾਂ ਸਾਲਾਨਾ ਜਪ-ਪ੍ਰਯੋਗ ਸਮਾਗਮ ਬੜੇ ਉਤਸ਼ਾਹ ਅਤੇ ਸ਼ਰਧਾ ਨਾਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਰਪ੍ਰਸਤੀ ਹੇਠ ੧੯ ਅਕਤੂਬਰ ਨੂੰ ਸੰਪੰਨ ਹੋਇਆ।

ਜਪੁ-ਪ੍ਰਯੋਗ ਸਮਾਗਮ ਦੌਰਾਨ ਅੱਦੁਤੀ ਧਾਰਮਿਕ ਕਵੀ ਦਰਬਾਰ ਵੀ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਸ੍ਰ. ਹਰਭਜਨ ਸਿੰਘ ਔਰੰਗਾਬਾਦ ਨੇ ਕੀਤੀ। ਸਟੇਜ ਸਕੱਤਰੀ ਪ੍ਰਿੰ. ਅਜੀਤ ਸਿੰਘ ਚੀਮਾ ਨੇ ਨਿਭਾਈ। ਸ੍ਰ. ਜਗਦੀਸ਼ ਸਿੰਘ ਵਰਿਆਮ, ਜਥੇਦਾਰ ਛਿੰਦਾ ਸਿੰਘ ਮੁਹਾਵਾ ਅਤੇ ਸੂਬਾ ਅਜੀਤ ਸਿੰਘ ਬਟਾਲਾ ਨੇ ਇਸ ਕਵੀ ਦਰਬਾਰ ਵਿਚ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੀ। ਲਗਭਗ ੮੦,੦੦੦ ਸੰਗਤਾਂ ਦੀ ਹਾਜ਼ਰੀ ਵਿਚ ਕਰਵਾਏ ਗਏ ਇਸ ਅਨੁਪਮ ਕਵੀ ਦਰਬਾਰ ਵਿਚ ਕ੍ਰਮਵਾਰ ੨੫ ਪੰਥਕ ਕਵੀਆਂ/ਕਵਿੱਤਰੀਆਂ—ਸਰਵ ਸ੍ਰੀ ਗੁਰਮੁੱਖ ਸਿੰਘ ਰਤਨ, ਹਰਭਜਨ ਸਿੰਘ ਰਾਜਾ, ਬਖਸ਼ੀਸ਼ ਪੰਜਾਬੀ, ਬੇਅੰਤ ਸਿੰਘ ਸੋਖਲ, ਰਜਿੰਦਰ ਕੌਰ, ਸੁਰਿੰਦਰ ਕੌਰ ਖਰਲ, ਮਾਸਟਰ ਅਮਰੀਕ ਸਿੰਘ, ਬੀਬੀ ਰਾਣੀ, ਜੋਗਿੰਦਰ ਸਿੰਘ ਮੁਕਤਾ, ਸੁਰਿੰਦਰ ਕੌਰ ਦਿੱਲੀ, ਬਲਬੀਰ ਸਿੰਘ ਢਿਲੋਂ, ਸੁਖਵਿੰਦਰ ਕੌਰ, ਤਾਰਾ ਸਿੰਘ ਅਨਜਾਣ, ਸੰਤੋਖ ਸਿੰਘ ਸਫਰੀ, ਰਣਜੀਤ ਕੌਰ, ਪੂਰਨ ਸਿੰਘ ਨਿਰਾਲਾ, ਪ੍ਰਕਾਸ਼ ਸਿੰਘ ਰਾਇਸਰੀ, ਲਖਬੀਰ ਸਿੰਘ, ਦਿਲਬਾਗ ਸਿੰਘ, ਜੋਗਿੰਦਰ ਸਿੰਘ ਕੰਗ, ਬਲਵੰਤ ਸਿੰਘ ਦਰਦੀ, ਜਸਬੀਰ ਸਿੰਘ ਸਿੱਧੂ, ਮਹਿੰਦਰ ਸਿੰਘ ਕੂਕਾ, ਅਜੀਤ ਸਿੰਘ ਚੀਮਾ ਅਤੇ ਗੁਰਦੇਵ ਸਿੰਘ ਕੋਇਲ ਨੇ ਭਾਗ ਲਿਆ।

ਜੋਗਿੰਦਰ ਸਿੰਘ-ਕੰਗ

ਪ੍ਰਧਾਨ ਪੰਜਾਬੀ ਕਵੀ ਸਭਾ, ਲੁਧਿਆਣਾ।

## ਮਨੁੱਖੀ ਇਤਿਹਾਸ 'ਚ ਪੁਸਤਕਾਂ ਦਾ ਯੁੱਗ ਹਾਲੇ ਆਉਣਾ ਹੈ-ਗੁਰਦਿਆਲ ਸਿੰਘ

ਗਿਆਨ ਪੀਠ ਪੁਰਸਕਾਰ ਜੇਤੂ ਨਾਮਵਰ ਪੰਜਾਬੀ ਲੇਖਕ ਗੁਰਦਿਆਲ ਸਿੰਘ ਨੇ ਪੰਜਾਬੀ ਲੋਕਾਂ 'ਚ ਪੜ੍ਹਨ ਰੁਚੀ ਦੀ ਘਾਟ ਦਾ ਖੰਡਨ ਕਰਦਿਆਂ ਭਵਿੱਖਬਾਣੀ ਕੀਤੀ ਕਿ ਮਨੁੱਖੀ ਇਤਿਹਾਸ 'ਚ ਪੁਸਤਕਾਂ ਦਾ ਯੁੱਗ ਹਾਲੇ ਆਉਣਾ ਹੈ। ਉਹ ੧੪ ਅਕਤੂਬਰ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿੱਚ ਨੈਸ਼ਨਲ ਬੁੱਕ ਟਰੱਸਟ ਵਲੋਂ ਲਾਏ ੯ ਰੋਜ਼ਾ ਪੁਸਤਕ ਮੇਲੇ ਦੇ ਉਦਘਾਟਨ ਮੌਕੇ ਹੋਏ ਸਮਾਗਮ 'ਚ ਮੁੱਖ ਮਹਿਮਾਨ ਵਜੋਂ ਬੋਲ ਰਹੇ ਸਨ।

ਪੰਜਾਬੀ 'ਚ ਪੁਸਤਕ ਸਭਿਆਚਾਰ ਦੀ ਪ੍ਰਫੁਲਤਾ ਉਪਰ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਕਿਹਾ ਕਿ ੭੦ਵਿਆਂ 'ਚ ਪੰਜਾਬੀ ਦੇ ਅਖਬਾਰਾਂ/ ਰਸਾਲਿਆਂ ਦੀ ਕੁੱਲ ਛਪਣ ਗਿਣਤੀ ਮਸਾਂ ਇਕ ਲੱਖ ਕਾਪੀਆਂ ਦੇ ਆਸ-ਪਾਸ ਸੀ ਜੋ ਇਸ ਵੇਲੇ ਪੰਜ ਲੱਖ ਕਾਪੀਆਂ ਰੋਜ਼ਾਨਾ ਤੋਂ ਟੱਪ ਗਈ ਹੈ। ਉਨ੍ਹਾਂ ਮੁਤਾਬਕ ਪੰਜਾਬੀ ਅਖਬਾਰਾਂ ਦੇ ਪੰਜਾਬ 'ਚ ਘੱਟ ਘੱਟ ੨੫ ਲੱਖ ਪਾਠਕ ਹਨ, ਜਿਨ੍ਹਾਂ ਚੋਂ ਜ਼ਿਆਦਾਤਰ ਪੇਂਡੂ ਹਨ।

ਪ੍ਰੋ. ਗੁਰਦਿਆਲ ਸਿੰਘ ਦੇ ਦਾਅਵਾ ਕੀਤਾ ਕਿ ਪੰਜਾਬੀ 'ਚ ਉਨ੍ਹਾਂ ਲੇਖਕਾਂ ਦੀਆਂ ਕਿਤਾਬਾਂ ਲਗਾਤਾਰ ਵਿਕ ਰਹੀਆਂ ਹਨ ਜਿਨ੍ਹਾਂ ਨੇ ਕਿਤਾਬਾਂ/ਰਸਾਲਿਆਂ ਦੇ. ਦੁਕਾਨਦਾਰਾਂ ਨਾਲ ਲਗਾਤਾਰ ਮੋਬਾਇਲ ਸਬੰਧ ਬਣਾਏ ਹੋਏ ਹਨ। ਉਨ੍ਹਾਂ ਕਿਹਾ ਕਿ ਟੀ.ਵੀ. ਚੈਨਲਾਂ ਅਤੇ ਇੰਟਰਨੈੱਟ ਦੀ ਹਨੇਰੀ ਦੇ ਬਾਵਜੂਦ ਮਨੁੱਖ ਲਈ ਕਿਤਾਬ ਦੀ ਮਹੱਤਤਾ ਹਮੇਸ਼ਾ ਬਣੀ ਰਹੇਗੀ।

ਪੁੱਸਤਕ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਨੈਸ਼ਨਲ ਬੁੱਕ ਟਰੱਸਟ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਅਜਿਹੇ ਪੁਸਤਕ ਮੇਲੇ ਹਰ ਦੂਜੇ ਮਹੀਨੇ ਲਾਏ ਜਾਣ ਅਤੇ ਪੁਸਤਕਾਂ ਦੀ ਪਾਠਕਾਂ ਤਕ ਸੌਖੀ ਪਹੁੰਚ ਲਈ ਵਧੇਰੇ ਮੋਬਾਈਲ ਵੈਨਾ ਰਾਹੀਂ ਕਿਤਾਬਾਂ ਦੀ ਵਿਕਰੀ ਦੇ ਪ੍ਰਬੰਧ ਕੀਤੇ ਜਾਣ। ਉਨ੍ਹਾਂ ਸੁਝਾਅ ਦਿੱਤਾ ਕਿ ਭਾਸ਼ਾ ਵਿਭਾਗ ਪੰਜਾਬ ਸਾਰੇ ਸ਼ਹਿਰਾਂ 'ਚ ਕਿਤਾਬਾਂ ਦੀ ਵਿਕਰੀ ਲਈ ਨੈੱਟਵਰਕ ਸਥਾਪਤ ਕਰੇ ਜਿਥੇ ਤਾਇਨਾਤ ਕਰਮਚਾਰੀਆਂ ਨੂੰ ਤਨਖਾਹ ਦੇ ਨਾਲ ਨਾਲ ਕਿਤਾਬਾਂ ਦੀ ਵਿਕਰੀ 'ਚੋਂ ਕਮਿਸ਼ਨ ਵੀ ਦਿੱਤਾ ਜਾਵੇ।

ਪ੍ਰਧਾਨਗੀ ਮੰਡਲ 'ਚ ਸ਼ਾਮਲ ਭਾਰਤੀ ਪ੍ਰਕਾਸ਼ਕਾਂ ਦੀ ਸਰਬ ਭਾਰਤੀ ਫੈਡਰੇਸ਼ਨ ਦੇ ਪ੍ਰਧਾਨ ਸ੍ਰੀ. ਐਸ. ਬਲਵੰਤ ਨੇ ਪੰਜਾਬੀ ਪ੍ਰਕਾਸ਼ਨ ਸਨਅਤ ਦੇ ਮਾੜੇ ਹਾਲਾਤ ਦਾ ਜ਼ਿਕਰ ਕਰਦਿਆਂ ਕਿਹਾ ਕਿ ਭਾਰਤ 'ਚ ਹਰ ਸਾਲ ਵੱਖ-ਵੱਖ ਭਾਸ਼ਾਵਾਂ 'ਚ ੬੦ ਹਜ਼ਾਰ ਪੁਸਤਕਾਂ ਦਾ ਪ੍ਰਕਾਸ਼ਨ ਹੁੰਦਾ ਹੈ ਪ੍ਰੰਤੂ ਇਨ੍ਹਾਂ 'ਚ ਪੰਜਾਬੀ ਪੁਸਤਕਾਂ ਦੀ ਗਿਣਤੀ ਮਸਾਂ ੧੨੦੦ ਕਿਤਾਬਾਂ ਸਾਲਾਨਾ ਹੀ ਹੈ।

ਉਨ੍ਹਾਂ ਮੁਤਾਬਕ ਪ੍ਰਕਾਸਨ 'ਚ ਲੱਗੇ ਕੁੱਲ ਸਰਮਾਏ ਤੋਂ



Sri Satguru Jagjit Singh Ji eLibrary NamdhariElibrary@gmail.com

ਅਧਾ ਅੰਗਰੇਜ਼ੀ ਪੁਸਤਕਾਂ ਦੀ ਪ੍ਰਕਾਸ਼ਨਾ ਦੇ ਲੇਖੇ ਲੱਗ ਜਾਂਦਾ ਹੈ ਜਦੋਂ ਕਿ ਬਾਕੀ ਅੱਧੇ 'ਚ ਸਾਰੀਆਂ ਭਾਰਤੀ ਭਾਸ਼ਾਵਾਂ ਨੂੰ ਗੁਜ਼ਾਰਾ ਕਰਨਾ ਪੈਂਦਾ ਹੈ। ਉਨ੍ਹਾਂ ਸ੍ਰੀ ਗੁਰਦਿਆਲ ਸਿੰਘ ਦੀ ਇਸ ਗੱਲ 'ਚ ਹਾਂ ਮਿਲਾਈ ਕਿ ਅੰਗਰੇਜ਼ੀ ਨੇ ਪੁਸਤਕ ਪ੍ਰਕਾਸ਼ਨ ਦੇ ਮਾਮਲੇ 'ਚ ਭਾਰਤੀ ਭਾਸ਼ਾਵਾਂ ਨੂੰ ਬਹੁਤ ਸੱਟ ਮਾਰੀ ਹੈ।

ਨੈਸ਼ਨਲ ਬੁੱਕ ਟਰੱਸਟ ਦੇ ਡਾਇਰੈਕਟਰ ਨਿਰਮਲ ਕਾਂਤ ਭੱਟਾਚਾਰੀਆ ਨੇ ਕਿਹਾ ਕਿ ਟਰੱਸਟ ਪੁਸਤਕ ਸਭਿਆਚਾਰ ਦੇ ਵਿਕਾਸ ਲਈ ਆਪਣੇ ਯਤਨ ਜਾਰੀ ਰੱਖੇਗਾ। ਉਨ੍ਹਾਂ ਦੱਸਿਆ ਕਿ ਟਰੱਸਟ ਅਜਿਹੀਆਂ ਕਿਤਾਬਾਂ ਛਾਪਣ 'ਚ ਵਿਸ਼ੇਸ਼ ਦਿਲਚਸਪੀ ਲੈ ਰਿਹਾ ਹੈ ਜਿਨ੍ਹਾਂ ਦੇ ਪੜ੍ਹਨ ਨਾਲ ਲੋਕਾਂ ਦੀ ਜ਼ਿੰਦਗੀ 'ਚ ਤਬਦੀਲੀ ਵਾਪਰ ਸਕਦੀ ਹੈ। ਉਨ੍ਹਾਂ ਕਿਹਾ ਕਿ ਟਰੱਸਟ ਕੋਲ ਇਸ ਵੇਲੇ ਦੋ ਮੋਬਾਈਲ ਵੈਨਾਂ ਹਨ ਜਦੋਂ ਕਿ ਤਿੰਨ ਹੋਰ ਮੋਬਾਈਲ ਵੈਨਾਂ ਛੇਤੀ ਹੀ ਖਰੀਦੀਆਂ ਜਾ ਰਹੀਆਂ ਹਨ। ਸ੍ਰੀ ਭੱਟਚਾਰੀਆ ਮੁਤਾਬਕ ਇਸ ਵੇਲੇ ਟਰੱਸਟ ਦਾ ਸਾਲਾਨਾ ਬਜਟ 15 ਕਰੋੜ ਰੁਪਏ ਦੇ ਆਸ-ਪਾਸ ਹੈ। ਟਰੱਸਟ ਹਰ ਸਾਲ ਕਿਤਾਬਾਂ ਦੇ ਕਾਰੋਬਾਰ 'ਚੋਂ ਤਿੰਨ ਕਰੋੜ ਰੁਪਏ ਦੀ ਕਮਾਈ ਕਰਦਾ ਹੈ।

## ਫੁੱਟਬਾਲ ਖਿਡਾਰੀ ਜਰਨੈਲ ਸਿੰਘ ਪਨਾਮ ਹੁਣ ਇਸ ਸੰਸਾਰ 'ਚ ਨਹੀਂ ਰਹੇ

ਪਹਿਲੀ ਅਤੇ ਆਖਰੀ ਵਾਰ ੧੯੬੨ ਵਿੱਚ ਏਸ਼ੀਅਨ ਫੁੱਟਬਾਲ ਚੈਂਪੀਅਨ ਗੋਲਡ ਮੈਡਲ ਜਿੱਤਣ ਵਾਲੀ ਟੀਮ ਦੇ ਸਿਤਾਰੇ ਜਰਨੈਲ ਸਿੰਘ ਪਨਾਮ ਹੁਣ ਇਸ ਸੰਸਾਰ ਵਿੱਚ ਨਹੀਂ ਰਹੇ! ਸ. ਜਰਨੈਲ ਸਿੰਘ ਪ੍ਰਸਿੱਧ ਫੁਟਬਾਲਰ ਜੋ ਅਰਜੁਨ ਐਵਾਰਡ ਨਾਲ ਸਨਮਾਨਿਤ ਸਨ, ਉਹ ਪਿਛਲੇ ਤਿੰਨ ਕੁ ਮਹੀਨੇ ਤੋਂ ਆਪਣੇ ਪੁੱਤਰ ਹਰਸ਼ਮੋਹਨ ਸਿੰਘ ਕੋਲ ਕੈਨੇਡਾ ਦੇ ਸ਼ਹਿਰ ਵੈਨਕੂਵਰ ਗਏ ਹੋਏ ਸਨ, ਜਿਥੇ ਉਨ੍ਹਾਂ ਦਾ ੧੫ ਅਕਤੂਬਰ ਨੂੰ ਭਾਰਤੀ ਸਮੇਂ ਅਨੁਸਾਰ ਸਵੇਰੇ ਦਿਲ ਦਾ ਦੌਰ ਪੈਣ ਕਾਰਨ ਦਿਹਾਂਤ ਹੋ ਗਿਆ। ਸ. ਜਰਨੈਲ ਸਿੰਘ ਨਵਾਂ ਸ਼ਹਿਰ ਦੇ ਨੇੜਲੇ ਪਿੰਡ ਪਨਾਮ ਦੇ ਰਹਿਣ ਵਾਲੇ ਸਨ ਅਤੇ ਉਨ੍ਹਾਂ ਦੋ ਵਰ੍ਹੇ ਏਸ਼ੀਅਨ ਫੁੱਟਬਾਲ ਟੀਮ ਦੀ ਕਪਤਾਨੀ ਕੀਤੀ।

ਸਾਬਕਾ ਐਡੀਸ਼ਨਲ ਡਾਇਰੈਕਟਰ ਸਪੋਰਟਸ ਪੰਜਾਬ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ ਸ. ਜਰਨੈਲ ਸਿੰਘ ਪਹਿਲੇ ਪੰਜਾਬੀ ਸਨ, ਜਿਨ੍ਹਾਂ ਸੰਸਾਰ ਪੱਧਰ 'ਤੇ ਫੁੱਟਬਾਲ ਖੇਡਦਿਆਂ ਭਾਰਤ ਦਾ ਨਾਂ ਵਿਸ਼ਵ ਵਿੱਚ ਉੱਚਾ ਕੀਤਾ।

ਪਾਕਿਸਤਾਨ ਵਿੱਚ ਪਿਤਾ ਉਜਾਗਰ ਸਿੰਘ ਦੇ ਘਰ ਜਨਮ ਲੈਣ ਵਾਲੇ ਇਸ ਮਹਾਨ ਫੁੱਟਬਾਲਰ ਦਾ ਪਰਿਵਾਰ ਦੇਸ਼ ਆਜ਼ਾਦ ਹੋਣ ਉਪਰੰਤ ਨਵਾਂਸ਼ਹਿਰ ਦੇ ਨੇੜਲੇ ਪਿੰਡ ਪਨਾਮ ਆ ਵਸਿਆ ਸੀ। ਸ. ਜਰਨੈਲ ਸਿੰਘ ਨੇ ਆਪਣੀ ਰਿਹਾਇਸ਼ ਨਵਾਂਸ਼ਹਿਰ ਰੱਖੀ ਹੋਈ ਸੀ।

## ਨਿਰੰਜਣ ਨੂਰ ਯਾਦਗਾਰੀ ਸਮਾਗਮ

ਸੁਲਤਾਨਪੁਰ ਲੋਧੀ- ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਸਹਿਯੋਗ ਨਾਲ ਸਾਹਿਤ ਸਭਾ ਸੁਲਤਾਨਪੁਰ ਲੋਧੀ ਵੱਲੋਂ ਪ੍ਰਸਿੱਧ ਪੰਜਾਬੀ ਪ੍ਰਵਾਸੀ ਸ਼ਾਇਰ ਨਰਿੰਜਨ ਸਿੰਘ ਨੂਰ ਦੀ ਦੂਜੀ ਬਰਸੀ ਦੇ ਮੌਕੇ ਬਾਬਾ ਦਰਬਾਰਾ ਸਿੰਘ ਗਰਲਜ਼ ਕਾਲਜ ਟਿੱਬਾ ਵਿਖੇ ਇਕ ਸ਼ਾਨਦਾਰ ਸਾਹਿਤਕ ਪ੍ਰੋਗਰਾਮ ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਡਾ. ਜਗਤਾਰ, ਐੱਸ. ਤਰਸੇਮ, ਅਨੂਪ ਸਿੰਘ ਨੂਰੀ ਤੇ ਪ੍ਰੋ. ਚਰਨ ਸਿੰਘ ਨੇ ਕੀਤੀ। ਸਮਾਗਮ ਵਿੱਚ ਬਾਬਾ ਦਰਬਾਰਾ ਸਿੰਘ ਗਰਲਜ਼ ਕਾਲਜ ਵੱਲੋਂ ਪੰਜਾਬੀ ਦੇ ਪ੍ਰਸਿਧ ਲੇਖਕ ਅਜਾਇਬ ਚਿੱਤ੍ਰਕਾਰ ਨੂੰ 'ਨੂਰ ਅਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਸਮਾਗਮ ਦੇ ਪਹਿਲੇ ਸ਼ੈਸਨ ਵਿੱਚ ਨਿਰੰਜਨ ਸਿੰਘ ਨੂਰ ਦੀ ਸਾਹਿਤਕ ਦੇਣ ਬਾਰੇ ਡਾ. ਬਲਜੀਤ ਕੌਰ ਪ੍ਰੋ. ਸੁਖਪਾਲ ਸਿੰਘ ਥਿੰਦ ਅਤੇ ਪ੍ਰੋ. ਐੱਸ. ਐੱਨ. ਸੇਵਕ ਨੇ ਪਰਚੇ ਪੜ੍ਹੇ।

ਸਨਮਾਨਿਤ ਲੇਖਕ ਅਜਾਇਬ ਚਿੱਤ੍ਰਕਾਰ ਨਾਲ ਜਾਣ-ਪਹਿਚਾਣ ਪ੍ਰਸਿੱਧ ਆਲੋਚਕ ਡਾ. ਸੁਖਵਿੰਦਰ ਸਿੰਘ ਰੰਧਾਵਾ ਨੇ ਕਰਵਾਈ।

ਡਾ. ਐੱਸ.ਐਨ. ਸੇਵਕ ਨੇ ਨੂਰ ਦੀ ਅੰਗਰੇਜ਼ੀ ਕਵਿਤਾ ਬਾਰੇ ਜਾਣ-ਪਹਿਚਾਣ ਕਰਵਾਈ। ਇਸ ਮੌਕੇ ਨਿਰੰਜਨ ਸਿੰਘ ਨੂਰ ਦੀ ਲਿਖੀ ਪੁਸਤਕ 'ਜਲਾਵਤਨ ਪੰਜਾਬ', ਜੋ ਉਨ੍ਹਾਂ ਦੇ ਅਕਾਲ ਚਲਾਣੇ ਬਾਅਦ ਛਾਪੀ ਗਈ ਅਤੇ ਮਹਾਂਬੀਰ ਸਿੰਘ ਦਰਦੀ ਦਾ ਗ਼ਜ਼ਲ ਸੰਗ੍ਰਹਿ 'ਸਵੇਰ ਆਏਗੀ' ਰੀਲੀਜ਼ ਕੀਤੀ ਗਈ। ਸਮਾਗਮ ਦੇ ਦੂਜੇ ਸ਼ੈਸ਼ਨ ਵਿੱਚ ਕਵੀ ਦਰਬਾਰ ਹੋਇਆ, ਜਿਸ ਵਿੱਚ ਨਾਮਵਰ ਕਵੀ ਸਰਦਾਰ ਪੰਛੀ, ਸੁਹਿੰਦਰਬੀਰ, ਕਮਲ ਨੇਤਰ, ਸੁਰਜੀਤ ਜੱਜ, ਰਾਮ ਸਿੰਘ ਚਾਹਲ, ਪ੍ਰੋ. ਸੁਰਿੰਦਰ ਗਿੱਲ, ਭਜਨ ਵਿਰਕ, ਰਣਜੀਤ ਰਾਣਾ, ਪ੍ਰੋ. ਕੇਵਲ ਪ੍ਰਵਾਨਾ, ਬੀਬਾ ਕੁਲਵੰਤ, ਜਗੀਰ ਸਿੰਘ ਪ੍ਰੀਤ, ਮਹਾਂਬੀਰ ਸਿੰਘ ਦਰਦੀ, ਸੁਖਮਿੰਦਰ ਰਾਮਪੁਰੀ, ਸੁਲੱਖਣ ਸਰਹੱਦੀ, ਮੱਖਣ ਕੁਹਾੜ, ਅਜਾਇਬ ਕਮਲ, ਮੁਹਿੰਦਰਦੀਪ ਗਰੇਵਾਲ, ਜਗਜੀਤ ਕੋਮਲ, ਇੰਦਰਜੀਤ ਹਸਨਪੁਰੀ, ਹਰਭਜਨ ਸਰਨਾ, ਹਰਬੰਸ ਮਾਲਵਾ, ਪ੍ਰੋ. ਬਲਬੀਰ ਸਿੰਘ ਮੋਮੀ, ਡਾ. ਐੱਸ. ਤਰਸੇਮ, ਡਾ. ਜਗਤਾਰ ਅਤੇ ਅਨੂਪ ਸਿੰਘ ਨੂਰੀ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ। ਮੰਚ ਸੰਚਾਲਨ ਪ੍ਰੋ. ਸੁਰਜੀਤ ਜੱਜ ਨੇ ਕੀਤਾ।

## ਕਰਨੈਲ ਸਿੰਘ ਪਾਰਸ ਨਾਲ ਰੂ-ਬ-ਰੂ



Sri Satguru Jagjit Singh Ji eLibrary NamdhariElibrary@gmail.com

ਜਲੰਧਰ-"....ਚੌਦਾਂ ਸਾਲ ਦੀ ਉਮਰੇ ਮਾਪੇ ਮਰ ਗਏ, ਊੜਾ ਐੜਾ ਵੀ ਨਹੀਂ ਸਾਂ ਜਾਣਦਾ। ਚਾਚੇ ਨਾਲ ਖੇਤੀ ਵਿੱਚ ਹੱਥ ਵਟਾਉਣ ਲੱਗਾ। ਚਾਚਾ ਕਪਾਹ ਦੀ ਰਾਖੀ ਭੇਜਿਆ ਕਰੇ। ਖੂੰਖਾਰ ਕੁੱਤਿਆਂ ਤੋਂ ਡਰਦਾ ਮਾਰਾ ਖੇਤ ਤੱਕ ਪਹੁੰਚ ਹੀ ਨਾ ਸਕਿਆ ਕਰਾਂ। ਛੱਪੜ ਕੰਢੇ ਟਾਹਲੀ ਹੇਠ ਬਹਿ ਜਾਇਆ ਕਰਾਂ। ਮੁੰਡੇ ਫੱਟੀਆਂ ਪੋਚਣ ਆਇਆ ਕਰਨ ਤੇ ਮੈਂ ਉਨ੍ਹਾਂ ਮੁੰਡਿਆਂ ਤੋਂ ਊੜਾ ਐੜਾ ਸਿੱਖ ਲਿਆ....ਦਾਦੀ ਨੇ ਕਿਤੋਂ ਇਕ ਰੁਪਿਆ ਉਦਾਰਾ ਲਿਆ ਕੇ ਦਿੱਤਾ ਤੇ ਇਕ ਸਾਧ ਦੇ ਡੇਰੇ ਪੜ੍ਹਨ ਲਈ ਘੱਲਿਆ ਤੇ ਮੈਂ ਕੁਝ ਦਿਨਾਂ ਵਿੱਚ ਹੀ ਪੰਜ ਗ੍ਰੰਥੀ ਪੜਨ ਜੋਗਾ ਹੋ ਗਿਆ....ਤੇ ਨਾਲ ਹੀ 'ਪਾਰਸ' ਬਣਾ ਦਿੱਤਾ ਗਿਆ।

ਪੰਜਾਬੀ ਲੇਖਕ ਸਭਾ ਜਲੰਧਰ ਵੱਲੋਂ ਰੂ-ਬ-ਰੂ ਦੌਰਾਨ ਉਪਰੋਕਤ ਸ਼ਬਦ ਕਹਿੰਦਿਆਂ ਪ੍ਰਸਿੱਧ ਕਵੀਸ਼ਰ ਕਰਨੈਲ ਸਿੰਘ 'ਪਾਰਸ' ਰਾਮੂਵਾਲੀਆ ਦੀਆਂ ਅੱਖਾਂ ਨਮ ਹੋ ਗਈਆਂ।

ਉਨ੍ਹਾਂ ਦੱਸਿਆ ਕਿ ਜੁਆਨੀ ਦੇ ਦਿਨਾਂ ਵਿੱਚ 'ਪ੍ਰੀਤ ਲੜੀ' ਪੜ੍ਹਨੀ ਸ਼ੁਰੂ ਕੀਤੀ ਤੇ ਉਸ ਅਸਰ ਸਦਕਾ 'ਪਾਰਸ' ਤੋਂ ਕੁਝ ਚਿਰ 'ਮੁਨਕਰ' ਵੀ ਬਣੇ। ਸੁਹਣੀ ਜੀਵਨ ਜਾਚ ਤੇ ਮੁਸਕਰਾਉਣਾ ਗੁਰਬਖਸ਼ ਸਿੰਘ ਦੀ ਲੇਖਣੀ ਦੇ ਹੀ ਪ੍ਰਭਾਵ ਹਨ। ਇਹ ਪੱਤਰ ਪੜ੍ਹਨ ਕਰਕੇ ਕਈ ਮੁਸ਼ਕਲਾਂ ਵੀ ਉਠਾਈਆਂ ਪਰ ਬੰਦ ਨਹੀਂ ਕੀਤਾ।

ਆਪਣੀ ਰਚਨਾ ਪ੍ਰਕਿਰਿਆ ਬਾਰੇ ਉਨ੍ਹਾਂ ਦੱਸਿਆ ਕਿ ਕਈ ਰਚਨਾਵਾਂ ਅੱਧੇ ਘੰਟੇ ਵਿੱਚ ਮੁਕੰਮਲ ਹੋ ਗਈਆਂ, ਜਦੋਂ ਕਿ ਕਈਆਂ 'ਤੇ ਛੇ-ਛੇ ਮਹੀਨੇ ਵੀ ਲੱਗ ਗਏ।

ਦੋ ਘੰਟਿਆਂ ਦੇ ਇਸ ਰੂਬਰੂ ਪ੍ਰੋਗਰਾਮ ਵਿੱਚ 'ਪਾਰਸ' ਹੁਰਾਂ ਦਾ ਜਲੌਅ ਵੇਖਣ ਹੀ ਵਾਲਾ ਸੀ। ਕਦੇ ਭਾਵੁਕ ਹੋ ਕੇ ਅੱਖਾਂ ਭਰ ਲੈਂਦੇ, ਕਦੇ ਟਿੱਚਰੀਰ ਲਹਿਜੇ 'ਚ ਗੱਲਾਂ ਕਰਦੇ-ਕਰਦੇ ਹਾਸੇ ਦੀਆਂ ਫੁੱਲਝੜੀਆਂ ਖਿਲਾਰ ਦਿੰਦੇ ਤੇ ਕਦੇ ਬੇਬਾਕੀ ਨਾਲ ਸੱਚ ਬੋਲ ਕੇ ਹੈਰਾਨ ਵੀ ਕਰ ਦਿੰਦੇ ਤੇ ਨਾਲ-ਨਾਲ ਆਪਣੀਆਂ ਤਾਜ਼ਾ ਰਚਨਾਵਾਂ ਵੀ ਸੁਣਾਈ ਜਾਂਦੇ।

ਆਪਣੇ ਜੀਵਨ ਫਲਸਫੇ ਬਾਰੇ ਉਨ੍ਹਾਂ ਕਿਹਾ ਕਿ ਮੈਂ ਯਥਾਰਥਵਾਦੀ ਹਾਂ, ਤਰਕਸ਼ੀਲ ਹਾਂ, ਨਾਸਤਕ ਹਾਂ, ਕਮਿਊਨਿਸਟ ਹਾਂ-ਮੇਰਾ ਵਹਿਮਾਂ-ਭਰਮਾਂ, ਜਾਤਾਂ-ਪਾਤਾਂ ਤੇ ਅਗਲੇ-ਪਿਛਲੇ ਜਨਮਾਂ ਵਿੱਚ ਕੋਈ ਵਿਸ਼ਵਾਸ਼ ਨਹੀਂ ਹੈ.... ੬੦ ਸਾਲ ਤੋਂ ਉਪਰ ਸਮੇਂ ਤੱਕ ਕਵੀਸ਼ਰੀ ਕੀਤੀ ਹੈ, ਪੰਜ ਰਤਨੀ ਪੀਤੀ ਹੈ, ਦੋਸਤੀਆਂ ਲਾਈਆਂ ਤੇ ਨਿਭਾਈਆਂ ਨੇ ਤੇ ਏਹੀ ਅਮਲ ਆਖਰੀ ਸਾਹਾਂ ਤੱਕ ਜਾਰੀ ਰੱਖਣਾ ਹੈ। ਪ੍ਰੋਗ੍ਰਾਮ ਦਾ ਆਗਾਜ਼ ਪ੍ਰਸਿੱਧ ਕਹਾਣੀਕਾਰ ਤੇ 'ਪਾਰਸ' ਦੇ ਪ੍ਰਸ਼ੰਸਕ ਪ੍ਰੋ. ਵਰਿਆਮ ਸਿੰਘ ਸੰਧੂ ਨੇ ਆਪਣੇ ਵਿਲੱਖਣ ਅੰਦਾਜ਼ ਵਿੱਚ ਕੀਤਾ। ਕਵੀਸ਼ਰ ਜੋਗਾ ਸਿੰਘ ਜੋਗੀ, ਕਸ਼ਮੀਰ ਸਿੰਘ ਕੋਮਲ, ਸੁਲੱਖਣ ਸਿੰਘ ਰਿਆੜ ਤੇ ਮੱਖਣ ਸਿੰਘ ਦਸਮੇਸ਼ ਨਗਰੀਏ ਨੇ 'ਮਮਤਾ ਦੀ ਮੂਰਤ ਹਨ ਹੁੰਦੀਆਂ ਮਾਵਾਂ ਠੰਢੀਆਂ ਛਾਵਾਂ' ਬੜੇ ਹੀ ਬੈਰਾਗ ਨਾਲ ਪੜ੍ਹਿਆ।

ਉਰਮਿਲਾ ਆਨੰਦ, ਜਗਜੀਤ ਸਿੰਘ ਆਨੰਦ, ਪ੍ਰੋ. ਪਿਆਰਾ ਸਿੰਘ ਭੋਗਲ, ਜਤਿੰਦਰ ਪਨੂੰ, ਪ੍ਰੋ. ਜਗੀਰ ਸਿੰਘ ਕਾਹਲੋਂ, ਪਾਰਸ ਦੀ ਜੀਵਨ ਤੇ ਰਚਨਾ ਦੇ ਲੇਖਕ ਨਿੰਦਰ ਘੁਗਿਆਣਵੀ ਨੇ ਪ੍ਰਸੰਸਾਮਈ ਸੁਰ ਵਿੱਚ ਵਿਚਾਰ ਪ੍ਰਗਟ ਕੀਤੇ।

ਪ੍ਰਧਾਨਗੀ ਜਗਦੀਸ਼ ਸਿੰਘ ਵਰਿਆਮ, ਪ੍ਰੋ. ਵਰਿਆਮ ਸਿੰਘ ਸੰਧੂ, ਜਗਜੀਤ ਸਿੰਘ ਆਨੰਦ ਤੇ ਹਰਚਰਨ ਸੰਘਿ (ਕੈਨੇਡਾ) ਨੇ ਕੀਤੀ। ਸਭਾ ਵੱਲੋਂ ਪਾਰਸ ਹੁਰਾਂ ਦਾ ਸਨਮਾਨ ਹਾਰ ਪਾ ਕੇ ਸ਼ਾਲ ਅਤੇ ਮੋਮੈਂਟੋ ਭੇਟ ਕਰਕੇ ਕੀਤਾ ਗਿਆ। ਸੁਪਨਦੀਪ ਸਿੰਘ ਸੰਧੂ ਨੇ ਨਿੰਦਰ ਘੁਗਿਆਣਵੀ ਦਾ ਸਨਮਾਨ ਕੁਝ ਮਾਇਆ ਭੇਟ ਕਰ ਕੇ ਕੀਤਾ।

ਬਾਬਾ ਭਗਤ ਸਿੰਘ ਬਿਲਗਾ, ਡਾ. ਰਜਨੀਸ਼ ਬਹਾਦਰ ਸਿੰਘ, ਪ੍ਰੋ. ਸੁਰਿੰਦਰ ਗਿੱਲ, ਕੁਲਦੀਪ ਸਿੰਘ ਬੇਦੀ, ਪ੍ਰੋ. ਅਵਤਾਰ ਜੌੜਾ, ਚਰਨ ਸੀਚੇਵਾਲਵੀ, ਪ੍ਰੋ. ਉਮਿੰਦਰ ਜੌਹਲ, ਚੈਨ ਸਿੰਘ ਚੈਨ, ਬਲਬੀਰ ਪਰਵਾਨਾ, ਦੇਸ ਰਾਜ ਕਾਲੀ ਤੇ ਮਲਕੀਅਤ ਸਿੰਘ ਦੀ ਹਾਜ਼ਰੀ ਵਾਲੇ ਇਸ ਸਮਾਗਮ ਵਿੱਚ ਅੰਤ ਤੱਕ ਵੀ ਕਿਸੇ ਦਾ ਉੱਠਣ ਨੂੰ ਜੀਅ ਨਹੀਂ ਸੀ ਕਰਦਾ।

*ਪ੍ਰੋ. ਜਗੀਰ ਸਿੰਘ ਕਾਹਲੋਂ*

## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਜਨਮ ਦਿਵਸ ਤੇ ਸੰਗੀਤ ਸਮਾਗਮ

ਸਤਿਗੁਰੂ ਜਗਜੀਤ ਸਿੰਘ ਜੀ ਬਹੁਤ ਉਚ ਧਾਰਮਿਕ ਸਖਸ਼ੀਅਤ ਹਨ ਅਤੇ ਜੀਵਨ ਦੇ ਹਰ ਪਹਿਲੂ ਤੇ ਮਾਰਗ ਦਰਸ਼ਨ ਕਰਦੇ ਹਨ ਪਰ ਸ਼ਾਸ਼ਤਰੀ ਸੰਗੀਤ ਦੇ ਖੇਤਰ ਵਿੱਚ ਉਹਨਾਂ ਦਾ ਵਿਸ਼ੇਸ਼ ਯੋਗਦਾਨ ਹੈ। ਭਾਰਤ ਅਤੇ ਵਿਦੇਸ਼ ਵਿੱਚ ਵੀ ਉਹਨਾਂ ਦੀ ਸੰਗੀਤ ਦੇ ਖੇਤਰ ਵਿੱਚ ਡੂੰਘੀ ਛਾਪ ਹੈ। ਉਹਨਾਂ ਦੇ ਨਿਰਦੇਸ਼ਨ ਵਿੱਚ ਵੱਖ-ਵੱਖ ਥਾਵਾਂ ਤੇ ਸ਼ਾਸ਼ਤਰੀ ਸੰਗੀਤ ਦੇ ਕੇਂਦਰ ਸਥਾਪਿਤ ਹਨ। ਇਸ ਕਰਕੇ ਉਹਨਾਂ ਦੇ ੮੧ਵੇਂ ਜਨਮ ਦਿਨ ਤੇ ਨਾਮਧਾਰੀ ਸੰਗੀਤ ਕੇਂਦਰ ਜਲੰਧਰ ਵਲੋਂ ਸੰਗੀਤ ਦਾ ਇਕ ਵਿਸ਼ੇਸ਼ ਸਮਾਗਮ ਨਾਮਧਾਰੀ ਧਰਮਸ਼ਾਲਾ ਸੈਂਟਰਲ ਟਾਊਨ ਜਲੰਧਰ ਵਿਖੇ ੫ ਨਵੰਬਰ ੨੦੦੦ ਐਤਵਾਰ ਨੂੰ ਕੀਤਾ ਗਿਆ, ਜਿਸ ਵਿਚ ਛੋਟੇ ਅਤੇ ਵੱਡੇ ਕਲਾਕਾਰਾਂ ਸੰਗੀਤ ਪ੍ਰੇਮੀਆਂ ਅਤੇ ਗੁਰੂ ਜੀ ਦੇ ਸ਼ਰਧਾਲੂਆਂ ਨੇ ਭਾਰੀ ਗਿਣਤੀ ਵਿੱਚ ਹਿੱਸਾ ਲਿਆ। ਪ੍ਰੋਗ੍ਰਾਮ ਸ਼ੁਰੂ ਕਰਦਿਆਂ



Sri Satguru Jagjit Singh Ji eLibrary NamdhariElibrary@gmail.com

ਨਾਮਧਾਰੀ ਦਰਬਾਰ ਦੇ ਜਨਰਲ ਸਕੱਤਰ ਸ. ਜਗਦੀਸ਼ ਸਿੰਘ ਵਰਿਆਮ ਹੁਰਾਂ ਨੇ ਆਏ ਹੋਏ ਗੁਣੀ ਜਣਾਂ ਨੂੰ ਜੀ ਆਇਆਂ ਆਖਿਆ ਤੇ ਸਤਿਗੁਰੂ ਜੀ ਦੇ ਜੀਵਨ ਵਿੱਚ ਸੰਗੀਤ ਦੀ ਮਹੱਤਤਾ ਨੂੰ ਉਜਾਗਰ ਕੀਤਾ। ਪ੍ਰੋਗ੍ਰਾਮ ਦਾ ਆਰੰਭ ਕੇਂਦਰ ਦੇ ਵਿਦਿਆਰਥੀ ਬੱਚੇ, ਆਸਾ ਸਿੰਘ, ਆਲਾ ਸਿੰਘ, ਅਵਤਾਰ ਕੌਰ ਗੁਰਰਤਨ ਸਿੰਘ ਮਖਣ ਸਿੰਘ ਬਲਵੰਤ ਸਿੰਘ ਤਜਿੰਦਰ ਸਿੰਘ ਆਤਮਾ ਸਿੰਘ ਬਸੰਤ ਸਿੰਘ ਗੁਰਚਰਨ ਸਿੰਘ ਹਰਮਹਿੰਦਰ ਸਿੰਘ ਹੁਰਾਂ ਨੇ ਧਰੁਪਦਸ਼ੈਲੀ ਵਿੱਚ ਵੱਖ-ਵੱਖ ਸਮਿਆਂ ਦੌਰਾਨ "ਹੇ ਗੋਬਿੰਦ ਹੇ ਗੋਪਾਲ ਰਾਗ ਭੋਪਾਲੀ ਵਿੱਚ ਅਤੇ 'ਮੇਰੇ ਲਾਲਨ ਕੀ ਸੋਭਾ' ਰਾਗ ਯਮਨ ਵਿੱਚ, ਪ੍ਰੋਫੈਸਰ ਕ੍ਰਿਪਾਲ ਸਿੰਘ ਅਤੇ ਪੰਡਿਤ ਰਮਾਂ ਕਾਂਤ ਜੀ ਦੇ ਨਿਰਦੇਸ਼ਨ ਹੇਠ ਗਾਉਂਦਿਆਂ ਹੋਇਆ ਸਤਿਗੁਰੂ ਜੀ ਦੇ ਚਰਨਾਂ ਵਿੱਚ ਹਾਜ਼ਰੀ ਲਗਵਾਈ। ਉਪਰੰਤ ਆਲਾ ਸਿੰਘ, ਗੁਰਰਤਨ ਸਿੰਘ ਹੁਰਾਂ ਤਬਲਾ ਸੋਲੋ ਵਾਦਕ ਦੀ ਭੂਮਿਕਾ ਨਿਭਾਈ। ਇਸ ਤੋਂ ਬਾਦ ਗੁਰਿੰਦਰ ਸਿੰਘ ਮਨੀ ਜੋ ਉਭਰਦਾ ਹੋਇਆ ਨੌਜਵਾਨ ਕਲਾਕਾਰ ਹੈ ਨੇ ਆਪਣੀ ਕਲਾ ਦਾ ਜੌਹਰ ਵਿਖਾਉਂਦੇ ਹੋਏ ਆਪਣੇ ਉਸਤਾਦ ਗੁਣੀ ਜਨਾਂ ਕੋਲੋਂ ਸਿੱਖੀ ਸਿਖਿਆ ਦਾ ਪ੍ਰਦਸ਼ਨ ਬਹੁਤ ਕੁਸ਼ਲਤਾ ਪੂਰਵਕ ਸੰਗਤ ਅੱਗੇ ਪੇਸ਼ ਕੀਤਾ। ਹਰਲੀਨ ਕੌਰ ਦੇ ਵੋਕਲ ਉਪਰੰਤ ਬਚਿਆਂ ਦੀ ਲੜੀ ਬਾਦ ਅੰਮਨਦੀਪ ਸਿੰਘ ਨੇ ਦਿਲਰੁਬਾ ਉਤੇ ਰਾਗ ਯਮਨ ਬਹੁਤ ਹੀ ਸੁਚੱਜੇ ਅਤੇ ਮਧੁਰ ਅੰਦਾਜ਼ ਵਿੱਚ ਸਰੋਤਿਆਂ ਅੱਗੇ ਪੇਸ਼ ਕੀਤਾ ਜੋ ਕਿ ਸਰਾਹਣਾ ਯੋਗ ਸੀ।

ਇਸ ਸ਼ਰਧਾਮਈ ਸ਼ਾਮ ਨੂੰ ਅਗਾਂਹ ਤੋਰਦੇ ਹੋਏ ਪ੍ਰੋਫੈਸਰ ਕ੍ਰਿਪਾਲ ਸਿੰਘ ਜੀ ਜਿਹਨਾਂ ਦੀ ਬਦੌਲਤ ਬੱਚੇ ਸੰਗੀਤ ਵਿਦਿਆ ਪ੍ਰਾਪਤ ਕਰ ਰਹੇ ਹਨ ਨੇ ਰਾਗ ਮਧੂਵੰਤੀ ਵਿਚ 'ਅਬ ਮੋਰੀ ਨਈਆ ਪਾਰ ਕਰੋ" ਅਤੇ "ਆਜ ਮੁਰਲੀ ਬਜਾਵੇ ਕਾਹਨਾਂ" ਸੁਣਾ ਕੇ ਸਰੋਤਾ ਗਣਾਂ ਨੂੰ ਮੰਤਰ ਮੁਗਧ ਕਰ ਦਿੱਤਾ ਤੇ ਉਹ ਲਿਵ ਜੋੜ ਦਿੱਤੀ ਮਨਾਂ ਅੰਦਰ ਕਿਹਾ ਜਾ ਸਕਦਾ ਹੈ ਕਿ ਇਕ ਸੰਗੀਤ ਦੀ ਮਿਠਾਸ ਭਰ ਦਿੱਤੀ। ਇਹਨਾਂ ਦੇ ਨਾਲ ਤਬਲੇ ਤੇ ਮਸ਼ਹੂਰ ਕਲਾਕਾਰ ਅਤੇ ਕੇਂਦਰ ਦੇ ਤਬਲਾ ਅਧਿਆਪਕ ਪੰਡਿਤ ਰਮਾ ਕਾਂਤ ਜੀ ਸਨ ਜਿਨ੍ਹਾਂ ਨੇ ਮਨਮੋਹਣੇ ਤਬਲਾ ਵਾਦਨ ਨਾਲ ਸਭ ਨੂੰ ਮੋਹਿਆ। ਹਰਮੋਨੀਅਮ ਤੇ ਸੰਤ ਬਲਬੀਰ ਸਿੰਘ ਜੀ ਸਨ।

ਲੜੀ ਨੂੰ ਅਖੀਰਲੇ ਦੌਰ ਵਿੱਚ ਲੈਜਾਂਦਿਆਂ ਹੋਇਆ ਉਹ ਕਲਾਕਾਰ ਜਿਸ ਦਾ ਨਾਮ ਲੈਣ ਲਗੇ ਹਰ ਕੋਈ ਫਖਰ ਮਹਿਸੂਸ ਕਰਦਾ ਪ੍ਰੋਫੈਸਰ ਵਰਿੰਦਰ ਕੁਮਾਰ ਜੀ ਜਿਨ੍ਹਾਂ ਨੇ ਸਿਤਾਰ ਤੇ ਰਾਗ ਬਗੇਸ਼ਵਰੀ (ਤੀਨ ਤਾਲ) ਸੁਣਾਇਆ ਤੇ ਅਜਿਹਾ ਰੰਗ ਸਮਾਗਮ ਵਿੱਚ ਬੰਨ ਦਿੱਤਾ ਕਿ ਪਤਾ ਹੀ ਨਹੀਂ ਸੀ ਲਗ ਰਿਹਾ ਕਿ ਸਮਾਂ ਮੁਕਣ ਵਾਲਾ ਹੈ ਮਾਨੋਂਕਿ ਇੰਜ ਮਹਿਸੂਸ ਹੋ ਰਿਹਾ ਸੀ ਕਿ ਪ੍ਰੋਗ੍ਰਾਮ ਹੁਣੇ ਹੀ ਸ਼ੁਰੂ ਹੋਇਆ ਹੈ ਮੁਕਣ ਵਾਲੀ ਗੱਲ ਹੀ ਨਹੀਂ। ਇਹਨਾਂ ਦੇ ਨਾਲ ਤਬਲੇ ਤੇ ਸੰਗਤ ਨਾਮਧਾਰੀ ਕਲਾ ਕੇਂਦਰ ਸ੍ਰੀ ਭੈਣੀ ਸਾਹਿਬ ਦੇ ਪ੍ਰਸਿੱਧ ਤਬਲਾ ਕਲਾਕਾਰ ਸ੍ਰੀ ਰਜੇਸ਼ ਮਾਲਵੀਆ ਨੇ ਬਹੁਤ ਹੀ ਪ੍ਰਭਾਵਸ਼ਾਲੀ ਅੰਦਾਜ਼ ਵਿੱਚ ਕਰਦਿਆਂ ਪ੍ਰੋਗ੍ਰਾਮ ਨੂੰ ਹੋਰ ਮਧੁਰ ਕਰ ਦਿੱਤਾ। ਪੰਜਾਬ ਦੇ ਬਜ਼ੁਰਗ ਸੰਗੀਤਕਾਰ ਪ੍ਰੋ. ਲਛਮਣ ਸਿੰਘ ਜੀ ਹੁਰਾਂ ਨੇ ਇਸ ਮੌਕੇ ਤੇ ਬੋਲਦਿਆਂ ਸਤਿਗੁਰੂ ਜੀ ਦੇ ਜਨਮ ਦਿਨ ਦੀ ਸਭ ਨੂੰ ਵਧਾਈ ਦਿੱਤੀ ਤੇ ਕਿਹਾ ਸੰਗੀਤ ਦੇ ਖੇਤਰ ਵਿਚ ਸਤਿਗੁਰੂ ਜੀ ਦੀ ਦੇਣ ਸ਼ਬਦਾਂ ਵਿੱਚ ਬਿਆਨ ਨਹੀਂ ਕੀਤੀ ਜਾ ਸਕਦੀ ਉਹਨਾਂ ਕਿਹਾ ਕਿ ਅੱਜ ਦਾ ਸਮਾਗਮ ਬਹੁਤ ਪ੍ਰਭਾਵਸ਼ਾਲੀ ਹੋਇਆ ਹੈ ਅਤੇ ਇਸ ਤਰਾਂ ਦੇ ਅਯੋਜਨ ਹੁੰਦੇ ਰਹਿਣੇ ਚਾਹੀਦੇ ਹਨ। ਇਨ੍ਹਾਂ ਤੋਂ ਇਲਾਵਾ ਉਸਤਾਦ ਹਰਭਜਨ ਸਿੰਘ ਜੀ ਸ. ਸੁਖਦੇਵ ਸਿੰਘ ਜੀ, ਮਨੂ ਸੀਨ ਡਾ. ਜੁਗਿੰਦਰ ਬਾਵਰਾ,ਸ. ਗੁਰਦਿਆਲ ਸਿੰਘ ਜੀ, ਈਸਟ ਅਫਰੀਕਾ ਨਾਮਧਾਰੀ ਸੰਗਤ ਦੇ ਸਾਬਕਾ ਪ੍ਰਧਾਨ ਸ. ਸਰਵਨ ਸਿੰਘ ਸੋਖੀ ਅਤੇ ਲੰਡਨ ਤੋਂ ਪ੍ਰਸਿੱਧ ਸੰਗੀਤਕਾਰ ਸ. ਗੁਰਬਖਸ਼ ਸਿੰਘ ਮਠਾਰੂ, ਸ੍ਰੀ ਭੈਣੀ ਸਾਹਿਬ ਕਲਾਂ ਕੇਂਦਰ ਤੋਂ ਨੌਜਵਾਨ ਰਾਗੀ ਵੀ ਆਏ ਹੋਏ ਸਨ। ਗੁਰੂ ਕਾ ਲੰਗਰ ਅਤੁਟ ਵਰਤਦਾ ਰਿਹਾ।

—ਸੁਰਿੰਦਰ ਸਿੰਘ ਛਿੰਦਾ
ਪ੍ਰਧਾਨ ਨਾਮਧਾਰੀ ਵਿਦਿਅਕ ਜਥਾ
ਜਲੰਧਰ ਸ਼ਹਿਰ

## ਸ. ਇੰਦਰ ਸਿੰਘ ਨਾਮਧਾਰੀ

ਵਰਿਆਮ ਦੇ ਇਸ ਅੰਕ ਦੇ ਛਪਣ ਜਾਣ ਵੇਲੇ ਖਬਰ ਆਈ ਹੈ ਕਿ ਨਵੇਂ ਬਣੇ ਪ੍ਰਾਂਤ ਝਾਰਖੰਡ ਵਿਚ ਸ. ਇੰਦਰ ਸਿੰਘ ਨਾਮਧਾਰੀ ਸਰਬਸੰਮਤੀ ਨਾਲ ਵਿਧਾਨ ਸਭਾ ਦੇ ਸਪੀਕਰ ਚੁਣੇ ਗਏ ਹਨ।

ਸ. ਇੰਦਰ ਸਿੰਘ ਡਾਲਟੰਨ ਗੰਜ ਵਾਲੇ ਬਿਹਾਰ ਦੀ ਰਾਜਨੀਤੀ ਵਿਚ ਪ੍ਰਮੁੱਖ ਸਥਾਨ ਰਖਦੇ ਹਨ। ਸੇਵਾ ਕਾਰਜਾਂ ਕਰ ਕੇ ਉਹ ਲੋਕਾਂ ਵਿਚ ਅਤੇ ਸਭ ਸਿਆਸੀ ਪਾਰਟੀਆਂ ਵਿਚ ਹਰਮਨ ਪਿਆਰੇ ਹਨ।

ਇਸ ਨਵੀਂ ਪਦਵੀ ਉਤੇ ਉਹਨਾਂ ਦੀ ਕਾਮਯਾਬੀ ਲਈ ਅਸੀ ਅਰਦਾਸ ਕਰਦੇ ਹਾਂ।

—ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

# ਪ੍ਰਤੀਕਿਰਿਆ

ਅਕਤੂਬਰ ਸੰਨ ੨੦੦੦ ਦਾ ਰੰਗੀਨ ਤਸਵੀਰਾਂ ਵਾਲਾ ਵਰਿਆਮ ਦਾ ਅੰਕ ਵੇਖ ਕੇ ਬੜੀ ਖੁਸ਼ੀ ਹੋਈ। ਇੰਗਲੈਂਡ ਵਿਖੇ ਵਰਿਆਮ ਦੇ ਸਿਲਵਰ ਜੁਬਲੀ ਸਾਲ ਸੰਬੰਧੀ ਹੋਏ ਸਮਾਗਮਾਂ ਦੀ ਆਪ ਜੀ ਨੂੰ ਬਹੁਤ ਬਹੁਤ ਵਧਾਈ ਹੋਵੇ।

ਫਰਵਰੀ ੨੦੦੦ ਦੇ ਵਰਿਆਮ ਦੇ ਅੰਕ ਵਿਚ ਪ੍ਰੋ. ਮਾਲਵਿੰਦਰ ਸਿੰਘ ਵੜੈਚ ਦੀ ਮਲੇਰਕੋਟਲਾ ਸਾਕੇ ਦੇ ੧੭ ਜਨਵਰੀ ੧੮੭੨ ਨੂੰ ਹੋਏ ਸ਼ਹੀਦਾਂ ਦੇ ਨਾਵਾਂ ਦੀ ਲਿਸਟ, ਮੇਰੀ ਖੋਜ ਦੇ ਮੁਤਾਬਕ ਪੂਰੀ ਠੀਕ ਨਹੀਂ ਹੈ। ਇਹ ਲਿਸਟ ਅਜੇ ਖੋਜ ਦਾ ਵਿਸ਼ਾ ਹੈ। *-ਸੂਬਾ ਸੁਰਿੰਦਰ ਕੌਰ ਖਰਲ ਰੋਪੜ*

—

ਸ. ਪ੍ਰੀਤਮ ਸਿੰਘ ਕਵੀ ਜੈਸੇ ਬਜ਼ੁਰਗ ਸਹਿਤਕਾਰ ਦੇ ਸਨਮਾਨ ਦਾ ਸਮਾਚਾਰ ਪੜਕੇ ਅਤਿਅੰਤ ਖੁਸ਼ੀ ਹੋਈ ਹੈ ਕਿ ਕਿਵੇਂ ਉਮਰ ਭਰ ਨਿਕੀਆਂ ਨਿਕੀਆਂ ਹੱਡ-ਬੀਤੀਆਂ ਤੇ ਕੁਝ ਜੱਗ-ਬੀਤੀਆ ਦੇ ਮਹਾਂਭਾਰਤ ਦੇ ਦਸ ਭਾਗ ਲਿਖਦੇ ਲਿਖਦੇ ਇਹ ੯੦ ਤਕ ਪਹੁੰਚ ਗਏ ਹਨ। ਮੈਨੂੰ ਪਤਾ ਹੈ ਕਿ ਇਨਾਂ ਵਿਚ ਅਨੇਕਾਂ ਗੁੰਮਨਾਮ ਸ਼ਰਧਾਲੂਆਂ ਦੇ ਕੇਵਲ ਨਾਮ ਹੀ ਨਹੀਂ ਆਏ ਬਲਕਿ ਉਨ੍ਹਾਂ ਦੇ ਇਖ਼ਲਾਕੀ ਗੁਣਾਂ ਦਾ ਬਖਾਨ ਇਕ ਮਹਾਂ ਸਾਗਰ ਬਣ ਗਿਆ ਹੈ ਜਿਸ ਵਿਚ ਇਸ਼ਨਾਨ ਕਰਕੇ ਆਤਮਾ ਪਵਿਤਰ ਤੇ ਸ਼ਾਂਤ ਹੁੰਦੀ ਹੈ। ਇਹ ਨਿਰੰਤਰ ਘਾਲ, ਬੜੀ ਤਪੱਸਿਆ ਤੇ ਸਾਧਨਾ ਮੰਗਦੀ ਹੈ, ਜਿਸਨੂੰ ਕਵੀ ਜੀ ਨੇ ਬੜੇ ਸਿਦਕ ਨਾਲ ਨਿਭਾਇਆ ਹੈ। 'ਨਾਮਧਾਰੀ ਦਰਬਾਰ' ਵੀ ਵਧਾਈ ਦਾ ਹੱਕਦਾਰ ਹੈ ਕਿ ਉਨ੍ਹਾਂ ਐਸੇ ਸਿਰੜੀ ਸਿਖ ਨੂੰ ਸਤਿਕਾਰ ਦੇ ਕੇ ਸੰਪ੍ਰਦਾ ਦਾ ਮਾਣ ਵਧਾਇਆ ਹੈ। 'ਵਰਿਆਮ' ਦਾ ਵੀ ਧੰਨਵਾਦ ਜਿਨਾਂ ਸਾਡੇ ਤਕ ਇਹ ਖਬਰ ਖਾਸ ਆਮ ਕੀਤੀ ਹੈ।

ਨੋਟ— ਭਾਈ ਬਾਲੇ ਦੀ ਦਾੜ੍ਹੀ ਪੰਜ ਸੌ ਸਾਲ ਕਰਕੇ ਬਹੁਤ ਵੱਡੀ ਹੋ ਗਈ ਹੈ।

—ਪਿਆਰਾ ਸਿੰਘ ਪਦਮ
ਕਲਮ ਮੰਦਰ ਲੋਇਰ ਮਾਲ ਪਟਿਆਲਾ

—

ਪਿਛਲੇ ਕੁੱਝ ਸਮੇਂ ਤੋਂ 'ਵਰਿਆਮ' ਪੜ੍ਹਦਾ ਆ ਰਿਹਾ ਹਾਂ, ਸੁਚੱਜਾ ਮੈਟਰ ਪ੍ਰਕਾਸ਼ਿਤ ਕਰਨ ਲਈ ਆਪ ਵਧਾਈ ਦੇ ਹੱਕਦਾਰ ਹੋ। ਇਹ ਪਰਚਾ ਨਾਮਧਾਰੀ ਹੁੰਦਾ ਹੋਇਆ ਵੀ ਇਕ ਸਾਹਿੱਤਕ ਪਰਚਾ ਹੈ, ਇਹ ਚੰਗੀ ਗੱਲ ਹੈ। ਕੁੱਝ ਪੰਨੇ ਕਹਾਣੀਆਂ, ਮਿੰਨੀ ਕਹਾਣੀਆਂ ਨੂੰ ਵੀ ਦੇ ਦਿਓ, ਹੋਰ ਵੀ ਚੰਗਾ ਹੋਵੇਗਾ।

—ਮਲਕੀਤ ਮੀਤ
ਮੰਡੀ ਕਲਾਂ

ਵਰਿਆਮ ਨਵੰਬਰ ੨੦੦੦ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਾਲਾ, ਮਰਦਾਨਾ ਚਿੱਤਰ ਸਹਿਤ ਪ੍ਰਾਪਤ ਹੋਇਆ। ਸੰਪਾਦਕੀ, "ਸਚ ਕੀ ਬਾਣੀ ਨਾਨਕੁ ਆਖੈ" ਧਿਆਨ ਨਾਲ ਪੜ੍ਹਿਆ ਇਸ ਦਾ ਮੂਲ ਮਕਸਦ ਆਖਰੀ ਲਾਈਨ "ਸਚੁ ਪੁਰਾਣਾ ਹੋਵੈ ਨਾਹੀ, ਸੀਤਾ ਕਦੈ ਨ ਪਾਟੈ" ਹੈ। ਪਰ ਜਾਣਦੇ ਜੇ ਸੱਚ ਇੰਨੀ ਕੜਵੀ ਵਸਤੂ ਹੈ ਤੇ ਸੁਣਨ ਲੱਗਿਆਂ ਵਿਅਕਤੀ ਦੇ ਕੰਨ ਪਾੜ ਜਾਂਦੇ ਹਨ ਤੇ ਹਿਰਦਾ ਲੀਰੋ ਲੀਰ ਹੋ ਜਾਂਦਾ ਹੈ। ਅੱਜ ਦੇ ਯੁਗ ਵਿੱਚ ਵੱਡੇ ਤੋਂ ਵੱਡਾ ਵਿਅਕਤੀ ਸੱਚ ਸੁਣਨ ਨੂੰ ਤਿਆਰ ਨਹੀਂ। ਹਾਂ! ਮੇਰੇ ਤੁੱਛ ਵਿਚਾਰਾਂ ਅਨੁਸਾਰ ਜੋ ਸੱਚ ਸੁਣ ਕੇ ਤੜਪੇਗਾ ਨਹੀਂ ਉਹ ਯੁਗ-ਪੁਰਸ਼ ਅਖਵਾਉਣ ਦੇ ਤੁੱਲ ਹੈ। ਤੇ ਉਹ ਸ਼ਾਇਦ ਗੁੱਸੇ ਵਿੱਚ ਫੇਰ ਗੁਰੂ ਨਾਨਕ ਸਾਹਿਬ ਦੇ ਵਿਚਾਰ ਗੁਣਗੁਣਾਉਣ ਲਗ ਤੁਰੇ 'ਕੂੜ ਬੋਲਿ ਮੁਰਦਾਰੁ ਖਾਇ"।

ਮੈਨੂੰ ਜਾਪਦਾ ਇੰਜ ਹੈ ਕਿ ਇਹ ਸੰਪਾਦਕੀ ਆਪ ਨੇ ਵੀ ਅੱਜ ਦੇ ਸਮਾਜ ਦੀ ਗੰਦਗੀ 'ਤੇ ਗੁੱਸਾ ਖਾ ਕੇ ਲਿਖਿਆ ਹੈ। ਬਹਾਨਾ ਭਾਵੇਂ ਗੁਰੂ ਸਾਹਿਬ ਦੇ ਜਨਮ ਦਿਨ ਦਾ ਲਿਆ ਹੈ। ਪਰ ਅੱਜ ਜਾਪਦਾ ਇੰਜ ਹੈ ਕਿ ਝੂਠੇ, ਬੇਈਮਾਨ, ਚੋਰ, ਡਾਕੂ, ਧੋਖੇਬਾਜ਼ ਅੰਦਰੋਂ ਹੋਰ ਤੇ ਬਾਹਰੋਂ ਹੋਰ ਦੀ ਨੀਤੀ ਵਿਚ ਗੜੁੱਚੇ ਸਮਾਜ ਤੋਂ ਅੱਖਾਂ ਨਹੀਂ ਮੀਚ ਸਕੇ।

ਦੂਜਾ ਹਰ ਮਨੁੱਖ ਜਿਹੜਾ ਕਿ ਬੁੱਧੀ ਰਖਦਾ ਹੈ ਉਹਦੇ ਜ਼ਿਹਨ ਵਿੱਚ ਹੋਣਾ ਚਾਹੀਦਾ ਹੈ ਕਿ ਅਸੀਂ ਜਿੰਨੀਆਂ ਵੀ ਕਲਾਸਾਂ ਪੜ੍ਹ ਕੇ ਡਿਗਰੀਆਂ ਹਾਸਲ ਕਰਦੇ ਹਾਂ। ਉਹ ਪੜ੍ਹਾਉਣ ਵਾਲੇ ਟੀਚਰਾਂ ਤੋਂ ਹੀ ਕੋਰਸ ਸਮਝਕੇ ਸਫਲਤਾ ਪ੍ਰਾਪਤ ਕਰਦੇ ਹਾਂ!

ਸੋ ਆਫ਼ਰੀਨ ਹੈ ਆਪ ਦੇ ਜੋ ਆਪਜੀ ਨੇ ਗੁਰੂ ਨਾਨਕ ਸਾਹਿਬ ਦੇ ਜਨਮ ਦੀ ਓਟ ਲੈ ਕੇ ਅੱਜ ਦੇ ਸਮਾਜ ਦੀ ਗੰਦਗੀ ਤੇ ਝੂਠ ਫਰੇਬ ਆਦਿ 'ਤੇ ਕਟਾਖਸ਼ ਕੀਤਾ ਹੈ। ਸੋ ਇਹ ਵਿਚਾਰ ਆਪਦੇ ਬਹੁਤ ਸੁੰਦਰ ਤੇ ਮਨਮੋਹਨੇ ਹਨ ਮੇਰੇ ਵਰਗਿਆਂ ਲਈ ਜਾਂ ਉਹਨਾਂ ਲੋਕਾਂ ਲਈ ਜਿਹੜੇ ਸੱਚ ਤੇ ਪਹਿਰਾ ਦੇਣ ਲਈ ਪ੍ਰਭੂ ਤੋਂ ਤਾਕਤ ਮੰਗਦੇ ਹਨ।

ਦੂਸਰੀ ਆਪ ਜੀ ਦੀ 'ਵਰਧਾ ਯਾਤਰਾ" ਜੋ ਆਪ ਜੀ ਨੇ ਵਿਸਥਾਰ ਪੂਰਵਕ ਲਿਖੀ ਹੈ ਉਹ ਇਸ ਤਰ੍ਹਾਂ ਹੀ ਪਾਠਕ ਨੂੰ ਤੁਹਾਡੇ ਨਾਲ ਨਾਲ ਲਈ ਫਿਰਦੀ ਹੈ ਜਿਵੇਂ ਪਾਠਕ ਨੂੰ ਆਪਦਾ ਸਰਵ-ਧਰਮ ਸੰਮੇਲਨ ਜਿਹੜਾ ਕਿ ਆਪ ਨੇ ਵਿਦੇਸ਼ ਵਿਚ ਵਿਚਰਨ ਤੋਂ ਬਾਅਦ ਲਿਖਿਆ ਸੀ। ਆਪਦੀ ਇਹ ਖੂਬੀ ਲਿਖਣ ਲੱਗਿਆਂ ਜਿੱਥੇ ਆਪ ਪਾਠਕ ਨੂੰ ਨਾਲ ਲੈ ਜਾਣਾ ਲਿਖਣ ਕਲਾ ਦਾ ਇਕ ਸਰਵੋਤਮ ਗੁਣ ਹੈ। ਇਸ ਰਚਨਾ ਵਿੱਚ ਵੀ ਜਾਪਦਾ ਇੰਜ ਹੈ ਕਿ ਅਸੀਂ ਰਚਨਾ ਨੂੰ ਪੜ੍ਹਨ ਵਾਲੇ ਪਾਠਕ ਵੀ ਆਪ ਜੀ ਦੇ ਨਾਲ ਹੀ ਘੁੰਮ ਰਹੇ ਹਾਂ।

—ਕ੍ਰਿਸ਼ਨ ਲਾਲ ਪਰਵਾਨਾ
੭-ਕਨਾਟ ਸਰਕਸ,
ਸਾਹਮਣੇ ਪੰਜਾਬ ਕੇਸਰੀ ਬਿਲਡਿੰਗ, ਜਲੰਧਰ



Sri Satguru Jagjit Singh Ji eLibrary NamdhariElibrary@gmail.com

*Our Motto : Best Quality of the Day*

# *High Class Gun Manufacturers*

## Single & Double Barrels



# 12-Bore GUNS

# Free India Gun Manufacturers

**Prop. S. KARTAR SINGH (Jammu-Wale)**

6, Industrial Estate, Ashok Nagar,
JAMMU CANTT-3
Ph. : 433810

*Sister Concern :*

**M/S. KARTAR SINGH**
**ARMS & AMMUNITION DEALERS**



Sri Satguru Jagjit Singh Ji eLibrary NamdhariElibrary@gmail.com

Gram : 'SNIPER' Hello : 431367

*Reputed Manufacturers of :*

**Superior Quality**

**SINGLE BARREL**

&

**DOUBLE BARREL**

**B. L. — 12 BORE**

**GUNS**

**MODERN GUN WORKS**

OPP. INDUSTRIAL ESTATE,

JAMMU CANTT.



Sri Satguru Jagjit Singh Ji eLibrary NamdhariElibrary@gmail.com

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



## ਗੁਰਦਿਆਲ ਸਿੰਘ ਐਂਡ ਸਨਜ਼

ਫਗਵਾੜਾ ਗੇਟ, ਜਲੰਧਰ ਫੋਨ : ੫੯੮੬੯

---

ਹਰ ਪ੍ਰਕਾਰ ਦੀਆਂ ਚੁਗਾਠਾਂ ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖਸ਼ ਕੰਮ ਵਾਸਤੇ
ਦਰਸ਼ਨ ਦਿਓ

## ਬਚਨ ਸਿੰਘ ਐਂਡ ਸਨਜ਼

ਨਿਊ ਟਿੰਬਰ ਮਾਰਕੀਟ.
ਇਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ. ੨੩੨੯੯੦

---

ਬਜ਼ਾਰ ਨਾਲੋਂ ਸਸਤੀ ਅਤੇ ਵਧੀਆ ਕਿਸਮ ਦੀ ਲੱਕੜ
ਆਸਾਮ ਸਾਗਵਾਨ, ਚਾਂਪ, ਦਿਓਦਾਰ, ਕੈਲ, ਪੜਤਲ,
ਚੀਲ ਆਦਿ ਵੇਚਣ ਵਾਲੇ

## ਦਲੀਪ ਸਿੰਘ ਪੂਰਨ ਸਿੰਘ ਸੱਗੂ

(ਟਿੰਬਰ ਮਰਚੈਂਟਸ)

**Dalip Singh Puran Singh Saggu**

*(Timber Merchants)*

ਪੁਰਾਣੀ ਰੇਲਵੇ ਰੋਡ, ਜਲੰਧਰ ਸ਼ਹਿਰ
Ph. : 58795, 59056
Mobile Ph.: 9814060489 Pager 96124089

---

## JANTA
## HYDRAULIC PRESSES



**JANTA ENGG. WORKS**
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING

---

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰੱਖੋ
ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਅਤੇ ਲੱਕੜੀ ਦਾ
ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

## ਹਰਭਜਨ ਵੁੱਡ ਵਰਕਸ

ਇਕਹਿਰੀ ਪੁਲੀ, ਜਲੰਧਰ-੧੪੪੦੦੪
ਫੋਨ- ੨੩੮੭੮੪

---

ਹਰ ਕਿਸਮ ਦੀ ਲੱਕੜ ਖਰੀਦਣ ਵਾਸਤੇ ਅਤੇ ਚੁਗਾਠਾਂ,
ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਬਣਵਾਉਣ ਲਈ ਅਤੇ
ਵਧੀਆ ਕਿਸਮ ਦਾ ਇਮਾਰਤੀ ਸਾਮਾਨ ਖਰੀਦਣ ਲਈ

## ਹਜ਼ੂਰ ਸਿੰਘ ਐਂਡ ਸਨਜ਼

(ਪਾਰਟਨਰ ਹਜ਼ੂਰ ਸਿੰਘ ਜਸਬੀਰ ਸਿੰਘ)
ਇਕਹਿਰੀ ਪੁਲੀ, ਜਲੰਧਰ ਸ਼ਹਿਰ

*ਵਾਲਿਆਂ ਦੀ ਦੁਕਾਨ ਤੇ ਦਰਸ਼ਨ ਦਿਓ ਤੇ ਲਾਭ ਉਠਾਓ*



Sri Satguru Jagjit Singh Ji eLibrary NamdhariElibrary@gmail.com




Sri Satguru Jagjit Singh Ji eLibrary NamdhariElibrary@gmail.com

**Registered No. PB/1017/2000** **MONTHLY WARIAM** Ladowali Road, Jalandhar-144 001
Registered with the Registrar of News Papers for India No. 26453/75 **December 2000**

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

**ਵਧੀਆ, ਦਿਲਕਸ਼ ਵੰਨ ਸੁਵੰਨੇ ਡੀਜ਼ਾਇਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ ਫਰਨੀਚਰ ਲਈ ਪਧਾਰੋ ਜਾਂ ਲਿਖੋ**

# ਨਾਮਧਾਰੀ ਏਜੰਸੀਜ਼

੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ, ਚਾਂਦਨੀ ਚੌਂਕ, ਦਿੱਲੀ-੧੧੦੦੦੬

Manufacturers & Suppliers of :

**TUKRIDAR PRINTED SHAMIANAS & KANATS IN ATTRACTIVE AND GUARNTEED FAST COLOURS, WOODEN & STEEL FURNITURE & PADESTAL FANS ETC.**

*Please Contact :*

**Office : 2968411, 2961345 Resi : 6845441**

# NAMDHARI AGENCIES

2/2068,CHAH ANDARA, (BEHIND JUBILEE CINEMA)
CHANDNI CHOWK, DELHI–110006

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫ਼ਤਰ ਵਰਿਆਮ ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ। ਫੋਨ : 222543, ਨਿਵਾਸ 56289

Sri Satguru Jagjit Singh Ji eLibrary NamdhariElibrary@gmail.com